New Location
Punjab Insurance Agency Inc.
Super Visa Insurance
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਕਿਸੇ ਪ੍ਰਕਾਰ ਦੀ ਵੀ ਇੰਸ਼ੋਰੈਂਸ ਸਬੰਧੀ ਜਾਣਕਾਰੀ ਲਵੋ।
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਵੀ ਫੋਨ ਕਰ ਸਕਦੇ ਹੋ।
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.



ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
Funded by the Government of Canada | Financé par le gouvernement du Canada | Canada
SINCE : 2007
: www.thepunjabtimes.ca
: canadianpunjabtimes@gmail.com
Vol - 20 2 - January, 2025 ੧੯ ਪੋਹ ਨਾਨਕਸ਼ਾਹੀ ਸੰਮਤ ੫੫੬ Ph.: 604-338-7310 FAX : 604-572-3638 /canadianpunjabtimes

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar
(Pasla)
604-597-0991
778-895-7444
1-800-732-0519
icc.accounting@yahoo.ca
www.iccaccounting.com
8740 - 140A St., Surrey, BC V3W 0M4



# ਬੀ.ਸੀ. ’ਚ ਸਿਹਤ ਸੇਵਾਵਾਂ ’ਤੇ ਸੰਕਟ ਦੇ ਬੱਦਲ, ਪੈਰਾਮੈਡਿਕਸ ਯੂਨੀਅਨ ਵੱਲੋਂ ਹੜ੍ਹਤਾਲ ਦੀ ਚੇਤਾਵਨੀ




ਸਰੀ, (ਦਿਵਰੂਪ ਕੌਰ): ਸੂਬੇ ਭਰ ਦੇ ਹਜ਼ਾਰਾਂ ਸਿਹਤ ਸੇਵਾਵਾਂ ਨਾਲ ਸਬੰਧਤ ਪੈਰਾਮੈਡਿਕਸ, ਡਿਸਪੈਚਰਾਂ ਅਤੇ ਫੋਨ ਸੁਨਣ ਵਾਲਿਆਂ ਦੀ ਪ੍ਰਤੀਨਿਧਤਾ ਕਰਨ ਵਾਲੀ ਯੂਨੀਅਨ ਨੇ ਚੇਤਾਵਨੀ ਦਿੱਤੀ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਐਂਬੂਲੈਂਸ ਸੇਵਾਵਾਂ ਠੱਪ ਹੋ ਸਕਦੀਆਂ ਹਨ। ‘ਐਂਬੂਲੈਂਸ ਪੈਰਾਮੈਡਿਕਸ ਆਫ ਬ੍ਰਿਟਿਸ਼ ਕੋਲੰਬੀਆ’ (APBC) ਅਨੁਸਾਰ, ਕ੍ਰਿਸਮਸ ਤੋਂ ਠੀਕ ਪਹਿਲਾਂ ਰੁਜ਼ਗਾਰਦਾਤਾ ਨਾਲ ਚੱਲ ਰਹੀ ਕੰਟਰੈਕਟ ਵਾਰਤਾ ਬਿਨਾਂ ਕਿਸੇ ਨਤੀਜੇ ਦੇ ਟੁੱਟ ਗਈ ਹੈ, ਜਿਸ ਕਾਰਨ ਹੁਣ ਹੜਤਾਲ ਵਰਗੇ ਸੱਖ਼ਤ ਕਦਮ ਚੁੱਕਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਬੀ.ਸੀ. ਸੂਬੇ ਵਿੱਚ ਐਮਰਜੈਂਸੀ ਸੇਵਾਵਾਂ ਦੇਣ ਵਾਲੇ ਕਰਮਚਾਰੀਆਂ ਅਤੇ ਸਰਕਾਰ ਵਿਚਾਲੇ ਟਕਰਾਅ ਵਧਦਾ ਜਾ ਰਿਹਾ ਹੈ। ਯੂਨੀਅਨ ਨੇ ਇੱਕ ਅਧਿਕਾਰਤ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਉਹ ਸਤੰਬਰ ਮਹੀਨੇ ਤੋਂ ਆਪਣੇ ਰੁਜ਼ਗਾਰਦਾਤਾ, ‘ਬੀ.ਸੀ. ਐਮਰਜੈਂਸੀ ਹੈਲਥ ਸਰਵਿਸਿਜ਼’ (BCEHS) ਨਾਲ ਨਵੇਂ ਸਮੂਹਿਕ ਸਮਝੌਤੇ ਲਈ ਗੱਲਬਾਤ ਕਰ ਰਹੇ ਸਨ। ਪਰ ਲੰਬੇ ਸਮੇਂ ਦੀ ਚਰਚਾ ਦੇ ਬਾਵਜੂਦ, ਕ੍ਰਿਸਮਸ ਦੀਆਂ ਛੁੱਟੀਆਂ ਤੋਂ ਪਹਿਲਾਂ ਇਹ ਗੱਲਬਾਤ ਕਿਸੇ ਸਿਰੇ ਨਹੀਂ ਲੱਗ ਸਕੀ। ਹੁਣ ਯੂਨੀਅਨ ਨੇ ਆਪਣੇ ਹਜ਼ਾਰਾਂ ਮੈਂਬਰਾਂ ਨਾਲ ਸਲਾਹ-ਮਸ਼ਵਰਾ ਕਰਨਾ ਸ਼ੁਰੂ ਕਰ ਦਿੱਤਾ ਹੈ ਤਾਂ ਜੋ ‘ਜੌਬ ਐਕਸ਼ਨ’ ਜਾਂ ਹੜਤਾਲ ਵਰਗੇ ਕਦਮਾਂ ਬਾਰੇ ਅੰਤਿਮ ਫੈਸਲਾ ਲਿਆ ਜਾ ਸਕੇ। ਜੇਕਰ ਇਹ ਹੜਤਾਲ ਹੁੰਦੀ ਹੈ, ਤਾਂ ਇਸ ਦਾ ਸਿੱਧਾ ਅਸਰ ਸੂਬੇ ਦੀਆਂ ਐਮਰਜੈਂਸੀ ਐਂਬੂਲੈਂਸ ਸੇਵਾਵਾਂ ‘ਤੇ ਪਵੇਗਾ, ਜੋ ਪਹਿਲਾਂ ਹੀ ਕਈ ਚੁਣੌਤੀਆਂ ਨਾਲ ਜੂਝ ਰਹੀਆਂ ਹਨ। ਯੂਨੀਅਨ ਦੇ ਪ੍ਰਧਾਨ ਅਤੇ ਮੁੱਖ ਵਾਰਤਾਕਾਰ ਜੇਸਨ ਜੈਕਸਨ ਨੇ ਸਪੱਸ਼ਟ ਕੀਤਾ ਹੈ ਕਿ ਉਹ ਅਜਿਹੀ ਸਥਿਤੀ ਨਹੀਂ ਚਾਹੁੰਦੇ ਸਨ, ਪਰ ਕਰਮਚਾਰੀਆਂ ਦੇ ਹਿੱਤਾਂ ਦੀ ਰਾਖੀ ਲਈ ਉਨ੍ਹਾਂ ਕੋਲ ਹੋਰ ਕੋਈ ਚਾਰਾ ਨਹੀਂ ਬਚਿਆ। ਸਭ ਤੋਂ ਅਹਿਮ ਮੁੱਦਾ ਫਰੰਟ ਲਾਈਨ ਕਰਮਚਾਰੀਆਂ ਦੀ ਮਾਨਸਿਕ ਸਿਹਤ ਦਾ ਹੈ, ਜਿਸ ਲਈ ਯੂਨੀਅਨ ਵੱਧ ਸਹੂਲਤਾਂ ਅਤੇ ਸਹਿਯੋਗ ਦੀ ਮੰਗ ਕਰ ਰਹੀ ਹੈ। ਜੇਸਨ ਜੈਕਸਨ ਅਨੁਸਾਰ, ਜੇਕਰ ਸਰਕਾਰ ਤਨਖਾਹਾਂ, ਭੱਤਿਆਂ ਅਤੇ ਕਰਮਚਾਰੀਆਂ ਦੀ ਭਲਾਈ ਦੇ ਮੁੱਦਿਆਂ ‘ਤੇ ਸਾਰਥਕ ਸੁਧਾਰ ਨਹੀਂ ਕਰਦੀ, ਤਾਂ ਸੂਬਾ ਲਗਾਤਾਰ ਆਪਣੇ ਹੁਨਰਮੰਦ ਪੈਰਾਮੈਡਿਕਸ ਅਤੇ ਡਿਸਪੈਚਰਾਂ ਨੂੰ ਗੁਆਉਂਦਾ ਰਹੇਗਾ। ਉਨ੍ਹਾਂ ਚਿਤਾਵਨੀ ਦਿੱਤੀ ਕਿ ਪੇਸ਼ੇਵਰਾਂ ਦੀ ਇਸ ਘਾਟ ਦਾ ਖ਼ਮਿਆਜ਼ਾ ਆਮ ਲੋਕਾਂ ਅਤੇ ਭਾਈਚਾਰਿਆਂ ਨੂੰ ਭੁਗਤਣਾ ਪਵੇਗਾ। ਜੈਕਸਨ ਨੇ ਕਿਹਾ, “ਅਸੀਂ ਰੁਜ਼ਗਾਰਦਾਤਾ ਨੂੰ ਵਾਪਸ ਗੱਲਬਾਤ ਦੀ ਮੇਜ਼ ‘ਤੇ ਲਿਆਉਣ ਲਈ ਜੋ ਵੀ ਜ਼ਰੂਰੀ ਹੋਇਆ, ਉਹ ਕਰਾਂਗੇ। ਜੇ ਲੋੜ ਪਈ ਤਾਂ ਅਸੀਂ ਇੱਕ ਨਿਰਪੱਖ ਸਮਝੌਤੇ ‘ਤੇ ਪਹੁੰਚਣ ਲਈ ਵਿਚੋਲਗੀ (Mediation) ਦਾ ਸਹਾਰਾ

◆ ਬਾਕੀ ਸਫ਼ਾ 7 ’ਤੇ

# CRA ਦੀ ਸਖ਼ਤ ਚੇਤਾਵਨੀ: ਗਲਤ ਤਰੀਕੇ ਨਾਲ ਲਏ ਕੋਵਿਡ ਫੰਡ ਵਾਪਸ ਨਾ ਕਰਨ ਵਾਲਿਆਂ ਵਿਰੁੱਧ ਹੋਵੇਗੀ ਕਾਨੂੰਨੀ ਕਾਰਵਾਈ

## 1.4 ਮਿਲੀਅਨ ਲੋਕਾਂ ਨੇ ਹੁਣ ਤੱਕ ਮੋੜੇ 3.3 ਬਿਲੀਅਨ ਡਾਲਰ, 10 ਬਿਲੀਅਨ ਡਾਲਰ ਤੋਂ ਵੱਧ ਦੀ ਵਸੂਲੀ ਅਜੇ ਵੀ ਬਾਕੀ

ਸਰੀ, (ਦਿਵਰੂਪ ਕੌਰ): ਕੈਨੇਡਾ ਰੈਵੇਨਿਊ ਏਜੰਸੀ (CRA) ਨੇ ਇੱਕ ਅਹਿਮ ਖੁਲਾਸਾ ਕਰਦਿਆਂ ਦੱਸਿਆ ਹੈ ਕਿ ਕੋਵਿਡ-19 ਮਹਾਮਾਰੀ ਦੌਰਾਨ ਵੰਡੇ ਗਏ ਲਾਭਾਂ ਵਿੱਚੋਂ ਸਰਕਾਰ ਨੇ ਅਜੇ ਵੀ 10.35 ਬਿਲੀਅਨ ਡਾਲਰ ਦੀ ਵੱਡੀ ਰਕਮ ਵਾਪਸ ਲੈਣੀ ਹੈ। ਏਜੰਸੀ ਦੀ ਬੁਲਾਰਾ ਨੀਨਾ ਆਇਓਸੁਪੋਵਾ ਨੇ ਤਾਜ਼ਾ ਅੰਕੜੇ ਸਾਂਝੇ ਕਰਦਿਆਂ ਦੱਸਿਆ ਕਿ 30 ਨਵੰਬਰ ਤੱਕ ਕੈਨੇਡੀਅਨ ਨਾਗਰਿਕਾਂ ਨੂੰ ਕੁੱਲ 83.5 ਬਿਲੀਅਨ ਡਾਲਰ ਦੇ ਕੋਵਿਡ ਲਾਭ ਦਿੱਤੇ ਗਏ ਸਨ, ਜਿਸ ਵਿੱਚ ਸਭ ਤੋਂ ਵੱਡਾ ਹਿੱਸਾ ‘ਕੈਨੇਡਾ ਐਮਰਜੈਂਸੀ ਰਿਸਪਾਂਸ ਬੈਨੀਫਿਟ’ (CERB) ਦਾ ਸੀ, ਜਿਸ ਰਾਹੀਂ 45.3 ਬਿਲੀਅਨ ਡਾਲਰ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ ਸੀ।




ਕੈਨੇਡਾ ਰੈਵੇਨਿਊ ਏਜੰਸੀ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਮਹਾਮਾਰੀ ਦੌਰਾਨ ਦਿੱਤੀ ਗਈ ਵਿੱਤੀ ਸਹਾਇਤਾ ਦੀ ਵਸੂਲੀ ਕਰਨਾ ਹੁਣ ਸਰਕਾਰ ਲਈ ਇੱਕ ਵੱਡੀ ਚੁਣੌਤੀ ਬਣ ਗਿਆ ਹੈ। ਏਜੰਸੀ ਦਾ ਕਹਿਣਾ ਹੈ ਕਿ ਇਹ ਬਕਾਇਆ ਰਕਮ ਉਨ੍ਹਾਂ ਮਾਮਲਿਆਂ ਨਾਲ ਸਬੰਧਤ ਹੈ ਜਿੱਥੇ ਲੋਕਾਂ ਨੂੰ ਲੋੜ ਤੋਂ ਵੱਧ ਭੁਗਤਾਨ ਕਰ ਦਿੱਤਾ ਗਿਆ ਸੀ ਜਾਂ ਫਿਰ ਉਨ੍ਹਾਂ ਵਿਅਕਤੀਆਂ ਨੇ ਇਹ ਲਾਭ ਪ੍ਰਾਪਤ ਕੀਤੇ ਸਨ ਜੋ ਨਿਯਮਾਂ ਅਨੁਸਾਰ ਇਸ ਦੇ ਯੋਗ ਨਹੀਂ ਸਨ। ਇਸ ਵਿੱਤੀ ਗੜਬੜੀ ਨੂੰ ਸੁਧਾਰਨ ਲਈ ਸੀ.ਆਰ.ਏ. ਨੇ ਸਾਲ 2023 ਤੋਂ ਹੀ ਉਨ੍ਹਾਂ ਵਿਅਕਤੀਆਂ ਨੂੰ ਰਿਕਵਰੀ ਪੱਤਰ ਭੇਜਣੇ ਸ਼ੁਰੂ ਕਰ ਦਿੱਤੇ ਸਨ, ਜਿਨ੍ਹਾਂ ਸਿਰ ਕੋਵਿਡ ਲਾਭਾਂ ਨਾਲ ਸਬੰਧਤ ਕਰਜ਼ਾ ਬਾਕੀ ਹੈ।

ਨੀਨਾ ਆਇਓਸੁਪੋਵਾ ਅਨੁਸਾਰ, ਹੁਣ ਤੱਕ ਦੀ ਵਸੂਲੀ ਪ੍ਰਕਿਰਿਆ ਦੌਰਾਨ ਕੁਝ ਹਾਂ-ਪੱਖੀ ਨਤੀਜੇ ਵੀ ਸਾਹਮਣੇ ਆਏ ਹਨ। 30 ਨਵੰਬਰ ਤੱਕ ਦੇ ਅੰਕੜਿਆਂ ਮੁਤਾਬਕ ਲਗਭਗ 14 ਲੱਖ (1.4 ਮਿਲੀਅਨ) ਲੋਕਾਂ ਨੇ ਆਪਣੀ ਜ਼ਿੰਮੇਵਾਰੀ ਸਮਝਦਿਆਂ ਤਕਰੀਬਨ 3.3 ਬਿਲੀਅਨ ਡਾਲਰ ਦੀ ਰਕਮ ਸਰਕਾਰੀ ਖ਼ਜ਼ਾਨੇ ਵਿੱਚ ਵਾਪਸ ਜਮ੍ਹਾਂ ਕਰਵਾ ਦਿੱਤੀ ਹੈ। ਹਾਲਾਂਕਿ, ਇਹ ਰਕਮ ਕੁੱਲ ਬਕਾਏ ਦਾ ਮਹਿਜ਼ ਇੱਕ ਛੋਟਾ ਹਿੱਸਾ ਹੈ ਅਤੇ 10.35 ਬਿਲੀਅਨ ਡਾਲਰ ਦੀ ਇੱਕ ਵੱਡੀ ਰਾਸ਼ੀ ਅਜੇ ਵੀ ਲੋਕਾਂ ਵੱਲ ਖੜ੍ਹੀ ਹੈ, ਜਿਸ ਨੂੰ ਵਾਪਸ ਲੈਣ ਲਈ ਏਜੰਸੀ ਲਗਾਤਾਰ ਯਤਨਸ਼ੀਲ ਹੈ।

ਸੀ.ਆਰ.ਏ. ਨੇ ਸਪੱਸ਼ਟ ਕੀਤਾ ਹੈ ਕਿ

◆ ਬਾਕੀ ਸਫ਼ਾ 7 ’ਤੇ

SARABHA
TRUCK REPAIR SERVICES LTD.
HEAVY DUTY TRUCK PARTS
GOVERNMENT APPROVED FACILITY
AMRIT GREWAL : 604-600-5835
JAS : 604-916-5835
SUKH : 778-241-5835
19770 98 Ave, Langley, BC

CityMed Pharmacy
Your Partner in Health
Our Services :-
ਦਵਾਈਆਂ ਦੀ ਸੌਖੀ ਪੈਕਿੰਗ, ਖਾਸ ਤੌਰ 'ਤੇ ਤਿਆਰ ਕੀਤੀਆਂ ਦਵਾਈਆਂ
ਸਫ਼ਰ ਲਈ ਟੀਕੇ, ਘਰ ਵਿੱਚ ਸਿਹਤ ਦੀ ਨਿਗਰਾਨੀ
ਸਭ ਤੋਂ ਵਧੀਆ ਰੇਟ, ਦਵਾਈਆਂ ਦੀ ਮੁਫ਼ਤ ਡਿਲੀਵਰੀ
ਤੁਸੀਂ ਸਾਡੇ ਕੋਲੋਂ ਫਲੂ ਸ਼ਾਟ ਵੀ ਲਗਵਾ ਸਕਦੇ ਹੋ।
2 Locations : Surrey & White Rock
107 - 14818 60 Ave, Surrey BC, V3S 0B5
604-593-8866
4 - 1493, Foster St, White Rock B.C., V4B 0C4
604-385-1490
www.citymedhealth.ca

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਜ਼ਰੂਰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਵੀ ਘੱਟ ਰੇਟ 'ਤੇ ਕਰਦੇ ਹਾਂ।
Helping You Unlock Your Dream Home
Amarpal Singh
Mortgage Advisor
✔ First-time home buyers
✔ Mortgage renewals
✔ Refinancing solutions
✔ Construction mortgage
✔ Purchase or Refinance
Call : 604.338.7310
CENTUM MORTGAGE



KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com



Space Available for Advertisement
Call
604-338-7310



Keep Smiling Denture Clinic
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ
ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

100 ਮਾਈਲ ਹਾਊਸ 'ਚ ਸਿਹਤ ਸੇਵਾਵਾਂ ਦਾ ਸੰਕਟ ਗਹਿਰਾਇਆ

# ਛੁੱਟੀਆਂ ਦੌਰਾਨ ਐਮਰਜੈਂਸੀ ਵਾਰਡ ਬੰਦ ਹੋਣ ਕਾਰਨ ਲੋਕਾਂ ਦੀ ਜਾਨ ਨੂੰ ਖ਼ਤਰਾ ਬਣਿਆ

ਜਨਵਰੀ ਵਿੱਚ ਵੀ ਜਾਰੀ ਰਹਿ ਸਕਦਾ ਹੈ 100 ਮਾਈਲ ਹਾਊਸ ਹਸਪਤਾਲ ਵਿੱਚ ਬੰਦ ਦਾ ਸਿਲਸਿਲਾ

ਸਰੀ, (ਦਿਵਰੂਪ ਕੌਰ): ਸਥਾਨਕ ਸਿਆਸਤਦਾਨਾਂ ਅਤੇ ਇੰਟੀਰੀਅਰ ਹੈਲਥ (IH) ਦੇ ਅਧਿਕਾਰੀਆਂ ਨੇ ਮੰਨਿਆ ਹੈ ਕਿ ਮੌਜੂਦਾ ਢਾਂਚੇ ਵਿੱਚ ਬਦਲਾਅ ਦੀ ਸਖ਼ਤ ਲੋੜ ਹੈ। ਥੌਮਸਨ-ਕੈਰੀਬੂ-ਰੂਰਲ ਲਈ ਕਲੀਨਿਕਲ ਓਪਰੇਸ਼ਨਜ਼ ਦੀ ਕਾਰਜਕਾਰੀ ਨਿਰਦੇਸ਼ਕ ਕੈਰਨ ਕੂਪਰ ਨੇ ਮੰਨਿਆ ਕਿ ਪਿਛਲੇ ਦੋ ਸਾਲਾਂ ਵਿੱਚ ਇਸ ਖੇਤਰ ਵਿੱਚ ਸੇਵਾਵਾਂ ਨੂੰ ਸਥਿਰ ਕਰਨ ਲਈ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਮੈਰਿਟ, ਲਿਲੂਏਟ ਅਤੇ ਵਿਲੀਅਮਜ਼ ਲੇਕ ਦੇ ਹਸਪਤਾਲਾਂ ਵਿੱਚ ਸਟਾਫ਼ ਦੀ ਘਾਟ ਨੂੰ ਪੂਰਾ ਕਰਨ ਲਈ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ, ਉਸੇ ਤਰ੍ਹਾਂ ਦੀ ਗੰਭੀਰਤਾ 100 ਮਾਈਲ ਹਾਊਸ ਲਈ ਵੀ ਦਿਖਾਉਣ ਦੀ ਲੋੜ ਹੈ। ਇਨ੍ਹਾਂ ਸਾਰੀਆਂ ਥਾਵਾਂ 'ਤੇ ਨਰਸਾਂ ਅਤੇ ਡਾਕਟਰਾਂ ਦੀਆਂ ਖਾਲੀ ਅਸਾਮੀਆਂ ਭਰਨ ਵਿੱਚ ਮੁਸ਼ਕਲਾਂ ਆ ਰਹੀਆਂ ਹਨ।




ਇਸ ਗੰਭੀਰ ਸਥਿਤੀ ਨੂੰ ਦੇਖਦੇ ਹੋਏ, ਜ਼ਿਲ੍ਹਾ ਮੇਅਰ ਮੌਰੀਨ ਪਿੰਕਨੀ ਅਤੇ ਪ੍ਰਸ਼ਾਸਨ ਨੇ ਬੀ.ਸੀ. ਦੀ ਸਿਹਤ ਮੰਤਰੀ ਜੋਸੀ ਓਸਬੋਰਨ ਨੂੰ ਇੱਕ ਪੱਤਰ ਲਿਖ ਕੇ ਜਵਾਬ ਮੰਗਿਆ ਹੈ। ਮੇਅਰ ਪਿੰਕਨੀ ਨੇ ਸੁਝਾਅ ਦਿੱਤਾ ਹੈ ਕਿ ਸਰਕਾਰ ਨੂੰ ਨਰਸ ਪ੍ਰੈਕਟੀਸ਼ਨਰਾਂ (NPs) ਦੇ ਕੰਮ ਕਰਨ ਦੇ ਨਿਯਮਾਂ ਵਿੱਚ ਢਿੱਲ ਦੇਣੀ ਚਾਹੀਦੀ ਹੈ। ਮੌਜੂਦਾ ਸਮੇਂ ਵਿੱਚ ਨਰਸ ਪ੍ਰੈਕਟੀਸ਼ਨਰਾਂ ਦੇ ਕੰਮ ਦੇ ਘੰਟੇ ਸੀਮਤ ਹਨ, ਪਰ ਜੇਕਰ ਉਨ੍ਹਾਂ ਨੂੰ ਲੰਬੇ ਸਮੇਂ ਤੱਕ ਕੰਮ ਕਰਨ ਅਤੇ ਸ਼ਾਮ 2 ਵਜੇ ਤੋਂ ਬਾਅਦ ਵੀ ਸੇਵਾਵਾਂ ਦੇਣ ਦੀ ਇਜਾਜ਼ਤ ਦਿੱਤੀ ਜਾਵੇ, ਤਾਂ ਐਮਰਜੈਂਸੀ ਰੂਮ 'ਤੇ ਪੈਣ ਵਾਲਾ ਦਬਾਅ ਘਟਾਇਆ ਜਾ ਸਕਦਾ ਹੈ। ਮੇਅਰ ਨੇ ਕਿਹਾ ਕਿ ਸਥਾਨਕ ਨਰਸ ਪ੍ਰੈਕਟੀਸ਼ਨਰ ਖੁਦ ਵੀ ਵੱਧ ਕੰਮ ਕਰਨ ਲਈ ਤਿਆਰ ਹਨ, ਖਾਸ ਕਰਕੇ ਜਦੋਂ ਉਨ੍ਹਾਂ ਨੇ ਹਾਲ ਹੀ ਵਿੱਚ ਆਪਣਾ ਨਵਾਂ ਕਲੀਨਿਕ ਖੋਲ੍ਹਿਆ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਜੇਕਰ ਨਿਯਮਾਂ ਵਿੱਚ ਬਦਲਾਅ ਕੀਤਾ ਜਾਵੇ ਤਾਂ ਇਹ ਸਟਾਫ਼ ER ਵਿੱਚ ਵੀ ਮਦਦ ਕਰ ਸਕਦਾ ਹੈ।

ਕੈਰੀਬੂ-ਚਿਲਕੋਟਿਨ ਦੇ ਵਿਧਾਇਕ ਲੋਰਨ ਡੋਰਕਸਨ ਲਈ ਇਹ ਮਾਮਲਾ ਹੁਣ ਸਿਰਫ਼ ਨਿਰਾਸ਼ਾ ਦਾ ਨਹੀਂ ਸਗੋਂ ਗੁੱਸੇ ਦਾ ਕਾਰਨ ਬਣ ਗਿਆ ਹੈ। ਉਨ੍ਹਾਂ ਦੱਸਿਆ ਕਿ 26 ਦਸੰਬਰ, 2025 ਨੂੰ 103 ਮਾਈਲ ਹਾਊਸ ਨੇੜੇ ਇੱਕ ਸੜਕ ਹਾਦਸਾ ਵਾਪਰਿਆ ਸੀ। ਕਿਉਂਕਿ ਸਥਾਨਕ ਐਮਰਜੈਂਸੀ ਰੂਮ ਬੰਦ ਸੀ, ਮਰੀਜ਼ ਨੂੰ ਇਲਾਜ ਲਈ ਵਿਲੀਅਮਜ਼ ਲੇਕ ਦੇ ਕੈਰੀਬੂ ਮੈਮੋਰੀਅਲ ਹਸਪਤਾਲ ਭੇਜਣਾ ਪਿਆ। ਜਿੱਥੇ ਇਲਾਜ ਸਿਰਫ਼ ਪੰਜ ਮਿੰਟਾਂ ਦੀ ਦੂਰੀ 'ਤੇ ਮਿਲ ਸਕਦਾ ਸੀ, ਉੱਥੇ ਮਰੀਜ਼ ਨੂੰ ਇੱਕ ਘੰਟੇ ਦਾ ਸਫ਼ਰ ਤੈਅ ਕਰਨਾ ਪਿਆ। ਸਰਦੀਆਂ ਦੇ ਮੌਸਮ ਵਿੱਚ ਬਰਫ਼ਬਾਰੀ ਕਾਰਨ ਸੜਕਾਂ 'ਤੇ ਸਫ਼ਰ ਕਰਨਾ ਪਹਿਲਾਂ ਹੀ ਖ਼ਤਰਨਾਕ ਹੁੰਦਾ ਹੈ, ਅਜਿਹੇ ਵਿੱਚ ਦੂਰ-ਦੁਰਾਡੇ ਹਸਪਤਾਲ ਜਾਣਾ ਕਿਸੇ ਦੀ ਜਾਨ ਲਈ ਘਾਤਕ ਸਾਬਤ ਹੋ ਸਕਦਾ ਹੈ। ਡੋਰਕਸਨ ਨੂੰ ਡਰ ਹੈ ਕਿ ਜੇਕਰ ਹਾਲਾਤ ਜਲਦੀ ਨਾ ਸੁਧਰੇ ਤਾਂ ਕਿਸੇ ਦੀ ਮੌਤ ਵੀ ਹੋ ਸਕਦੀ ਹੈ, ਖਾਸ ਕਰਕੇ ਦਿਲ ਦਾ ਦੌਰਾ ਜਾਂ ਬ੍ਰੇਨ ਸਟ੍ਰੋਕ ਵਰਗੇ ਮਾਮਲਿਆਂ ਵਿੱਚ ਜਿੱਥੇ ਹਰ ਮਿੰਟ ਕੀਮਤੀ ਹੁੰਦਾ ਹੈ।

ਮੇਅਰ ਪਿੰਕਨੀ ਨੇ ਜ਼ੋਰ ਦੇ ਕੇ ਕਿਹਾ ਕਿ ਹਾਈਵੇਅ 97 'ਤੇ ਰੋਜ਼ਾਨਾ 10,000 ਗੱਡੀਆਂ ਲੰਘਦੀਆਂ ਹਨ ਅਤੇ ਇਹ ਹਸਪਤਾਲ ਸਥਾਨਕ ਆਬਾਦੀ ਦੇ ਨਾਲ-ਨਾਲ ਰਾਹਗੀਰਾਂ ਲਈ ਵੀ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਇੰਟੀਰੀਅਰ ਹੈਲਥ ਵੱਲੋਂ ਵਰਚੁਅਲ (ਆਨਲਾਈਨ) ਸੇਵਾਵਾਂ ਦੇਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ, ਪਰ ਇਹ ਸਿਰਫ਼ ਇੱਕ ਆਰਜ਼ੀ ਹੱਲ ਹੋ ਸਕਦਾ ਹੈ, ਪੱਕਾ ਨਹੀਂ। ਦੂਜੇ ਪਾਸੇ, ਕੈਰਨ ਕੂਪਰ ਨੇ ਕਿਹਾ ਕਿ ਉਹ ਮੇਅਰ ਦੇ ਸੁਝਾਅ ਨਾਲ ਸਹਿਮਤ ਹਨ ਕਿ ਨਰਸ ਪ੍ਰੈਕਟੀਸ਼ਨਰਾਂ ਨੂੰ 8 ਘੰਟੇ ਦੀ ਬਜਾਏ 12 ਘੰਟੇ ਜਾਂ ਇਸ ਤੋਂ ਵੱਧ ਕੰਮ ਕਰਨ ਦੀ ਇਜਾਜ਼ਤ ਮਿਲਣੀ ਚਾਹੀਦੀ ਹੈ, ਪਰ ਇਹ ਫੈਸਲਾ ਸਿਹਤ ਮੰਤਰਾਲੇ ਦੇ ਹੱਥ ਵਿੱਚ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਡਾਕਟਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਬਾਹਰੋਂ ਆਉਣ ਵਾਲੇ ਡਾਕਟਰਾਂ (locums) ਦੀ ਮੰਗ ਬਹੁਤ ਜ਼ਿਆਦਾ ਹੈ ਅਤੇ ਮੁਕਾਬਲਾ ਸਖ਼ਤ ਹੋ ਰਿਹਾ ਹੈ।

ਸਿਹਤ ਮੰਤਰਾਲੇ ਨੇ ਇਸ ਮਾਮਲੇ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਬੀ.ਸੀ. ਵਿੱਚ ਪ੍ਰਤੀ ਵਿਅਕਤੀ ਡਾਕਟਰਾਂ ਦੀ ਗਿਣਤੀ ਕੈਨੇਡਾ ਵਿੱਚ ਸਭ ਤੋਂ ਵੱਧ ਹੈ, ਪਰ ਪੂਰਾ ਸੂਬਾ ਸਿਸਟਮ 'ਤੇ ਪੈ ਰਹੇ ਦਬਾਅ ਦਾ ਸਾਹਮਣਾ ਕਰ ਰਿਹਾ ਹੈ। ਮੰਤਰਾਲੇ ਮੁਤਾਬਕ ਐਮਰਜੈਂਸੀ ਰੂਮ ਬੰਦ ਕਰਨਾ ਆਖਰੀ ਰਾਹ ਹੁੰਦਾ ਹੈ ਤਾਂ ਜੋ ਮਰੀਜ਼ਾਂ ਦੀ ਸੁਰੱਖਿਆ ਨਾਲ ਸਮਝੌਤਾ ਨਾ ਹੋਵੇ। ਉਨ੍ਹਾਂ ਦਾਅਵਾ ਕੀਤਾ ਕਿ 2025 ਵਿੱਚ ਬੰਦ ਹੋਣ ਦੇ ਕੰਢੇ ਪਹੁੰਚੀਆਂ 92 ਫੀਸਦੀ ਸ਼ਿਫਟਾਂ ਨੂੰ ਬਚਾ ਲਿਆ ਗਿਆ ਸੀ। ਸਰਕਾਰ ਵੱਲੋਂ ਅਮਰੀਕਾ ਤੋਂ ਡਾਕਟਰਾਂ ਨੂੰ ਭਰਤੀ ਕਰਨ ਲਈ ਮੁਹਿੰਮ ਚਲਾਈ ਗਈ ਸੀ, ਜਿਸ ਦੇ ਤਹਿਤ 174 ਨਵੇਂ ਡਾਕਟਰਾਂ ਨੇ ਨੌਕਰੀ ਦੀ ਪੇਸ਼ਕਸ਼ ਸਵੀਕਾਰ ਕੀਤੀ ਹੈ।

ਹਾਲਾਂਕਿ, ਜ਼ਮੀਨੀ ਹਕੀਕਤ ਇਹ ਹੈ ਕਿ ਜਨਵਰੀ ਵਿੱਚ ਵੀ ਮੁਸ਼ਕਲਾਂ ਜਾਰੀ ਰਹਿਣ ਦੇ ਆਸਾਰ ਹਨ। ਮੇਅਰ ਪਿੰਕਨੀ ਮੁਤਾਬਕ ਉਨ੍ਹਾਂ ਨੂੰ ਸੂਚਿਤ ਕੀਤਾ ਗਿਆ ਹੈ ਕਿ 2 ਜਨਵਰੀ ਅਤੇ 5 ਜਨਵਰੀ, 2026 ਨੂੰ ਵੀ ਐਮਰਜੈਂਸੀ ਰੂਮ ਬੰਦ ਰਹਿ ਸਕਦਾ ਹੈ। ਵਿਧਾਇਕ ਡੋਰਕਸਨ ਨੇ ਮੰਗ ਕੀਤੀ ਹੈ ਕਿ ਘੱਟੋ-ਘੱਟ ਬੰਦ ਹੋਣ ਬਾਰੇ ਲੋਕਾਂ ਨੂੰ ਪਹਿਲਾਂ ਸੂਚਿਤ ਕੀਤਾ ਜਾਵੇ ਤਾਂ ਜੋ ਸਾਊਥ ਗ੍ਰੀਨ ਲੇਕ ਵਰਗੇ ਦੂਰ-ਦੁਰਾਡੇ ਇਲਾਕਿਆਂ ਦੇ ਲੋਕ ਸਮੇਂ ਸਿਰ ਕੋਈ ਹੋਰ ਪ੍ਰਬੰਧ ਕਰ ਸਕਣ। ਸਾਰੇ ਪੱਖ ਇਸ ਗੱਲ 'ਤੇ ਸਹਿਮਤ ਹਨ ਕਿ ਪੁਰਾਣੇ ਤਰੀਕੇ ਹੁਣ ਕੰਮ ਨਹੀਂ ਕਰ ਰਹੇ ਅਤੇ 100 ਮਾਈਲ ਹਾਊਸ ਦੇ ਲੋਕਾਂ ਨੂੰ ਸੁਰੱਖਿਅਤ ਸਿਹਤ ਸੇਵਾਵਾਂ ਦੇਣ ਲਈ ਨਵੇਂ ਅਤੇ ਸਖ਼ਤ ਫੈਸਲੇ ਲੈਣ ਦੀ ਲੋੜ ਹੈ। This report was written by Divroop Kaur as part of the Local Journalism Initiative.

# ਭਗਤਾ ਭਾਈ ਕਾ ਦਾ ਭਾਈ ਬਹਿਲੋ ਖੇਡ ਮੇਲਾ ਯਾਦਗਾਰੀ ਹੋ ਨਿੱਬੜਿਆਂ

-ਹਾਕੀ, ਕਬੱਡੀ ਅਤੇ ਹੋਰ ਖੇਡਾਂ 'ਚ ਵੱਡੀ ਗਿਣਤੀ 'ਚ ਖਿਡਾਰੀਆਂ ਨੇ ਭਾਗ

ਵੈਨਕੂਵਰ, (ਬਰਾੜ ਭਗਤਾ ਭਾਈਕਾ) ਜ਼ਿਲ੍ਹਾ ਬਠਿੰਡਾ ਦਾ ਇਤਿਹਾਸਕ ਪਿੰਡ ਭਗਤਾ ਭਾਈ ਕਾ ਵਿਖੇ ਭਾਈ ਬਹਿਲੋ ਹਾਕੀ ਸੁਸਾਇਟੀ ਵੱਲੋਂ ਕਰਵਾਇਆ ਗਿਆ 26ਵਾਂ ਭਾਈ ਬਹਿਲੋ ਖੇਡ ਮੇਲਾ 2025 ਯਾਦਗਾਰੀ ਬਣ ਸੰਪੰਨ ਹੋਇਆ। ਇਸ ਖੇਡ ਮੇਲੇ ਦਾ ਉਦਘਾਟਨ 25 ਦਸੰਬਰ ਨੂੰ ਪ੍ਰਸਿੱਧ ਕਥਾਵਾਚਕ ਸ਼ਾਸ਼ਤਰੀ ਕਮਲਜੀਤ ਸਿੰਘ ਜੀ ਡੇਰਾ ਭੋਰੇ ਵਾਲੇ ਸੁਖਾਨੰਦ ਵੱਲੋਂ ਕੀਤਾ ਗਿਆ । ਇਹ ਟੂਰਨਾਮੈਂਟ 25 ਦਸੰਬਰ ਤੋਂ 28 ਦਸੰਬਰ ਤੱਕ ਚੱਲਿਆ। ਇਸ ਟੂਰਨਾਮੈਂਟ ਦੇ ਵਿੱਚ ਪੰਜਾਬ ਭਰ ਚੋਂ ਕੁੱਲ 32 ਟੀਮਾਂ ਨੇ ਭਾਗ ਲਿਆ। ਇਸ ਟੂਰਨਾਮੈਂਟ ਚ ਪਿਛਲੇ ਦਿਨੀਂ 'ਚੇਨਈ ਚ ਹੋਏ ਜੂਨੀਅਰ ਵਿਸ਼ਵ ਹਾਕੀ ਕੱਪ ਦੇ ਖਿਡਾਰੀ ਗੁਰਵਿੰਦਰ ਸਿੰਘ ਬਰਾੜ ਨੇ ਘੋਲੀਆਂ ਖੁਰਦ ਦੀ ਟੀਮ ਵੱਲੋਂ ਖੇਡਦੇ ਹੋਏ ਚੰਗੀ ਖੇਡ ਦਾ ਪ੍ਰਦਰਸ਼ਨ ਕੀਤਾ।



ਖੇਡ ਮੇਲੇ ਦੇ ਦੂਜੇ ਦਿਨ ਬਤੌਰ ਮੁੱਖ ਮਹਿਮਾਨ ਸ੍ਰੀਮਾਨ ਮਹਿੰਦਰਪਾਲ ਸਿੰਘ ਸੇਵਾਮੁਕਤ ਉਪ ਜ਼ਿਲਾ ਸਿੱਖਿਆ ਅਫ਼ਸਰ ਸਾਹਿਬਾਨ ਨੇ ਹਾਜ਼ਰੀ ਭਰੀ । ਇਸ ਮੌਕੇ ਸ ਖੁਸ਼ਵੰਤ ਸਿੰਘ ਚੇਅਰਮੈਨ CMS ਗੁਰੂ ਕਾਸ਼ੀ ਪਬਲਿਕ ਸਕੂਲ ਭਗਤਾ,ਸ ਹਰਬੰਸ ਸਿੰਘ ਸੇਵਾ ਮੁਕਤ ਡਿਪਟੀ ਸੈਕਟਰੀ ਪੰਜਾਬ ਸਰਕਾਰ, ਸੁਖਪ੍ਰੀਤ ਸਿੰਘ ਪੰਜਾਬ ਪੁਲਿਸ, ਜਸਵਿੰਦਰ ਸਿੰਘ ਪੰਜਾਬ ਪੁਲਿਸ, ਗੁਰਪਿਆਰ ਸਿੰਘ ਪੰਜਾਬ ਪੁਲਿਸ ਹਾਜ਼ਰ ਸਨ । ਖੇਡਾਂ ਦੇ ਤੀਸਰੇ ਦਿਨ ਦੇ ਮੁੱਖ ਮਹਿਮਾਨ ਸ ਪਰਬਤ ਸਿੰਘ ਮੁੱਖ ਅਫ਼ਸਰ ਥਾਣਾ ਦਿਆਲਪੁਰਾ ਐਟ ਭਗਤਾ ਭਾਈਕਾ ਵੱਲੋਂ ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ ਗਿਆ ।

ਭਾਈ ਬਹਿਲੋ ਖੇਡ ਮੇਲੇ ਦੇ ਸਾਰੇ ਦਿਨ ਖਿਡਾਰੀਆਂ ਕੇ ਦਰਸ਼ਕਾਂ ਲਈ ਲੰਗਰ ਦਾ ਵਿਸ਼ੇਸ਼ ਪ੍ਰਬੰਧ ਸੀ।

ਇਸ ਟੂਰਨਾਮੈਂਟ ਦੇ ਆਖ਼ਰੀ ਦਿਨ ਕੁਆਟਰ ਫਾਇਨਲ, ਸੈਮੀ ਫਾਇਨਲ ਅਤੇ ਫਾਇਨਲ ਮੈਚ ਹੋਏ। ਹਾਕੀ ਖੇਡ ਮੇਲੇ ਦੇ ਸੈਮੀਫਾਇਨਲ ਚ ਪਿੰਡ ਡਾਲਾ ,ਹਠੂਰ , ਗੁਰੂਸਰ ਸੁਧਾਰ ਤੇ ਧੂੜਕੋਟ ਦੀਆਂ ਟੀਮਾਂ ਪਹੁੰਚੀਆਂ।ਫਾਇਨਲ ਮੈਚ ਹਠੂਰ ਅਤੇ ਧੜੂਕੋਟ ਟੀਮਾਂ ਵਿਚਕਾਰ ਖੇਡਿਆ ਗਿਆ। ਫਾਇਨਲ ਮੈਚ ਚ ਅੰਤਿਮ ਸਮੇਂ ਤੱਕ ਕੋਈ ਟੀਮ ਗੋਲ ਨ ਕਰ ਸਕੀ, ਜਿਸ ਕਰਕੇ ਦੋਨਾਂ ਟੀਮਾਂ ਵਿਚਕਾਰ ਜਿੱਤ ਹਾਰ ਦਾ ਫੈਸਲਾ ਪਨੈਲਟੀ ਸਟਰੋਕ ਰਾਹੀਂ ਕੀਤਾ ਗਿਆ ਜਿਸ ਵਿੱਚ ਪਿੰਡ ਧੂੜਕੋਟ ਦੀ ਟੀਮ ਨੇ ਬਾਜ਼ੀ ਮਾਰੀ ਤੇ 26 ਵੇਂ ਭਾਈ ਬਹਿਲੋ ਖੇਡ ਮੇਲੇ ਦੇ ਜੇਤੂ ਬਣੇ,ਪਿੰਡ ਹਠੂਰ ਦੀ ਟੀਮ ਦੂਜੇ ਨੰਬਰ ਤੇ ਰਹੀ।

ਜੇਤੂ ਟੀਮ ਨੂੰ 51000/- ਦੀ ਰਾਸ਼ੀ ਤੇ ਕੱਪ ਸ ਦਰਸ਼ਨ ਸਿੰਘ ਫੌਜੀ ਕਨੇਡਾ ਦੇ ਪਰਿਵਾਰ ਵੱਲੋਂ ਦਿੱਤਾ ਗਿਆ । ਦੂਜੇ ਨੰਬਰ ਵਾਲੀਟੀਮ ਨੂੰ 41000/- ਦੀ ਇਨਾਮੀ ਰਾਸ਼ੀ ਭਾਈ ਬਹਿਲੋ ਹਾਕੀ ਸੁਸਾਇਟੀ ਦੁਆਰਾ ਦਿੱਤੀ ਗਈ। ਤੀਜੇ ਨੰਬਰ ਤੇ ਅਤੇ ਚੌਥੇ ਨੰਬਰ ਵਾਲੀਆਂ ਟੀਮਾਂ ਨੂੰ 5100-5100 ਰੁਪੇ ਇਨਾਮੀ ਰਾਸ਼ੀ ਕ੍ਰਮਵਾਰ ਸ ਮਨਜੀਤ ਸਿੰਘ ਥਾਣੇਦਾਰ ਅਤੇ ਸ ਇਕੱਤਰ ਸਿੰਘ ਦੇ ਪਰਿਵਾਰ ਵੱਲੋਂ ਦਿੱਤੀ ਗਈ। ਇਸ ਟੂਰਨਾਮੈਂਟ ਦੇ ਬੈਸਟ ਖਿਡਾਰੀ ਹੈਪੀ ਤਖਾਣਵੱਧ ਅਤੇ ਬੱਟੂ ਡਾਲਾ ਰਹੇ, ਜਿਹਨ੍ਹਾਂ ਨੂੰ ਸ ਮਹਿੰਦਰਪਾਲ ਸਿੰਘ ਜੀ ਦੁਆਰਾ ਸਨਮਾਨਿਤ ਕੀਤਾ ਗਿਆ ।

ਇਨਾਮ ਵੰਡ ਸਮਾਰੋਹ ਦੀ ਪ੍ਰਧਾਨਗੀ ਸ ਇੰਦਰਜੀਤ ਸਿੰਘ ਮਾਨ ਚੇਅਰਮੈਨ ਗ੍ਰਾਮੀਨ ਅਤੇ ਉਦਯੋਗ ਬੋਰਡ ਪੰਜਾਬ ਅਤੇ ਸ ਬੂਟਾ ਸਿੰਘ ਪ੍ਰਧਾਨ ਨਗਰ ਪੰਚਾਇਤ ਭਗਤਾ ਭਾਈ ਕਾ ਨੇ ਕੀਤੀ ਉਹਨਾਂ ਦੇ ਨਾਲ ਸ ਮਨਿੰਦਰ ਸਿੰਘ RTO ਤਰਨਤਾਰਨ , ਮਨਦੀਪ ਸਿੰਘ ਹੈੱਡ ਮਾਸਟਰ ਹਾਜ਼ਰ ਰਹੇ । ਅਖੀਰ ਵਿੱਚ ਭਾਈ ਬਹਿਲੋ ਹਾਕੀ ਸੁਸਾਇਟੀ ਦੇ ਪ੍ਰਧਾਨ ਮਾ ਜਗਸੀਰ ਸਿੰਘ ਪੰਮਾ ਵੱਲੋਂ ਖੇਡ ਮੇਲੇ ਵਿੱਚ ਭਾਗ ਲੈਣ ਵਾਲੇ ਸਾਰੇ ਖਿਡਾਰੀਆਂ, ਦਰਸ਼ਕ ਵੀਰਾਂ , ਸਮੂਹ ਸਹਿਯੋਗੀਆਂ ਤੇ NRI ਵੀਰਾਂ ਦਾ ਧੰਨਵਾਦ ਕੀਤਾ ਗਿਆ । ਇਸ ਵਕਤ , ਸ ਮਹਿੰਦਰਪਾਲ ਸਿੰਘ, ਸ ਮਨਦੀਪ ਸਿੰਘ, ਸ ਅਜਮੇਰ ਸਿੰਘ ਮਘੇੜਾ , ਮਾ ਜਗਸੀਰ ਸਿੰਘ ਪੰਮਾ, ਲੈਕ:ਦਰਸ਼ਨ ਸਿੰਘ,ਸ ਸਿੰਕਦਰ ਸਿੰਘ ਬਰਾੜ ,ਲੈਕ: ਸੁਖਦਰਸ਼ਨ ਸਿੰਘ , ਸ ਅਜੈਬ ਸਿੰਘ, ਮਾ ਸੁਖਦੇਵ ਸਿੰਘ ਸੁੱਖਾ, ਮਾ ਗੁਰਿੰਦਰ ਸਿੰਘ, ਸ ਮਨਜਿੰਦਰ ਸਿੰਘ ਮੱਟ,ਮਾ ਪਰਮਿੰਦਰ ਸਿੰਘ, ਮਾ ਗਗਨਦੀਪ ,ਸ ਗੁਰਦੀਪ ਸਿੰਘ ਲੱਭੀ,ਸ ਮਨਦੀਪ ਸਿੰਘ ਬੰਟੀ ਸ ਵਿਕਰਮਜੀਤ ਸਿੰਘ ਵਿੱਕੀ ਪੰਜਾਬ ਪੁਲਿਸ ,ਪਰਮਜੀਤ ਸਿੰਘ ਬਿਦਰ , ਅਮਰਜੀਤ ਸਿੰਘ ਪੰਜਾਬ ਪੁਲਿਸ, ਮਨਪ੍ਰੀਤ ਸਿੰਘ ਮਨੀ, ਸ ਅੰਮ੍ਰਿਤਪਾਲ ਸਿੰਘ,ਵਕੀਲ ਰਣਜੀਤ ਸਿੰਘ ਬਰਾੜ, ਕੁਲਵਿੰਦਰ ਕੈਰੀ , ਮਾ ਸੁਲੱਖਣ ਸਿੰਘ, ਮਾ ਬੂਟਾ ਸਿੰਘ ਤੇ ਭਗਤਾ ਭਾਈਕਾ ਦੇ ਸੀਨੀਅਰ ਤੇ ਯੂਨੀਅਰ ਹਾਕੀ ਖਿਡਾਰੀ ਹਾਜ਼ਰ ਸਨ।

# ਜਸਪਾਲ ਸਿੰਘ ਵੜਿੰਗ ਚੁਣੇ ਗਏ ਬਲਾਕ ਪ੍ਰਧਾਨ



ਵੈਨਕੂਵਰ (ਬਰਾੜ ਭਗਤਾ ਭਾਈਕਾ) ਭਗਤਾ ਭਾਈ ਕਾ ਦੇ ਮਿਹਨਤੀ ਨੌਜਵਾਨ ਅਤੇ ਮਿਲਾਪੜੇ ਸੁਭਾਅ ਦੇ ਮਾਲਕ ਜਸਪਾਲ ਸਿੰਘ ਵੜਿੰਗ ਨੂੰ ਸ਼੍ਰੋਮਣੀ ਅਕਾਲੀ ਦਲ (ਯੂਥ ਵਿੰਗ) ਦੇ ਬਲਾਕ ਪ੍ਰਧਾਨ ਚੁਣੇ ਜਾਣ 'ਤੇ ਇਲਾਕੇ ਵਿੱਚ ਖੁਸ਼ੀ ਦਾ ਮਹੌਲ ਬਣਿਆ ਹੋਇਆ ਹੈ। ਜਸਪਾਲ ਸਿੰਘ ਵੜਿੰਗ ਸ਼੍ਰੋਮਣੀ ਅਕਾਲੀ ਦਲ ਦੇ ਰਹਿ ਚੁੱਕੇ ਸਰਗਰਮ ਕਾਰਕੁੰਨ ਸਵਰਗੀ ਸੁਲੱਖਣ ਸਿੰਘ ਵੜਿੰਗ ਦੇ ਸਪੁੱਤਰ ਹਨ ਜੋ ਕਿ ਪਾਰਟੀ ਅਤੇ ਇਲਾਕੇ ਵਿੱਚ ਚੰਗਾ ਅਸਰ ਰਸੂਖ ਰੱਖਦੇ ਸਨ। ਉਹ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਦੇ ਨੇੜਲੇ ਗਿਣੇ ਜਾਣ ਵਾਲਿਆਂ 'ਚੋਂ ਇੱਕ ਮੰਨੇ ਜਾਂਦੇ ਸਨ।

# ਅਮਰੀਕੀ ਰਾਜਨੀਤੀ ’ਚ ਨਵਾਂ ਵਿਵਾਦ: ਕੈਨੇਡੀ ਸੈਂਟਰ ਦਾ ਨਾਮ ਬਦਲਣ ’ਤੇ ਅੜੇ ਟਰੰਪ, ਕਲਾਕਾਰਾਂ ਨੇ ਪ੍ਰਦਰਸ਼ਨ ਵਜੋਂ ਸ਼ੋਅ ਰੱਦ

## ਟਰੰਪ ਵੱਲੋਂ ਕੈਨੇਡੀ ਪਰਿਵਾਰ ‘ਤੇ ਤਿੱਖੇ ਹਮਲੇ, ਜੌਨ ਐੱਫ. ਕੈਨੇਡੀ ਦੀ ਪੋਤੀ ਤਾਤਿਆਨਾ ਦੇ ਦੇਹਾਂਤ ‘ਤੇ ਵੀ ਸਾਧੀ ਚੁੱਪ

ਸਰੀ, (ਦਿਵਰੂਪ ਕੌਰ): ਅਮਰੀਕੀ ਰਾਜਨੀਤੀ ਵਿੱਚ ਇੱਕ ਵਾਰ ਫਿਰ ‘ਟਰੰਪ ਬਨਾਮ ਕੈਨੇਡੀ’ ਪਰਿਵਾਰ ਦਾ ਵਿਵਾਦ ਭਖ ਗਿਆ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਾਸ਼ਿੰਗਟਨ ਡੀ.ਸੀ. ਸਥਿਤ ਮਸ਼ਹੂਰ ‘ਕੈਨੇਡੀ ਸੈਂਟਰ’ ਦਾ ਨਾਮ ਬਦਲਣ ਦੇ ਆਪਣੇ ਫੈਸਲੇ ‘ਤੇ ਅੜੇ ਰਹਿਣ ਦਾ ਸੰਕੇਤ ਦਿੱਤਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਟਰੰਪ ਨੇ ਇਹ ਜ਼ਿੱਦ ਉਸੇ ਦਿਨ ਦੁਹਰਾਈ, ਜਿਸ ਦਿਨ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜੌਨ ਐੱਫ. ਕੈਨੇਡੀ ਦੀ ਪੋਤੀ ਤਾਤਿਆਨਾ ਸ਼ਲੋਸਬਰਗ ਦੀ ਮੌਤ ਦੀ ਖ਼ਬਰ ਸਾਹਮਣੇ ਆਈ। 35 ਸਾਲਾ ਤਾਤਿਆਨਾ ਲੰਬੇ ਸਮੇਂ ਤੋਂ ਬਲੱਡ ਕੈਂਸਰ (ਲਿਊਕੇਮੀਆ) ਨਾਲ ਜੂਝ ਰਹੀ ਸੀ। ਇਸ ਘਟਨਾ ਨੇ ਅਮਰੀਕੀ ਜਨਤਾ ਅਤੇ ਕਲਾ ਜਗਤ ਵਿੱਚ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ।



ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜੌਨ ਐੱਫ. ਕੈਨੇਡੀ ਦੀ ਧੀ ਕੈਰੋਲੀਨ ਕੈਨੇਡੀ ਦੀ ਬੇਟੀ ਤਾਤਿਆਨਾ ਸ਼ਲੋਸਬਰਗ ਦੀ ਮੰਗਲਵਾਰ ਨੂੰ ਮੌਤ ਹੋ ਗਈ। ਜੌਨ ਐੱਫ. ਕੈਨੇਡੀ ਲਾਇਬ੍ਰੇਰੀ ਫਾਊਂਡੇਸ਼ਨ ਨੇ ਸੋਸ਼ਲ ਮੀਡੀਆ ਰਾਹੀਂ ਇਸ ਦੁਖਦਾਈ ਖ਼ਬਰ ਦੀ ਪੁਸ਼ਟੀ ਕੀਤੀ। ਤਾਤਿਆਨਾ ਇੱਕ ਉੱਘੀ ਪੱਤਰਕਾਰ ਸੀ, ਜਿਸ ਨੇ ਵਾਤਾਵਰਣ ਦੀ ਸੰਭਾਲ ਲਈ ਕਾਫ਼ੀ ਕੰਮ ਕੀਤਾ ਸੀ। ਉਸ ਦੀ ਮੌਤ ‘ਤੇ ਜੌਨ ਐੱਫ. ਕੈਨੇਡੀ ਦੀ ਭਤੀਜੀ ਅਤੇ ਮਸ਼ਹੂਰ ਪੱਤਰਕਾਰ ਮਾਰੀਆ ਸ਼੍ਰੀਵਰ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਉਸ ਨੂੰ “ਖੁਸ਼ੀਆਂ ਅਤੇ ਰੌਸ਼ਨੀ ਦਾ ਸਰੋਤ” ਦੱਸਿਆ। ਤਾਤਿਆਨਾ ਨੇ ਪਿਛਲੇ ਸਾਲ ਨਵੰਬਰ ਵਿੱਚ ਹੀ ‘ਨਿਊ ਯਾਰਕਰ’ ਵਿੱਚ ਲਿਖੇ ਇੱਕ ਲੇਖ ਰਾਹੀਂ ਖੁਲਾਸਾ ਕੀਤਾ ਸੀ ਕਿ ਉਹ ਜਾਨਲੇਵਾ ਕੈਂਸਰ ਨਾਲ ਜੂਝ ਰਹੀ ਹੈ। ਜਿੱਥੇ ਇੱਕ ਪਾਸੇ ਪੂਰਾ ਦੇਸ਼ ਕੈਨੇਡੀ ਪਰਿਵਾਰ ਨਾਲ ਹਮਦਰਦੀ ਜਤਾ ਰਿਹਾ ਸੀ, ਉੱਥੇ ਹੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ ਰਾਤ ਨੂੰ ਸੋਸ਼ਲ ਮੀਡੀਆ ‘ਤੇ ਕੈਨੇਡੀ ਸੈਂਟਰ ਦਾ ਨਾਮ ਬਦਲਣ ਦੇ ਪੱਖ ਵਿੱਚ ਕਈ ਸੰਦੇਸ਼ ਸਾਂਝੇ ਕੀਤੇ। ਟਰੰਪ ਨੇ ਕੈਨੇਡੀ ਪਰਿਵਾਰ ‘ਤੇ ਨਿਸ਼ਾਨਾ ਸਾਧਦੇ ਹੋਏ ਇੱਕ ਪੋਸਟ ਰੀ-ਪੋਸਟ ਕੀਤੀ ਜਿਸ ਵਿੱਚ ਲਿਖਿਆ ਸੀ, “ਟਰੰਪ ਪਰਿਵਾਰ ਹਮੇਸ਼ਾ ਕਲਾ ਦਾ ਸਮਰਥਕ ਰਿਹਾ ਹੈ, ਜਦਕਿ ਕੈਨੇਡੀ ਪਰਿਵਾਰ ਸਿਰਫ਼ ਆਪਣਾ ਹੀ ਸਮਰਥਕ ਹੈ।” ਟਰੰਪ ਨੇ ਇਹ ਵੀ ਦਾਅਵਾ ਕੀਤਾ ਕਿ ਕੈਨੇਡੀ ਪਰਿਵਾਰ ਇਸ ਸੈਂਟਰ ਲਈ ਕੋਈ ਫੰਡ ਇਕੱਠਾ ਨਹੀਂ ਕਰਦਾ ਅਤੇ ਨਾ ਹੀ ਉੱਥੇ ਕਦੇ ਦਿਖਾਈ ਦਿੰਦਾ ਹੈ। ਉਨ੍ਹਾਂ ਨੇ ਦੱਖਣੀ ਕੈਰੋਲੀਨਾ ਦੇ ਸੈਨੇਟਰ ਲਿੰਡਸੇ ਗ੍ਰਾਹਮ ਦੇ ਉਸ ਬਿਆਨ ਦਾ ਵੀ ਸਮਰਥਨ ਕੀਤਾ ਜਿਸ ਵਿੱਚ ਨਾਮ ਬਦਲਣ ਦੀ ਗੱਲ ਕਹੀ ਗਈ ਸੀ।

ਇਸ ਸਿਆਸੀ ਖਿੱਚੋਤਾਣ ਦਾ ਸਭ ਤੋਂ ਵੱਧ ਅਸਰ ਕਲਾ ਜਗਤ ‘ਤੇ ਦੇਖਣ ਨੂੰ ਮਿਲ ਰਿਹਾ ਹੈ। ਕੈਨੇਡੀ ਸੈਂਟਰ ਦੇ ਨਾਮ ਨਾਲ ਡੋਨਾਲਡ ਟਰੰਪ ਦਾ ਨਾਮ ਜੋੜੇ ਜਾਣ ਦੇ ਵਿਰੋਧ ਵਿੱਚ ਕਈ ਕਲਾਕਾਰਾਂ ਨੇ ਉੱਥੇ ਹੋਣ ਵਾਲੇ ਆਪਣੇ ਪ੍ਰੋਗਰਾਮ ਰੱਦ ਕਰਨੇ ਸ਼ੁਰੂ ਕਰ ਦਿੱਤੇ ਹਨ। ਇਸੇ ਤਰ੍ਹਾਂ ਲੋਕ ਗਾਇਕਾ ਕ੍ਰਿਸਟੀ ਲੀ ਨੇ ਵੀ 14 ਜਨਵਰੀ ਨੂੰ ਹੋਣ ਵਾਲੇ ਆਪਣੇ ਸ਼ੋਅ ਨੂੰ ਰੱਦ ਕਰਦਿਆਂ ਇੰਸਟਾਗ੍ਰਾਮ ‘ਤੇ ਇੱਕ ਭਾਵੁਕ ਪੋਸਟ ਸਾਂਝੀ ਕੀਤੀ। ਉਨ੍ਹਾਂ ਲਿਖਿਆ, “ਮੈਂ ਕੋਈ ਬਹੁਤ ਸ਼ਕਤੀਸ਼ਾਲੀ ਇਨਸਾਨ ਨਹੀਂ ਹਾਂ, ਮੈਂ ਅਲਾਬਾਮਾ ਦੀ ਇੱਕ ਸਾਧਾਰਨ ਗਾਇਕਾ ਹਾਂ ਜੋ ਆਪਣੀ ਰੋਜ਼ੀ-ਰੋਟੀ ਲਈ ਗੀਤ ਗਾਉਂਦੀ ਹੈ। ਸ਼ੋਅ ਰੱਦ ਕਰਨ ਨਾਲ ਮੇਰੇ ਘਰ ਦੇ ਗੁਜ਼ਾਰੇ ‘ਤੇ ਅਸਰ ਪੈਂਦਾ ਹੈ, ਪਰ ਮੇਰੇ ਲਈ ਆਪਣੀ ਇਮਾਨਦਾਰੀ ਗੁਆਉਣ ਦੀ ਕੀਮਤ ਕਿਸੇ ਵੀ ਚੈੱਕ ਤੋਂ ਕਿਤੇ ਵੱਧ ਹੈ।” ਕਲਾਕਾਰਾਂ ਦਾ ਮੰਨਣਾ ਹੈ ਕਿ ਕੈਨੇਡੀ ਸੈਂਟਰ ਵਰਗੀ ਸੰਸਥਾ ਦਾ ਸਿਆਸੀਕਰਨ ਕਰਨਾ ਕਲਾ ਅਤੇ ਇਤਿਹਾਸ ਦੇ ਅਪਮਾਨ ਵਾਂਗ ਹੈ। ਫਿਲਹਾਲ ਟਰੰਪ ਪ੍ਰਸ਼ਾਸਨ ਆਪਣੇ ਫੈਸਲੇ ‘ਤੇ ਅਟੱਲ ਦਿਖਾਈ ਦੇ ਰਿਹਾ ਹੈ, ਜਦਕਿ ਕੈਨੇਡੀ ਪਰਿਵਾਰ ਇਸ ਵੇਲੇ ਨਿੱਜੀ ਸੋਗ ਵਿੱਚ ਡੁੱਬਿਆ ਹੋਇਆ ਹੈ। This report was written by Divroop Kaur as part of the Local Journalism Initiative.

# ਬੀ.ਸੀ. ਦੇ ਉੱਤਰੀ ਤੱਟ ’ਤੇ ਕੁਦਰਤ ਦਾ ਕਹਿਰ, 200 ਮਿਲੀਮੀਟਰ ਬਾਰਿਸ਼ ਦੀ ਚੇਤਾਵਨੀ, ਹੜ੍ਹ ਦਾ ਖ਼ਤਰਾ ਵਧਿਆ

ਸਰੀ, (ਦਿਵਰੂਪ ਕੌਰ): ਬ੍ਰਿਟਿਸ਼ ਕੋਲੰਬੀਆ ਦੇ ਉੱਤਰੀ ਹਿੱਸੇ ਵਿੱਚ ਮੌਸਮ ਦੀ ਖਰਾਬੀ ਕਾਰਨ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਣ ਦਾ ਖ਼ਤਰਾ ਬਣ ਗਿਆ ਹੈ। ਇੱਕ ਮਜ਼ਬੂਤ ਪੈਸੀਫਿਕ ਫਰੰਟਲ ਸਿਸਟਮ ਕਾਰਨ ਜਿੱਥੇ ਤੱਟਵਰਤੀ ਇਲਾਕਿਆਂ ਵਿੱਚ ਮੀਂਹ ਕਹਿਰ ਬਣ ਕੇ ਵਰ੍ਹ ਰਿਹਾ ਹੈ, ਉੱਥੇ ਹੀ ਨੇੜਲੇ ਸ਼ਹਿਰ ਟੈਰੇਸ (Terrace) ਵਿੱਚ ਸਰਦੀਆਂ ਦੇ ਭਿਆਨਕ ਤੂਫ਼ਾਨ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਟੈਰੇਸ ਵਿੱਚ ਹੁਣ ਤੱਕ ਲਗਭਗ 25 ਸੈਂਟੀਮੀਟਰ ਬਰਫ਼ ਪੈ ਚੁੱਕੀ ਹੈ ਅਤੇ ਮੌਸਮ ਵਿਭਾਗ ਦਾ ਕਹਿਣਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਗਿੱਲੀ ਬਰਫ਼ਬਾਰੀ ਦੇ ਨਾਲ-ਨਾਲ ‘ਫਰੀਜ਼ਿੰਗ ਰੇਨ’ (ਜੰਮਣ ਵਾਲਾ ਮੀਂਹ) ਹੋਰ ਮੁਸ਼ਕਲਾਂ ਖੜ੍ਹੀਆਂ ਕਰ ਸਕਦੀ ਹੈ। ਇਸ ਨਾਲ ਸੜਕਾਂ ‘ਤੇ ਫਿਸਲਣ ਵਧਣ ਅਤੇ ਬਿਜਲੀ ਦੀਆਂ ਤਾਰਾਂ ਟੁੱਟਣ ਦਾ ਖ਼ਤਰਾ ਬਣਿਆ ਹੋਇਆ ਹੈ। ਦਰਿਆਵਾਂ ਵਿੱਚ ਪਾਣੀ ਦੇ ਵਧਦੇ ਪੱਧਰ ਨੂੰ ਦੇਖਦਿਆਂ ‘ਬੀ.ਸੀ. ਰਿਵਰ ਫੋਰਕਾਸਟ ਸੈਂਟਰ’ ਨੇ ਹਾਈਡਾ ਗੁਆਈ ਅਤੇ ਉੱਤਰੀ ਤੱਟ ਲਈ ‘ਫਲੱਡ ਵਾਚ’ (ਹੜ੍ਹ ਦੀ ਨਿਗਰਾਨੀ) ਐਡਵਾਈਜ਼ਰੀ ਜਾਰੀ ਕਰ ਦਿੱਤੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਭਾਰੀ ਬਾਰਿਸ਼ ਅਤੇ ਪਹਿਲਾਂ ਤੋਂ ਜੰਮੀ ਹੋਈ ਬਰਫ਼ ਦੇ ਪਿਘਲਣ ਕਾਰਨ ਦਰਿਆਵਾਂ ਵਿੱਚ ਪਾਣੀ ਦਾ ਵਹਾਅ ਬਹੁਤ ਤੇਜ਼ ਹੋ ਸਕਦਾ ਹੈ, ਜੋ ਕੰਢਿਆਂ ਨੂੰ ਪਾਰ ਕਰਕੇ ਰਿਹਾਇਸ਼ੀ ਇਲਾਕਿਆਂ ਵਿੱਚ ਦਾਖਲ ਹੋ ਸਕਦਾ ਹੈ। ਐਡਵਾਈਜ਼ਰੀ ਵਿੱਚ ਚੇਤਾਵਨੀ ਦਿੱਤੀ ਗਈ ਹੈ ਕਿ ਤੇਜ਼ ਪਾਣੀ ਦਾ ਵਹਾਅ, ਸੜਕਾਂ ਦਾ ਟੁੱਟਣਾ ਅਤੇ ਜ਼ਮੀਨ ਖਿਸਕਣ (landslides) ਦੀਆਂ ਘਟਨਾਵਾਂ ਵਾਪਰ ਸਕਦੀਆਂ ਹਨ, ਜਿਸ ਕਾਰਨ ਸਥਾਨਕ ਨਿਵਾਸੀਆਂ ਨੂੰ ਬੇਹੱਦ ਸਾਵਧਾਨ ਰਹਿਣ ਦੀ ਲੋੜ ਹੈ। ਇਸ ਮੌਸਮੀ ਸਿਸਟਮ ਦਾ ਅਸਰ ਸਿਰਫ਼ ਤੱਟਵਰਤੀ ਇਲਾਕਿਆਂ ਤੱਕ ਹੀ ਸੀਮਤ ਨਹੀਂ ਹੈ, ਸਗੋਂ ਉੱਤਰੀ ਹਾਈਵੇਅ ਵੀ ਇਸ ਦੀ ਲਪੇਟ ਵਿੱਚ ਹਨ। ਅਲਾਸਕਾ ਪੈਨਹੈਂਡਲ ਅਤੇ ਯੂਕੋਨ ਨੂੰ ਬੀ.ਸੀ. ਰਾਹੀਂ ਜੋੜਨ ਵਾਲੀਆਂ ਦੋ ਮੁੱਖ ਸੜਕਾਂ, ਸਾਊਥ ਕਲੋਂਡਾਈਕ ਹਾਈਵੇਅ ਅਤੇ ਹੇਨਸ ਰੋਡ ‘ਤੇ 40 ਸੈਂਟੀਮੀਟਰ ਤੱਕ ਭਾਰੀ ਬਰਫ਼ਬਾਰੀ ਦੀ ਭਵਿੱਖਬਾਣੀ ਕੀਤੀ ਗਈ ਹੈ।

ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
» ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
» ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
» ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
» ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।
EYE GLASSES
CONTACT LENSES
SUNGLASSES



BHUPINDER OBEROI
ਸਾਡਾ ਐਡਰੈੱਸ ਨੋਟ ਕਰੋ
604-864-8803
#3 32700 George Ferguson Way
Abbotsford, B.C. V1T 4V6
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Surrey (Kwantlen Square)
Unit # 105, 12568-72 Ave, Surrey
FREE
SIGHT TEST

A TO Z DRIVING SCHOOL
SO EASY



ਪੰਜਾਬੀ ਵਿੱਚ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰੋ
AIR BRAKE CLASS
ਟਰੱਕ ਦਾ ਲਾਇਸੈਂਸ ਲੈਣ ਲਈ ਮਿਲੋ
ਕਲਾਸ ਵਨ ਦਾ ਲਾਇਸੈਂਸ ਲੈਣ ਲਈ ਅੱਜ ਹੀ ਸੰਪਰਕ ਕਰੋ
ਪੰਜਾਬੀ ਵਿੱਚ ਵੀ ਪੜ੍ਹਾਇਆ ਜਾਂਦਾ ਹੈ।
ਵਾਜਬ ਰੇਟ ਅਤੇ ਵਧੀਆ ਸਰਵਿਸ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
ਲਰਨਿੰਗ ਲਾਇਸੈਂਸ ਲੈਣ ਲਈ ਵੀ ਸੰਪਰਕ ਕਰੋ
ਲੱਕੀ ਸੇਖੋਂ 604 614 5365

HAPPY NEW YEAR 2026

ਆਪ ਸਭ ਨੂੰ ਨਵੇਂ ਸਾਲ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ
ਪ੍ਰਕਾਸ਼ ਪੁਰਬ ਦੀਆਂ ਲੱਖ ਲੱਖ ਵਧਾਈਆਂ




Pro Best Carpet Cleaning

ਤੁਹਾਡੇ ਘਰ ਦੀ ਸਫ਼ਾਈ, ਸਾਡੀ ਜ਼ਿੰਮੇਵਾਰੀ! ਭਰੋਸੇਯੋਗ ਸੇਵਾਵਾਂ 1997 ਤੋਂ

- RESIDENTIAL & COMMERCIAL
- DRY AND STEAM CLEANING
- UPHOLSTERY CLEANING
- STAIN REMOVAL
- GREAT PRICES
- FAST QUOTES

CONTACT : 604-599-5197

Open 7 Days A Week
info@ProBest.ca

SCOTT-75 MEDICAL CLINIC SURREY



DOCTORS AVAILABLE

English speaking only

Clinic Hours: Monday To Friday
9:00 AM To 4:00 PM

7500-120th Street , Unit 113 Surrey, B.C. V3W 3N1

YOUR HEALTH IS OUR PRIORITY

BOOK YOUR VISIT ONLINE

Go to fleetwood.cortico.ca ⇨ Scott 75 medical ⇨ Dr. Marotta walk in ⇨ Enter your info ⇨ Book your meet and greet visit.

Ph:604-503-1159

E-mail : fleetwoodmedical102@gmail.com

ਕੈਨੇਡਾ ਦਾ ਸਰਵਉੱਚ ਨਾਗਰਿਕ ਸਨਮਾਨ

# ਅੰਦਰੇ ਡਿ ਗ੍ਰਾਸ ਅਤੇ ਟੈਰੀ ਕਲਾਰਕ ਸਣੇ 80 ਹਸਤੀਆਂ ਨੂੰ ਮਿਲਿਆ 'ਆਰਡਰ ਆਫ਼ ਕੈਨੇਡਾ'



ਸਰੀ, (ਦਿਵਰੂਪ ਕੌਰ): ਸਾਲ 2025 ਦਾ ਅੰਤ ਕੈਨੇਡਾ ਦੀਆਂ ਕਈ ਨਾਮਵਰ ਹਸਤੀਆਂ ਲਈ ਬੇਹੱਦ ਮਾਣਮੱਤਾ ਰਿਹਾ ਹੈ। 31 ਦਸੰਬਰ ਨੂੰ ਜਾਰੀ ਕੀਤੀ ਗਈ ਸੂਚੀ ਅਨੁਸਾਰ, ਦੇਸ਼ ਦੇ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੇ 80 ਵਿਅਕਤੀਆਂ ਨੂੰ 'ਆਰਡਰ ਆਫ਼ ਕੈਨੇਡਾ' (Order of Canada) ਨਾਲ ਸਨਮਾਨਿਤ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਵੱਕਾਰੀ ਸੂਚੀ ਵਿੱਚ ਖੇਡ ਜਗਤ ਤੋਂ ਲੈ ਕੇ ਸੰਗੀਤ ਅਤੇ ਕਾਰੋਬਾਰੀ ਖੇਤਰ ਦੀਆਂ ਉੱਘੀਆਂ ਸ਼ਖ਼ਸੀਅਤਾਂ ਦੇ ਨਾਮ ਸ਼ਾਮਲ ਹਨ, ਜਿਨ੍ਹਾਂ ਨੇ ਆਪਣੀ ਮਿਹਨਤ ਅਤੇ ਸਮਰਪਣ ਸਦਕਾ ਕੈਨੇਡਾ ਦਾ ਨਾਮ ਵਿਸ਼ਵ ਭਰ ਵਿੱਚ ਰੌਸ਼ਨ ਕੀਤਾ ਹੈ।

ਕੈਨੇਡਾ ਦੇ ਗਵਰਨਰ ਜਨਰਲ ਵੱਲੋਂ ਹਰ ਸਾਲ ਦਿੱਤਾ ਜਾਣ ਵਾਲਾ 'ਆਰਡਰ ਆਫ਼ ਕੈਨੇਡਾ' ਦੇਸ਼ ਦੇ ਸਭ ਤੋਂ ਉੱਚੇ ਸਨਮਾਨਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਮੰਗਲਵਾਰ ਨੂੰ ਜਾਰੀ ਕੀਤੇ ਗਏ ਵੇਰਵਿਆਂ ਅਨੁਸਾਰ, ਇਸ ਸਾਲ ਇਸ ਸਨਮਾਨ ਲਈ ਚੁਣੇ ਗਏ 80 ਵਿਅਕਤੀਆਂ ਵਿੱਚ ਕਾਂਟਰੀ ਗਾਇਕਾ ਟੈਰੀ ਕਲਾਰਕ, ਮਸ਼ਹੂਰ ਓਲੰਪਿਕ ਦੌੜਾਕ ਅੰਦਰੇ ਡਿ ਗ੍ਰਾਸ ਅਤੇ 'ਬਲੂ ਕਾਲਰ ਸੀਈਓ' ਵਜੋਂ ਜਾਣੀ ਜਾਂਦੀ ਕਾਰੋਬਾਰੀ ਮੈਨਡੀ ਰੈਨਹੈਨ ਦੇ ਨਾਮ ਪ੍ਰਮੁੱਖ ਤੌਰ 'ਤੇ ਸ਼ਾਮਲ ਹਨ। ਟੈਰੀ ਕਲਾਰਕ ਨੇ ਜਿੱਥੇ ਸੰਗੀਤ ਦੇ ਖੇਤਰ ਵਿੱਚ ਕੈਨੇਡੀਅਨ ਸਭਿਆਚਾਰ ਨੂੰ ਪ੍ਰਫੁੱਲਿਤ ਕੀਤਾ ਹੈ, ਉੱਥੇ ਹੀ ਅੰਦਰੇ ਡਿ ਗ੍ਰਾਸ ਨੇ ਖੇਡ ਮੈਦਾਨਾਂ ਵਿੱਚ ਕੈਨੇਡਾ ਦਾ ਝੰਡਾ ਬੁਲੰਦ ਕੀਤਾ ਹੈ।

ਇਹ ਸਨਮਾਨ ਉਨ੍ਹਾਂ ਲੋਕਾਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਨੇ ਨਾ ਸਿਰਫ਼ ਆਪਣੇ ਪੇਸ਼ੇਵਰ ਖੇਤਰ ਵਿੱਚ ਵਿਲੱਖਣ ਪ੍ਰਾਪਤੀਆਂ ਕੀਤੀਆਂ ਹੁੰਦੀਆਂ ਹਨ, ਸਗੋਂ ਕਮਿਊਨਿਟੀ ਦੀ ਸੇਵਾ ਅਤੇ ਦੇਸ਼ ਦੀ ਭਲਾਈ ਲਈ ਵੀ ਨਿਸ਼ਕਾਮ ਯੋਗਦਾਨ ਪਾਇਆ ਹੁੰਦਾ ਹੈ। ਆਰਡਰ ਆਫ਼ ਕੈਨੇਡਾ ਦਾ ਉਦੇਸ਼ ਉਨ੍ਹਾਂ ਕੈਨੇਡੀਅਨਾਂ ਦੀ ਪਛਾਣ ਕਰਨਾ ਹੈ ਜਿਨ੍ਹਾਂ ਦੀਆਂ ਕੋਸ਼ਿਸ਼ਾਂ ਨੇ ਦੇਸ਼ ਦੀ ਸਮਾਜਿਕ, ਆਰਥਿਕ ਜਾਂ ਸੱਭਿਆਚਾਰਕ ਬਣਤਰ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਸਨਮਾਨ ਪ੍ਰਾਪਤ ਕਰਨ ਵਾਲਿਆਂ ਦੀ ਇਸ 80 ਮੈਂਬਰੀ ਸੂਚੀ ਵਿੱਚ ਕਈ ਹੋਰ ਅਜਿਹੇ ਵਿਅਕਤੀ ਵੀ ਸ਼ਾਮਲ ਹਨ ਜਿਨ੍ਹਾਂ ਨੇ ਵਿਗਿਆਨ, ਸਮਾਜਿਕ ਨਿਆਂ, ਵਪਾਰ ਅਤੇ ਕਲਾ ਦੇ ਖੇਤਰਾਂ ਵਿੱਚ ਚੁੱਪ-ਚਾਪ ਰਹਿ ਕੇ ਵੱਡੇ ਕਾਰਜ ਕੀਤੇ ਹਨ। ਸਰਕਾਰ ਵੱਲੋਂ ਦਿੱਤੀ ਗਈ ਇਹ ਮਾਨਤਾ ਦਰਸਾਉਂਦੀ ਹੈ ਕਿ ਦੇਸ਼ ਆਪਣੇ ਹੀਰਿਆਂ ਦੀ ਕਦਰ ਕਰਨਾ ਜਾਣਦਾ ਹੈ। ਇਨ੍ਹਾਂ ਹਸਤੀਆਂ ਨੂੰ ਆਉਣ ਵਾਲੇ ਮਹੀਨਿਆਂ ਵਿੱਚ ਇੱਕ ਵਿਸ਼ੇਸ਼ ਸਮਾਗਮ ਦੌਰਾਨ ਅਧਿਕਾਰਤ ਤੌਰ 'ਤੇ ਸਨਮਾਨ ਚਿੰਨ੍ਹ ਭੇਟ ਕੀਤੇ ਜਾਣਗੇ। ਇਹ ਸਨਮਾਨ ਨੌਜਵਾਨ ਪੀੜ੍ਹੀ ਲਈ ਵੀ ਪ੍ਰੇਰਨਾ ਦਾ ਸਰੋਤ ਬਣਦੇ ਹਨ ਕਿ ਕਿਵੇਂ ਸਖ਼ਤ ਮਿਹਨਤ ਅਤੇ ਸਮਾਜ ਪ੍ਰਤੀ ਵਫ਼ਾਦਾਰੀ ਰਾਹੀਂ ਦੇਸ਼ ਦੇ ਸਰਵਉੱਚ ਪੱਧਰ 'ਤੇ ਪਛਾਣ ਬਣਾਈ ਜਾ ਸਕਦੀ ਹੈ।

ਨਵੇਂ ਸਾਲ 'ਤੇ ਗਵਰਨਰ ਜਨਰਲ ਵੱਲੋਂ ਏਕਤਾ ਦਾ ਸੱਦਾ

# ਮੂਲਨਿਵਾਸੀ ਭਾਸ਼ਾਵਾਂ ਅਤੇ ਸੱਭਿਆਚਾਰ ਦੀ ਮਜ਼ਬੂਤੀ 'ਤੇ ਦਿੱਤਾ ਜ਼ੋਰ

**2025 ਦੀਆਂ ਚੁਣੌਤੀਆਂ ਅਤੇ ਮਨੁੱਖੀ ਜਜ਼ਬਾ: ਮੈਰੀ ਸਾਈਮਨ ਨੇ ਕੈਨੇਡਾ ਦੀ ਆਰਥਿਕ ਅਤੇ ਸਮਾਜਿਕ ਸਾਂਝ ਨੂੰ ਦੱਸਿਆ ਪ੍ਰੇਰਣਾਦਾਇਕ**



ਸਰੀ, (ਦਿਵਰੂਪ ਕੌਰ): ਕੈਨੇਡਾ ਦੀ ਗਵਰਨਰ ਜਨਰਲ ਮੈਰੀ ਸਾਈਮਨ ਨੇ ਨਵੇਂ ਸਾਲ 2026 ਦੇ ਮੌਕੇ 'ਤੇ ਦੇਸ਼ ਵਾਸੀਆਂ ਦੇ ਨਾਮ ਇੱਕ ਵਿਸ਼ੇਸ਼ ਸੰਦੇਸ਼ ਜਾਰੀ ਕੀਤਾ ਹੈ। ਆਪਣੇ ਸੰਦੇਸ਼ ਵਿੱਚ ਉਨ੍ਹਾਂ ਨੇ ਪਿਛਲੇ ਸਾਲ ਯਾਨੀ 2025 ਦੌਰਾਨ ਕੈਨੇਡੀਅਨ ਸਮਾਜ ਵਿੱਚ ਦੇਖੀ ਗਈ 'ਅਸਧਾਰਨ ਏਕਤਾ' ਅਤੇ ਭਾਈਚਾਰਕ ਸਾਂਝ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਮੁਸ਼ਕਲ ਸਮਿਆਂ ਵਿੱਚ ਜਿਸ ਤਰ੍ਹਾਂ ਕੈਨੇਡਾ ਦੇ ਲੋਕ ਇੱਕ-ਦੂਜੇ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹੋਏ, ਉਹ ਪੂਰੀ ਦੁਨੀਆ ਲਈ ਇੱਕ ਮਿਸਾਲ ਹੈ। ਗਵਰਨਰ ਜਨਰਲ ਮੈਰੀ ਸਾਈਮਨ ਨੇ ਆਪਣੇ ਸੰਬੋਧਨ ਵਿੱਚ ਸਾਲ 2025 ਨੂੰ ਇੱਕ ਅਜਿਹਾ ਸਾਲ ਦੱਸਿਆ ਜਿੱਥੇ ਕੈਨੇਡੀਅਨਾਂ ਨੇ ਕੁਦਰਤੀ ਆਫ਼ਤਾਂ ਅਤੇ ਆਰਥਿਕ ਚੁਣੌਤੀਆਂ ਦੇ ਬਾਵਜੂਦ ਆਪਣੀ ਏਕਤਾ ਨੂੰ ਕਾਇਮ ਰੱਖਿਆ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਉਨ੍ਹਾਂ ਕਮਿਊਨਿਟੀਆਂ ਦਾ ਜ਼ਿਕਰ ਕੀਤਾ ਜਿਨ੍ਹਾਂ ਨੂੰ ਭਿਆਨਕ ਜੰਗਲੀ ਅੱਗਾਂ (Wildfires) ਕਾਰਨ ਭਾਰੀ ਨੁਕਸਾਨ ਝੱਲਣਾ ਪਿਆ। ਉਨ੍ਹਾਂ ਕਿਹਾ ਕਿ ਇਨ੍ਹਾਂ ਮੁਸ਼ਕਲ ਹਾਲਾਤਾਂ ਵਿੱਚ ਲੋਕਾਂ ਨੇ ਬਿਨਾਂ ਕਿਸੇ ਭੇਦਭਾਵ ਦੇ ਆਪਣੇ ਘਰਾਂ ਦੇ ਦਰਵਾਜ਼ੇ ਇੱਕ-ਦੂਜੇ ਲਈ ਖੋਲ੍ਹੇ ਅਤੇ ਮਦਦ ਲਈ ਅੱਗੇ ਆਏ, ਜੋ ਕਿ ਬੇਹੱਦ ਪ੍ਰੇਰਣਾਦਾਇਕ ਸੀ।

ਆਰਥਿਕ ਪਹਿਲੂਆਂ 'ਤੇ ਚਰਚਾ ਕਰਦਿਆਂ ਗਵਰਨਰ ਜਨਰਲ ਨੇ ਕਿਹਾ ਕਿ 2025 ਵਿੱਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਆਰਥਿਕ ਸਹਿਯੋਗ ਦੇ ਨਵੇਂ ਮਾਡਲ ਦੇਖਣ ਨੂੰ ਮਿਲੇ, ਜਿਸ ਨਾਲ ਮੁਸ਼ਕਲ ਦੌਰ ਵਿੱਚ ਵੀ ਸਥਿਰਤਾ ਬਣੀ ਰਹੀ। ਉਨ੍ਹਾਂ ਨੇ ਇਸ ਨੂੰ ਕੈਨੇਡੀਅਨ ਆਰਥਿਕਤਾ ਦੀ ਮਜ਼ਬੂਤੀ ਅਤੇ ਲੋਕਾਂ ਦੇ ਆਪਸੀ ਵਿਸ਼ਵਾਸ ਦਾ ਪ੍ਰਤੀਕ ਦੱਸਿਆ।

ਇਸ ਤੋਂ ਇਲਾਵਾ, ਮੈਰੀ ਸਾਈਮਨ ਨੇ ਮੂਲਨਿਵਾਸੀ (Indigenous) ਸੱਭਿਆਚਾਰਾਂ ਅਤੇ ਭਾਸ਼ਾਵਾਂ ਨੂੰ ਸੁਰੱਖਿਅਤ ਰੱਖਣ ਅਤੇ ਮੁੜ ਸੁਰਜੀਤ ਕਰਨ ਦੇ ਯਤਨਾਂ 'ਤੇ ਵੀ ਖ਼ਾਸ ਖ਼ੁਸ਼ੀ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕਿ ਦੇਸ਼ ਦੀ ਅਸਲ ਪਛਾਣ ਨੂੰ ਸੰਭਾਲਣ ਲਈ ਕੀਤੇ ਜਾ ਰਹੇ ਇਹ ਉਪਰਾਲੇ ਕੈਨੇਡਾ ਦੇ ਭਵਿੱਖ ਲਈ ਬੇਹੱਦ ਅਹਿਮ ਹਨ। ਉਨ੍ਹਾਂ ਉਮੀਦ ਜਤਾਈ ਕਿ ਸਾਲ 2026 ਵਿੱਚ ਵੀ ਕੈਨੇਡਾ ਵਾਸੀ ਇਸੇ ਤਰ੍ਹਾਂ ਏਕਤਾ, ਸ਼ਾਂਤੀ ਅਤੇ ਸਹਿਯੋਗ ਦੀ ਭਾਵਨਾ ਨਾਲ ਅੱਗੇ ਵਧਣਗੇ ਅਤੇ ਦੇਸ਼ ਨੂੰ ਹੋਰ ਮਜ਼ਬੂਤ ਬਣਾਉਣਗੇ।

# ਵੈਨਕੂਵਰ 'ਚ ਦਰਦਨਾਕ ਘਟਨਾ, ਲਾਪਤਾ ਹੋਣ ਤੋਂ ਇੱਕ ਦਿਨ ਬਾਅਦ 16 ਸਾਲਾ ਲੜਕੀ ਦੀ ਮਿਲੀ ਲਾਸ਼

ਸਰੀ, (ਦਿਵਰੂਪ ਕੌਰ): ਪੁਲਿਸ ਵੱਲੋਂ ਜਾਰੀ ਕੀਤੇ ਗਏ ਅਧਿਕਾਰਤ ਬਿਆਨ ਅਨੁਸਾਰ, ਇਸ ਨਾਬਾਲਗ ਲੜਕੀ ਦੇ ਲਾਪਤਾ ਹੋਣ ਦੀ ਸ਼ਿਕਾਇਤ ਸੋਮਵਾਰ ਨੂੰ ਦਰਜ ਕਰਵਾਈ ਗਈ ਸੀ। ਲਾਪਤਾ ਹੋਣ ਦੇ ਇਸ ਮਾਮਲੇ ਦੀ ਸ਼ੁਰੂਆਤੀ ਜਾਂਚ ਨੌਰਥ ਵੈਨਕੂਵਰ ਆਰ.ਸੀ.ਐਮ.ਪੀ. (RCMP) ਵੱਲੋਂ ਕੀਤੀ ਜਾ ਰਹੀ ਸੀ, ਪਰ ਲਾਸ਼ ਮਿਲਣ ਤੋਂ ਬਾਅਦ ਹੁਣ ਇਹ ਮਾਮਲਾ ਵੈਨਕੂਵਰ ਪੁਲਿਸ ਦੇ ਅਧਿਕਾਰ ਖੇਤਰ ਵਿੱਚ ਆ ਗਿਆ ਹੈ। ਜਿਸ ਹਾਲਤ ਵਿੱਚ ਲੜਕੀ ਦੀ ਲਾਸ਼ ਮਿਲੀ ਹੈ, ਉਸ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ।

ਫਿਲਹਾਲ ਲੜਕੀ ਦੀ ਮੌਤ ਦੇ ਅਸਲ ਕਾਰਨਾਂ ਬਾਰੇ ਕੁਝ ਵੀ ਸਪੱਸ਼ਟ ਨਹੀਂ ਹੋ ਸਕਿਆ ਹੈ। ਵੈਨਕੂਵਰ ਪੁਲਿਸ ਵਿਭਾਗ ਦੀ ਮੇਜਰ ਕ੍ਰਾਈਮ ਸੈਕਸ਼ਨ (Major Crime Section) ਅਤੇ ਫੋਰੈਂਸਿਕ ਆਈਡੈਂਟੀਫਿਕੇਸ਼ਨ ਯੂਨਿਟ (Forensic Identification Unit) ਮੌਕੇ 'ਤੇ ਪਹੁੰਚ ਕੇ ਸਬੂਤ ਇਕੱਠੇ ਕਰ ਰਹੀ ਹੈ। ਪੁਲਿਸ ਇਸ ਗੱਲ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ ਕਿ ਕੀ ਇਹ ਮੌਤ ਕਿਸੇ ਅਪਰਾਧਿਕ ਸਾਜ਼ਿਸ਼ ਦਾ ਨਤੀਜਾ ਹੈ ਜਾਂ ਇਸ ਦੇ ਪਿੱਛੇ ਕੋਈ ਹੋਰ ਕਾਰਨ ਹਨ। ਪੁਲਿਸ ਨੇ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਵੀ ਇਸ ਘਟਨਾ ਜਾਂ ਲੜਕੀ ਦੇ ਲਾਪਤਾ ਹੋਣ ਦੇ ਸਬੰਧ ਵਿੱਚ ਕੋਈ ਜਾਣਕਾਰੀ ਹੋਵੇ, ਤਾਂ ਉਹ ਤੁਰੰਤ ਮੇਜਰ ਕ੍ਰਾਈਮ ਸੈਕਸ਼ਨ ਨਾਲ 604-717-2500 'ਤੇ ਸੰਪਰਕ ਕਰੇ। ਪੂਰਾ ਭਾਈਚਾਰਾ ਇਸ ਵੇਲੇ ਸਦਮੇ ਵਿੱਚ ਹੈ ਅਤੇ ਪੁਲਿਸ ਜਾਂਚ ਦੇ ਅਗਲੇ ਪੜਾਵਾਂ ਦੀ ਉਡੀਕ ਕੀਤੀ ਜਾ ਰਹੀ ਹੈ। This report was written by Divroop Kaur as part of the Local Journalism Initiative.






NEWTON DENTURE CLINIC INC.

Web: www.newtondentures.ca | Email: newtondentures@gmail.com

ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ। ਮੁਫ਼ਤ ਸਲਾਹ

"Over 20 years experience as Denturist"

- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।



BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

GURTAJ SAMRA
PERSONAL REAL ESTATE CORPORATION



ਕੀ ਤੁਸੀਂ ਨਵਾਂ ਘਰ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?

ਨਵਾਂ ਘਰ ਖਰੀਦਣ ਜਾਂ ਵੇਚਣ ਲਈ ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

RESIDENTIAL, COMMERCIAL SALES&LEASING

GURTAJ SAMRA 778-869-0607
ASSOCIATE 778-564-3300
gurtaj@mainlandcommercial.com | www.maillandcommercial.com
105 - 7928 128nd Street Surrey, BC V3W 4E8

# ਪੇਰੂ ਵਿੱਚ ਭਿਆਨਕ ਰੇਲ ਹਾਦਸਾ, ਦੋ ਟ੍ਰੇਨਾਂ ਦੀ ਆਹਮੋ-ਸਾਹਮਣੇ ਟੱਕਰ, 7 ਕੈਨੇਡੀਅਨਾਂ ਸਮੇਤ ਦਰਜਨਾਂ ਜ਼ਖ਼ਮੀ

ਸਰੀ, (ਦਿਵਰੂਪ ਕੌਰ): ਦੱਖਣੀ ਅਮਰੀਕੀ ਦੇਸ਼ ਪੇਰੂ ਵਿੱਚ ਸਥਿਤ ਇਤਿਹਾਸਕ ਅਤੇ ਪੁਰਾਤੱਤਵ ਸਥਾਨ 'ਮਾਚੂ ਪਿਚੂ' ਵਿਖੇ ਵਾਪਰੇ ਇੱਕ ਭਿਆਨਕ ਰੇਲ ਹਾਦਸੇ ਨੇ ਪੂਰੀ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਹੈ। ਮੰਗਲਵਾਰ ਦੁਪਹਿਰ ਨੂੰ ਦੋ ਸੈਲਾਨੀ ਰੇਲਗੱਡੀਆਂ, ਜੋ ਸੈਲਾਨੀਆਂ ਨੂੰ ਮਾਚੂ ਪਿਚੂ ਲਿਜਾ ਰਹੀਆਂ ਅਤੇ ਵਾਪਸ ਲਿਆ ਰਹੀਆਂ ਸਨ, ਆਹਮੋ-ਸਾਹਮਣੇ ਟਕਰਾ ਗਈਆਂ। ਇਸ ਹਾਦਸੇ ਵਿੱਚ ਹੁਣ ਤੱਕ ਇੱਕ ਵਿਅਕਤੀ ਦੀ ਮੌਤ ਦੀ ਪੁਸ਼ਟੀ ਹੋ ਚੁੱਕੀ ਹੈ, ਜਿਸ ਦੀ ਪਛਾਣ ਇੱਕ ਰੇਲ ਕਰਮਚਾਰੀ ਵਜੋਂ ਹੋਈ ਹੈ। ਇਹ ਟੱਕਰ ਇੰਨੀ ਜ਼ਬਰਦਸਤ ਸੀ ਕਿ ਰੇਲ ਦੇ ਡੱਬਿਆਂ ਦੇ ਸ਼ੀਸ਼ੇ ਟੁੱਟ ਗਏ ਅਤੇ ਕਈ ਡੱਬੇ ਬੁਰੀ ਤਰ੍ਹਾਂ ਪਿਚਕ ਗਏ। ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਤਸਵੀਰਾਂ ਅਤੇ ਵੀਡੀਓਜ਼ ਵਿੱਚ ਦੇਖਿਆ ਜਾ ਸਕਦਾ ਹੈ ਕਿ ਜ਼ਖ਼ਮੀ ਲੋਕ ਰੇਲ ਪਟੜੀਆਂ ਦੇ ਕਿਨਾਰੇ ਪਏ ਸਹਾਇਤਾ ਦੀ ਉਡੀਕ ਕਰ ਰਹੇ ਸਨ।

ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਸੋਸ਼ਲ ਮੀਡੀਆ ਪਲੇਟਫਾਰਮ 'X' (ਪਹਿਲਾਂ ਟਵਿੱਟਰ) 'ਤੇ ਇਸ ਘਟਨਾ ਬਾਰੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਨੇ ਪੁਸ਼ਟੀ ਕੀਤੀ ਕਿ ਇਸ ਹਾਦਸੇ ਵਿੱਚ ਸੱਤ ਕੈਨੇਡੀਅਨ ਨਾਗਰਿਕ ਜ਼ਖ਼ਮੀ ਹੋਏ ਹਨ। ਗਲੋਬਲ ਅਫੇਅਰਜ਼ ਕੈਨੇਡਾ ਦੇ ਬੁਲਾਰੇ ਨੇ ਦੱਸਿਆ ਕਿ ਕੈਨੇਡੀਅਨ ਕੌਂਸਲਰ ਅਧਿਕਾਰੀ ਪ੍ਰਭਾਵਿਤ ਪਰਿਵਾਰਾਂ ਦੀ ਹਰ ਸੰਭਵ ਮਦਦ ਕਰ ਰਹੇ ਹਨ ਅਤੇ ਪੇਰੂ ਦੇ ਸਥਾਨਕ ਅਧਿਕਾਰੀਆਂ ਨਾਲ ਨਿਰੰਤਰ ਤਾਲਮੇਲ ਬਣਾਏ ਹੋਏ ਹਨ।



ਹਾਲਾਂਕਿ, ਨਿੱਜਤਾ ਦੇ ਕਾਰਨਾਂ ਕਰਕੇ ਜ਼ਖ਼ਮੀ ਕੈਨੇਡੀਅਨਾਂ ਦੀ ਪਛਾਣ ਜਾਂ ਉਨ੍ਹਾਂ ਦੀ ਸਿਹਤ ਸਬੰਧੀ ਵਧੇਰੇ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ ਹੈ, ਪਰ ਵਿਭਾਗ ਨੇ ਸਾਰਿਆਂ ਨਾਲ ਡੂੰਘੀ ਹਮਦਰਦੀ ਪ੍ਰਗਟਾਈ ਹੈ।

ਹਾਦਸਾ ਪੇਰੂ ਦੇ ਕੁਜ਼ਕੋ ਸ਼ਹਿਰ ਦੇ ਨੇੜੇ ਪੁਰਾਤੱਤਵ ਸਥਾਨ 'ਕੋਰੀਵੇਰਾਚੀਨਾ' (Qoriwayrachina) ਦੇ ਕੋਲ ਵਾਪਰਿਆ। ਰੇਲਵੇ ਕੰਪਨੀ ਅਨੁਸਾਰ, ਇੱਕ ਟ੍ਰੇਨ ਮਾਚੂ ਪਿਚੂ ਤੋਂ ਵਾਪਸ ਆ ਰਹੀ ਸੀ ਜਦੋਂ ਕਿ ਦੂਜੀ ਉੱਧਰ ਜਾ ਰਹੀ ਸੀ। ਪੇਰੂ ਦੀ ਪੁਲਿਸ ਅਤੇ ਸਿਹਤ ਅਧਿਕਾਰੀਆਂ ਅਨੁਸਾਰ ਜ਼ਖ਼ਮੀਆਂ ਦੀ ਗਿਣਤੀ 30 ਤੋਂ 40 ਦੇ ਵਿਚਕਾਰ ਦੱਸੀ ਜਾ ਰਹੀ ਹੈ। ਰਾਇਟਰਜ਼ ਦੀ ਰਿਪੋਰਟ ਮੁਤਾਬਕ ਇੱਕ ਸਿਹਤ ਅਧਿਕਾਰੀ ਨੇ ਦੱਸਿਆ ਕਿ ਲਗਭਗ 20 ਲੋਕਾਂ ਦੀ ਹਾਲਤ ਕਾਫ਼ੀ ਗੰਭੀਰ ਹੈ ਅਤੇ ਉਨ੍ਹਾਂ ਦਾ ਇਲਾਜ ਨੇੜਲੇ ਹਸਪਤਾਲਾਂ ਵਿੱਚ ਜਾਰੀ ਹੈ। ਮਰਨ ਵਾਲੇ ਵਿਅਕਤੀ ਦੀ ਪਛਾਣ ਰੋਬਰਟੋ ਕਾਰਡੇਨਾਸ ਵਜੋਂ ਹੋਈ ਹੈ, ਜੋ ਰੇਲਵੇ ਇੰਜੀਨੀਅਰ ਸੀ।

ਜ਼ਿਕਰਯੋਗ ਹੈ ਕਿ ਮਾਚੂ ਪਿਚੂ ਪੇਰੂ ਦਾ ਸਭ ਤੋਂ ਵੱਡਾ ਸੈਲਾਨੀ ਕੇਂਦਰ ਹੈ ਅਤੇ ਹਰ ਸਾਲ ਲਗਭਗ 15 ਲੱਖ ਲੋਕ ਇੱਥੇ ਘੁੰਮਣ ਆਉਂਦੇ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਸੈਲਾਨੀ ਰੇਲਗੱਡੀ ਰਾਹੀਂ 'ਆਗੁਆਸ ਕੈਲੀਐਂਟੇਸ' (Aguas Calientes) ਕਸਬੇ ਤੱਕ ਪਹੁੰਚਦੇ ਹਨ ਅਤੇ ਉੱਥੋਂ ਇਸ ਇਤਿਹਾਸਕ ਕਿਲੇ ਤੱਕ ਜਾਂਦੇ ਹਨ। ਇਸ ਹਾਦਸੇ ਤੋਂ ਬਾਅਦ ਰੇਲਵੇ ਸੇਵਾਵਾਂ ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰ ਦਿੱਤਾ ਗਿਆ ਹੈ, ਜਿਸ ਕਾਰਨ ਹਜ਼ਾਰਾਂ ਸੈਲਾਨੀ ਰਸਤੇ ਵਿੱਚ ਫਸ ਗਏ ਹਨ। ਕੈਨੇਡੀਅਨ ਸਰਕਾਰ ਨੇ ਪੇਰੂ ਵਿੱਚ ਮੌਜੂਦ ਆਪਣੇ ਨਾਗਰਿਕਾਂ ਨੂੰ ਸਥਾਨਕ ਨਿਰਦੇਸ਼ਾਂ ਦੀ ਪਾਲਣਾ ਕਰਨ ਅਤੇ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਕੌਂਸਲੇਟ ਨਾਲ ਸੰਪਰਕ ਕਰਨ ਦੀ ਸਲਾਹ ਦਿੱਤੀ ਹੈ। ਇਸ ਘਟਨਾ ਨੇ ਸੈਲਾਨੀ ਖੇਤਰਾਂ ਵਿੱਚ ਆਵਾਜਾਈ ਦੀ ਸੁਰੱਖਿਆ ਨੂੰ ਲੈ ਕੇ ਇੱਕ ਵਾਰ ਫਿਰ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। This report was written by Divroop Kaur as part of the Local Journalism Initiative.

# ਕੋਕੀਹਾਲਾ ਹਾਈਵੇਅ 'ਤੇ ਵਾਪਰਿਆ ਸੜਕ ਹਾਦਸਾ, 21 ਸਾਲਾ ਮੁਟਿਆਰ ਦੀ ਮੌਤ

ਸਰੀ, (ਦਿਵਰੂਪ ਕੌਰ): ਬੀ.ਸੀ. ਹਾਈਵੇਅ ਪੈਟਰੋਲ ਨੇ ਕੋਕੀਹਾਲਾ ਹਾਈਵੇਅ 'ਤੇ ਹੋਏ ਇੱਕ ਬੇਹੱਦ "ਰਹੱਸਮਈ ਹਾਦਸੇ" ਨੂੰ ਸੁਲਝਾਉਣ ਲਈ ਜਨਤਾ ਤੋਂ ਮਦਦ ਦੀ ਮੰਗ ਕੀਤੀ ਹੈ। ਇਸ ਮੰਦਭਾਗੀ ਘਟਨਾ ਵਿੱਚ ਵੈਨਕੂਵਰ ਦੀ ਇੱਕ 21 ਸਾਲਾ ਮੁਟਿਆਰ ਦੀ ਜਾਨ ਚਲੀ ਗਈ ਹੈ। ਪੁਲਿਸ ਅਨੁਸਾਰ ਇਹ ਹਾਦਸਾ 27 ਦਸੰਬਰ ਨੂੰ ਉਸ ਵੇਲੇ ਵਾਪਰਿਆ ਜਦੋਂ ਲੜਕੀ ਆਪਣੀ ਚਿੱਟੇ ਰੰਗ ਦੀ ਟੋਇਟਾ ਯਾਰਿਸ (Toyota Yaris) ਕਾਰ ਵਿੱਚ ਸਵਾਰ ਹੋ ਕੇ ਦੱਖਣ ਵੱਲ (southbound) ਜਾ ਰਹੀ ਸੀ। ਹੋਪ (Hope) ਨੇੜੇ ਸੋਵਾਕੁਆ ਚੇਨ-ਅੱਪ ਖੇਤਰ ਅਤੇ ਓਥੇਲੋ ਰੋਡ ਦੇ ਵਿਚਕਾਰ ਉਸਦੀ ਕਾਰ ਅਚਾਨਕ ਬੇਕਾਬੂ ਹੋ ਕੇ ਸੜਕ ਦੇ ਕਿਨਾਰੇ ਇੱਕ ਡੂੰਘੀ ਖੱਡ ਵਿੱਚ ਜਾ ਡਿੱਗੀ। ਜ਼ਖ਼ਮੀ ਹਾਲਤ ਵਿੱਚ ਉਸਨੂੰ ਹਸਪਤਾਲ ਲਿਜਾਇਆ ਗਿਆ, ਪਰ ਦੋ ਦਿਨਾਂ ਬਾਅਦ ਉਸਨੇ ਦਮ ਤੋੜ ਦਿੱਤਾ। ਇਸ ਮਾਮਲੇ ਦੀ ਜਾਂਚ ਕਰ ਰਹੇ ਕਾਰਪੋਰਲ ਮਾਈਕਲ ਮੈਕਲਾਫਲਿਨ ਨੇ ਇਸ ਘਟਨਾ ਨੂੰ ਕਾਫੀ ਹੈਰਾਨੀਜਨਕ ਦੱਸਿਆ ਹੈ। ਉਨ੍ਹਾਂ ਕਿਹਾ ਕਿ ਇਹ ਹਾਦਸਾ ਦਿਨ-ਦਿਹਾੜੇ



ਵਾਪਰਿਆ ਸੀ, ਪਰ ਅਜੇ ਤੱਕ ਪੁਲਿਸ ਇੱਕ ਵੀ ਅਜਿਹਾ ਗਵਾਹ ਨਹੀਂ ਲੱਭ ਸਕੀ ਜਿਸ ਨੇ ਇਸ ਕਾਰ ਨੂੰ ਸੜਕ ਤੋਂ ਹੇਠਾਂ ਉਤਰਦੇ ਦੇਖਿਆ ਹੋਵੇ। ਮ੍ਰਿਤਕ ਲੜਕੀ ਹਸਪਤਾਲ ਵਿੱਚ ਇੰਨੀ ਗੰਭੀਰ ਹਾਲਤ ਵਿੱਚ ਸੀ ਕਿ ਉਹ ਪੁਲਿਸ ਨੂੰ ਕੁਝ ਵੀ ਦੱਸਣ ਦੇ ਯੋਗ ਨਹੀਂ ਸੀ। ਹੁਣ ਪੁਲਿਸ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਕੀ ਇਹ ਸਿਰਫ਼ ਇੱਕ ਹਾਦਸਾ ਸੀ ਜਾਂ ਇਸ ਪਿੱਛੇ ਕੋਈ ਅਪਰਾਧਿਕ ਕਾਰਨ ਤਾਂ ਨਹੀਂ ਸੀ। ਪੁਲਿਸ ਅਨੁਸਾਰ ਇਹ ਘਟਨਾ 27 ਦਸੰਬਰ ਨੂੰ ਸਵੇਰੇ 11:50 ਵਜੇ ਤੋਂ ਦੁਪਹਿਰ 12:20 ਵਜੇ ਦੇ ਵਿਚਕਾਰ ਵਾਪਰੀ ਹੈ। ਪੁਲਿਸ ਨੇ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਨੇ ਵੀ ਉਸ ਚਿੱਟੇ ਰੰਗ ਦੀ ਟੋਇਟਾ ਯਾਰਿਸ ਨੂੰ ਸੜਕ ਤੋਂ ਹੇਠਾਂ ਡਿੱਗਣ ਤੋਂ ਪਹਿਲਾਂ ਦੇਖਿਆ ਹੋਵੇ, ਜਾਂ ਕਿਸੇ ਕੋਲ ਉਸ ਸਮੇਂ ਦੀ ਡੈਸ਼ਕੈਮ ਫੁਟੇਜ ਹੋਵੇ, ਤਾਂ ਉਹ ਤੁਰੰਤ ਬੀ.ਸੀ. ਹਾਈਵੇਅ ਪੈਟਰੋਲ-ਚਿਲੀਵੈਕ ਨਾਲ 604-702-4039 'ਤੇ ਸੰਪਰਕ ਕਰੇ। ਜਾਣਕਾਰੀ ਦਿੰਦੇ ਸਮੇਂ ਫਾਈਲ ਨੰਬਰ (1501) 2025-54575 ਦਾ ਹਵਾਲਾ ਦੇਣਾ ਜ਼ਰੂਰੀ ਹੈ। ਹੁਣ ਤੱਕ ਕਿਸੇ ਵੀ ਗਵਾਹ ਦਾ ਸਾਹਮਣੇ ਨਾ ਆਉਣਾ ਪੁਲਿਸ ਲਈ ਜਾਂਚ ਵਿੱਚ ਵੱਡੀ ਰੁਕਾਵਟ ਬਣਿਆ ਹੋਇਆ ਹੈ। This report was written by Divroop Kaur as part of the Local Journalism Initiative.

# ਬ੍ਰੈਂਪਟਨ 25 ਸਾਲਾ ਸਿੱਖ ਨੌਜਵਾਨ ਦੀ ਮੌਤ ਦੇ ਮਾਮਲੇ ਵਿੱਚ ਤਿੰਨ ਦੋਸ਼ੀ ਗ੍ਰਿਫ਼ਤਾਰ, ਫਸਟ ਡਿਗਰੀ ਮਰਡਰ ਦੇ ਦੋਸ਼ ਆਇਦ

ਬ੍ਰੈਂਪਟਨ, (ਦਿਵਰੂਪ ਕੌਰ): ਬ੍ਰੈਂਪਟਨ ਦੇ ਵਿਅਸਤ ਇਲਾਕੇ ਵਿੱਚ ਵਾਪਰੀ ਇਸ ਵਾਰਦਾਤ ਨੇ ਇਲਾਕੇ ਦੀ ਸੁਰੱਖਿਆ ਨੂੰ ਲੈ ਕੇ ਕਈ ਸਵਾਲ ਖੜ੍ਹੇ ਕਰ ਦਿੱਤੇ ਸਨ। ਇਹ ਘਟਨਾ ਸੋਮਵਾਰ, 8 ਦਸੰਬਰ ਦੀ ਸ਼ਾਮ ਨੂੰ ਵਾਪਰੀ, ਜਦੋਂ ਆਮ ਵਾਂਗ ਲੋਕ ਆਪਣੀ ਰੋਜ਼ਮਰ੍ਹਾ ਦੀ ਖਰੀਦਦਾਰੀ ਅਤੇ ਕੰਮਾਂ-ਕਾਰਾਂ ਵਿੱਚ ਰੁੱਝੇ ਹੋਏ ਸਨ। ਸ਼ਾਮ ਦੇ ਲਗਭਗ 7:02 ਵਜੇ, ਪੀਲ ਰੀਜਨਲ ਪੁਲਿਸ ਨੂੰ ਮੈਨ ਸਟ੍ਰੀਟ ਉੱਤੇ ਸਥਿਤ ਪ੍ਰਸਿੱਧ ਸ਼ਾਪਰਜ਼ ਵਰਲਡ ਪਲਾਜ਼ਾ ਦੇ ਨੇੜੇ ਗੋਲੀਆਂ ਚੱਲਣ ਦੀਆਂ ਖ਼ਬਰਾਂ ਮਿਲੀਆਂ। ਚਸ਼ਮਦੀਦਾਂ ਅਨੁਸਾਰ, ਉਸ ਵੇਲੇ ਮਾਹੌਲ ਬਹੁਤ ਹੀ ਡਰ ਵਾਲਾ ਬਣ ਗਿਆ ਜਦੋਂ ਅਚਾਨਕ ਗੋਲੀਆਂ ਦੀ ਆਵਾਜ਼ ਨਾਲ ਇਲਾਕਾ ਗੂੰਜ ਉੱਠਿਆ। ਪੁਲਿਸ ਨੂੰ ਮਿਲੀ 911 ਕਾਲ ਤੋਂ ਤੁਰੰਤ ਬਾਅਦ ਭਾਰੀ ਪੁਲਿਸ ਫੋਰਸ ਅਤੇ ਐਮਰਜੈਂਸੀ ਸੇਵਾਵਾਂ ਮੌਕੇ 'ਤੇ ਪਹੁੰਚ ਗਈਆਂ।

ਜਾਂਚ ਦੌਰਾਨ ਪਤਾ ਲੱਗਿਆ ਕਿ ਪੀੜਤ, ਜੋ ਕਿ 25 ਸਾਲਾ ਸਿੱਖ ਨੌਜਵਾਨ ਸੀ, ਪਲਾਜ਼ਾ ਤੋਂ ਆਪਣੀ ਗੱਡੀ ਬਾਹਰ ਕੱਢ ਰਿਹਾ ਸੀ। ਅਜੇ ਉਹ ਆਪਣੀ ਮੰਜ਼ਿਲ ਵੱਲ ਵਧਣ ਹੀ ਵਾਲਾ ਸੀ ਕਿ ਸ਼ੱਕੀ ਵਿਅਕਤੀਆਂ ਨੇ ਉਸ ਦੀ ਗੱਡੀ ਦੇ ਬਿਲਕੁਲ ਨੇੜੇ ਆ ਕੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਹਮਲਾ ਇੰਨਾ ਅਚਾਨਕ ਅਤੇ ਤੇਜ਼ ਸੀ ਕਿ ਪੀੜਤ ਨੂੰ ਸੰਭਲਣ ਦਾ ਮੌਕਾ ਤੱਕ ਨਹੀਂ ਮਿਲਿਆ। ਜਦੋਂ ਅਧਿਕਾਰੀ ਘਟਨਾ ਸਥਾਨ 'ਤੇ ਪਹੁੰਚੇ, ਤਾਂ ਉਨ੍ਹਾਂ ਨੇ ਪੀੜਤ ਨੂੰ ਗੱਡੀ ਦੇ ਅੰਦਰ ਹੀ ਲਹੂ-ਲੁਹਾਨ ਹਾਲਤ ਵਿੱਚ ਪਾਇਆ। ਹਾਲਾਂਕਿ ਪੈਰਾਮੈਡਿਕਸ ਨੇ ਉਸ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਉਸ ਦੇ ਜ਼ਖ਼ਮ ਇੰਨੇ ਗੰਭੀਰ ਸਨ ਕਿ ਉਸ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ ਅਤੇ ਉਸ ਨੂੰ






ਮ੍ਰਿਤਕ ਐਲਾਨ ਦਿੱਤਾ ਗਿਆ।

ਇਸ ਘਟਨਾ ਤੋਂ ਬਾਅਦ ਪੀਲ ਪੁਲਿਸ ਦੇ ਹੋਮਿਸਾਈਡ ਯੂਨਿਟ ਨੇ ਮਾਮਲੇ ਦੀ ਕਮਾਂਡ ਸੰਭਾਲੀ। ਜਾਂਚਕਰਤਾਵਾਂ ਨੇ ਇਲਾਕੇ ਦੇ ਸੀਸੀਟੀਵੀ ਫੁਟੇਜ ਖੰਗਾਲੇ ਅਤੇ ਗਵਾਹਾਂ ਦੇ ਬਿਆਨ ਦਰਜ ਕੀਤੇ। ਕੁਝ ਹੀ ਦਿਨਾਂ ਦੀ ਮੁਸਤੈਦੀ ਨਾਲ ਕੀਤੀ ਗਈ ਜਾਂਚ ਤੋਂ ਬਾਅਦ, ਪੁਲਿਸ ਨੇ ਤਿੰਨ ਮੁਲਜ਼ਮਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਬ੍ਰੈਂਪਟਨ ਦੇ ਰਹਿਣ ਵਾਲੇ 20 ਸਾਲਾ ਇਲਾਈਜਾ ਟਰਨੀ, ਬ੍ਰੈਂਪਟਨ ਦੇ ਹੀ 20 ਸਾਲਾ ਮਾਲਿਕ ਯੰਗ ਅਤੇ ਟੋਰਾਂਟੋ ਦੇ ਰਹਿਣ ਵਾਲੇ 25 ਸਾਲਾ ਓਮਰ ਅਯਾਹ ਵਜੋਂ ਹੋਈ ਹੈ। ਇਨ੍ਹਾਂ ਤਿੰਨਾਂ 'ਤੇ 'ਫਸਟ ਡਿਗਰੀ ਮਰਡਰ' ਦੇ ਦੋਸ਼ ਲਗਾਏ ਗਏ ਹਨ, ਜਿਸਦਾ ਮਤਲਬ ਹੈ ਕਿ ਪੁਲਿਸ ਨੂੰ ਸ਼ੱਕ ਹੈ ਕਿ ਇਹ ਕਤਲ ਸੋਚੀ-ਸਮਝੀ ਸਾਜ਼ਿਸ਼ ਤਹਿਤ ਕੀਤਾ ਗਿਆ ਸੀ।

ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ, ਤਿੰਨੇ ਦੋਸ਼ੀਆਂ ਨੂੰ ਹਿਰਾਸਤ ਵਿੱਚ ਰੱਖਿਆ ਗਿਆ ਹੈ ਅਤੇ ਉਨ੍ਹਾਂ ਨੂੰ ਬ੍ਰੈਂਪਟਨ ਸਥਿਤ ਓਂਟਾਰੀਓ ਕੋਰਟ ਆਫ਼ ਜਸਟਿਸ ਵਿੱਚ ਪੇਸ਼ ਕੀਤਾ ਜਾਵੇਗਾ, ਜਿੱਥੇ ਉਨ੍ਹਾਂ ਦੀ ਜ਼ਮਾਨਤ ਦੀ ਅਰਜ਼ੀ 'ਤੇ ਸੁਣਵਾਈ ਹੋਵੇਗੀ। ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਅਦਾਲਤੀ ਕਾਰਵਾਈ 'ਤੇ ਸਭ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ। ਪੁਲਿਸ ਦੇ ਬੁਲਾਰੇ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਇਹ ਕੋਈ ਅਚਾਨਕ ਵਾਪਰੀ ਘਟਨਾ ਨਹੀਂ ਸੀ ਬਲਕਿ ਇੱਕ ਇਕੱਲੀ ਅਤੇ ਨਿਸ਼ਾਨਾ ਬਣਾ ਕੇ ਕੀਤੀ ਗਈ ਵਾਰਦਾਤ ਸੀ। ਉਨ੍ਹਾਂ ਨੇ ਜਨਤਾ ਨੂੰ ਭਰੋਸਾ ਦਿਵਾਇਆ ਕਿ ਇਸ ਸਮੇਂ ਜਨਤਕ ਸੁਰੱਖਿਆ ਲਈ ਕੋਈ ਹੋਰ ਲਗਾਤਾਰ ਖਤਰਾ ਨਹੀਂ ਹੈ ਅਤੇ ਪੁਲਿਸ ਇਸ ਵੇਲੇ ਕਿਸੇ ਹੋਰ ਸ਼ੱਕੀ ਦੀ ਤਲਾਸ਼ ਨਹੀਂ ਕਰ ਰਹੀ।

ਇਸ ਕਤਲ ਦੀ ਖ਼ਬਰ ਨੇ ਜਿੱਥੇ ਮ੍ਰਿਤਕ ਨੌਜਵਾਨ ਦੇ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਤੋੜ ਦਿੱਤਾ ਹੈ, ਉੱਥੇ ਹੀ ਬ੍ਰੈਂਪਟਨ ਵਿੱਚ ਰਹਿਣ ਵਾਲੇ ਪੰਜਾਬੀ ਭਾਈਚਾਰੇ ਵਿੱਚ ਵੀ ਚਿੰਤਾ ਪਾਈ ਜਾ ਰਹੀ ਹੈ। ਪਿਛਲੇ ਕੁਝ ਸਮੇਂ ਤੋਂ ਜੀ.ਟੀ.ਏ. (ਗ੍ਰੇਟਰ ਟੋਰਾਂਟੋ ਏਰੀਆ) ਵਿੱਚ ਹਿੰਸਕ ਘਟਨਾਵਾਂ ਅਤੇ ਗੋਲੀਬਾਰੀ ਦੇ ਮਾਮਲਿਆਂ ਵਿੱਚ ਹੋ ਰਿਹਾ ਵਾਧਾ ਸਥਾਨਕ ਨਿਵਾਸੀਆਂ ਲਈ ਸਿਰਦਰਦੀ ਬਣਿਆ ਹੋਇਆ ਹੈ। ਲੋਕਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਅਜਿਹੇ ਅਪਰਾਧੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ ਤਾਂ ਜੋ ਭਵਿੱਖ ਵਿੱਚ ਕੋਈ ਅਜਿਹੀ ਹਿੰਸਕ ਕਾਰਵਾਈ ਕਰਨ ਦੀ ਜੁਰਅਤ ਨਾ ਕਰ ਸਕੇ। ਪੀਲ ਰੀਜਨਲ ਪੁਲਿਸ ਦੇ ਮੁਖੀ ਨੇ ਜਾਂਚ ਟੀਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਗੁੰਝਲਦਾਰ ਮਾਮਲਿਆਂ ਨੂੰ ਜਲਦੀ ਹੱਲ ਕਰਨਾ ਪੁਲਿਸ ਦੀ ਤਰਜੀਹ ਹੈ। ਹਾਲਾਂਕਿ, ਉਨ੍ਹਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਕਾਨੂੰਨੀ ਕਾਰਵਾਈ ਅਜੇ ਜਾਰੀ ਹੈ ਅਤੇ ਉਹ ਪੀੜਤ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਵਚਨਬੱਧ ਹਨ। ਫਿਲਹਾਲ ਪੁਲਿਸ ਨੇ ਪੀੜਤ ਦੇ ਨਾਮ ਅਤੇ ਹੋਰ ਨਿੱਜੀ ਜਾਣਕਾਰੀਆਂ ਨੂੰ ਜਨਤਕ ਕਰਨ ਤੋਂ ਪਰਹੇਜ਼ ਕੀਤਾ ਹੈ, ਤਾਂ ਜੋ ਜਾਂਚ ਦੀ ਪ੍ਰਕਿਰਿਆ ਅਤੇ ਪਰਿਵਾਰ ਦੀ ਨਿੱਜਤਾ ਪ੍ਰਭਾਵਿਤ ਨਾ ਹੋਵੇ। ਆਉਣ ਵਾਲੇ ਦਿਨਾਂ ਵਿੱਚ ਅਦਾਲਤੀ ਸੁਣਵਾਈ ਦੌਰਾਨ ਇਸ ਕਤਲ ਦੇ ਪਿੱਛੇ ਦੇ ਅਸਲ ਕਾਰਨਾਂ ਅਤੇ ਮਕਸਦ ਤੋਂ ਪਰਦਾ ਉੱਠਣ ਦੀ ਉਮੀਦ ਹੈ। ਸਮੁੱਚਾ ਭਾਈਚਾਰਾ ਪੀੜਤ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰ ਰਿਹਾ ਹੈ ਅਤੇ ਦੋਸ਼ੀਆਂ ਲਈ ਸਖ਼ਤ ਸਜ਼ਾ ਦੀ ਅਪੀਲ ਕਰ ਰਿਹਾ ਹੈ। This report was written by Divroop Kaur as part of the Local Journalism Initiative.

ਹੁਕਮਨਾਮੇ ਦੀ ਉਲੰਘਣਾ ਦੇ ਲੱਗੇ ਦੋਸ਼

# ਅਕਾਲ ਤਖ਼ਤ ਸਾਹਿਬ 'ਤੇ ਪਹੁੰਚਿਆ ਟਕਸਾਲ ਮੁਖੀ ਦਾ ਮਾਮਲਾ

## ਗੁਰੂ ਦਰਬਾਰ 'ਚ ਬੈਂਚਾਂ 'ਤੇ ਬੈਠਣ ਦਾ ਮਾਮਲਾ ਗਰਮਾਇਆ: ਜਥੇਦਾਰ ਨੂੰ ਟਕਸਾਲ ਮੁਖੀ ਖ਼ਿਲਾਫ਼ ਕਾਰਵਾਈ ਦੀ ਮੰਗ

ਅਕਾਲ ਤਖ਼ਤ ਸਾਹਿਬ ਵਿਖੇ ਅੱਜ ਸਿੱਖ ਸਿਆਸਤ ਅਤੇ ਧਾਰਮਿਕ ਮਰਿਆਦਾ ਨਾਲ ਜੁੜਿਆ ਇੱਕ ਅਹਿਮ ਮਾਮਲਾ ਸਾਹਮਣੇ ਆਇਆ ਹੈ। ਕਈ ਪ੍ਰਮੁੱਖ ਸਿੱਖ ਜਥੇਬੰਦੀਆਂ ਨੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਵਿਰੁੱਧ ਮਰਿਆਦਾ ਦੀ ਉਲੰਘਣਾ ਦੇ ਗੰਭੀਰ ਦੋਸ਼ ਲਾਉਂਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਨੂੰ ਸ਼ਿਕਾਇਤ ਪੱਤਰ ਸੌਂਪਿਆ ਹੈ। ਇਸ ਘਟਨਾ ਨੇ ਪੰਥਕ ਹਲਕਿਆਂ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ, ਕਿਉਂਕਿ ਇਹ ਮਾਮਲਾ ਸਿੱਧੇ ਤੌਰ 'ਤੇ ਗੁਰੂ ਦਰਬਾਰ ਦੇ ਅਦਬ ਅਤੇ ਪੁਰਾਤਨ ਹੁਕਮਨਾਮਿਆਂ ਦੀ ਪਾਲਣਾ ਨਾਲ ਜੁੜਿਆ ਹੋਇਆ ਹੈ।

ਅੰਮ੍ਰਿਤਸਰ ਵਿਖੇ ਅੱਜ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਵਿਰੁੱਧ ਇੱਕ ਮੰਗ ਪੱਤਰ ਸੌਂਪਿਆ, ਜਿਸ ਵਿੱਚ ਦੋਸ਼ ਲਾਇਆ ਗਿਆ ਹੈ ਕਿ ਉਨ੍ਹਾਂ ਨੇ ਪੰਥਕ ਰਵਾਇਤਾਂ ਅਤੇ ਅਕਾਲ ਤਖ਼ਤ ਸਾਹਿਬ ਦੇ ਪੁਰਾਤਨ ਹੁਕਮਨਾਮਿਆਂ ਨੂੰ ਅੱਖੋਂ-ਪਰੋਖੇ ਕੀਤਾ ਹੈ। ਸ਼ਿਕਾਇਤਕਰਤਾਵਾਂ ਵਿੱਚ ਸਿੱਖ ਸਟੂਡੈਂਟਸ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਸਮੇਤ ਬਾਬਾ ਲਹਿਣਾ ਸਿੰਘ, ਭਾਈ ਬਲਵੰਤ ਸਿੰਘ ਗੋਪਾਲਾ ਅਤੇ ਹੋਰ ਕਈ ਆਗੂ ਸ਼ਾਮਲ ਸਨ।

ਵਿਵਾਦ ਦੀ ਜੜ੍ਹ ਮਹਾਰਾਸ਼ਟਰ ਦੇ ਨਾਗਪੁਰ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਵਾਏ ਗਏ ਇੱਕ ਸਮਾਗਮ ਨਾਲ ਜੁੜੀ ਹੋਈ ਹੈ। ਸ਼ਿਕਾਇਤਕਰਤਾਵਾਂ ਦਾ ਦੋਸ਼ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਬਾਬਾ ਹਰਨਾਮ ਸਿੰਘ ਅਤੇ ਕੁਝ ਸਿਆਸੀ ਆਗੂ, ਜਿਨ੍ਹਾਂ ਵਿੱਚ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਵੀ ਸ਼ਾਮਲ ਸਨ, ਨਿਰਧਾਰਤ ਮਰਿਆਦਾ ਅਨੁਸਾਰ ਜ਼ਮੀਨ 'ਤੇ ਚੌਂਕੜਾ ਮਾਰ ਕੇ ਬੈਠਣ ਦੀ ਬਜਾਏ ਬੈਂਚਾਂ 'ਤੇ ਲੱਤਾਂ ਲਮਕਾ ਕੇ ਬੈਠੇ ਸਨ। ਆਗੂਆਂ ਨੇ ਇਸ ਨੂੰ ਕਿਸੇ ਧਾਰਮਿਕ ਸਮਾਗਮ ਦੀ ਬਜਾਏ ਸਿਆਸੀ ਰੈਲੀ ਵਰਗਾ ਵਿਹਾਰ ਕਰਾਰ ਦਿੱਤਾ ਅਤੇ ਇਸ ਨੂੰ ਗੁਰੂ ਸਾਹਿਬ ਦੀ ਸਿੱਧੀ ਬੇਅਦਬੀ ਦੱਸਿਆ।

ਸ਼ਿਕਾਇਤ ਪੱਤਰ ਵਿੱਚ ਇਸ ਗੱਲ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਪਹਿਲਾਂ ਹੀ ਇੱਕ ਸਖ਼ਤ ਹੁਕਮਨਾਮਾ ਜਾਰੀ ਕੀਤਾ ਹੋਇਆ ਹੈ ਕਿ ਗੁਰੂ ਦਰਬਾਰ ਅਤੇ ਲੰਗਰ ਹਾਲ ਵਿੱਚ ਕੁਰਸੀਆਂ ਜਾਂ ਬੈਂਚਾਂ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। ਆਗੂਆਂ ਨੇ ਦੋਸ਼ ਲਾਇਆ ਕਿ ਦਮਦਮੀ ਟਕਸਾਲ ਵਰਗੀ ਸਤਿਕਾਰਤ ਸੰਸਥਾ ਦੇ ਮੁਖੀ ਹੋਣ ਦੇ ਨਾਤੇ ਬਾਬਾ ਹਰਨਾਮ ਸਿੰਘ ਦਾ ਫਰਜ਼ ਸੀ ਕਿ ਉਹ ਮੁੱਖ ਮੰਤਰੀ ਅਤੇ ਹੋਰਨਾਂ ਨੂੰ ਸਿੱਖੀ ਸਿਧਾਂਤਾਂ ਤੋਂ ਜਾਣੂ ਕਰਵਾਉਂਦੇ, ਪਰ ਉਨ੍ਹਾਂ ਨੇ ਅਜਿਹਾ ਕਰਨ ਦੀ ਬਜਾਏ ਖ਼ੁਦ ਮਰਿਆਦਾ ਦੀ ਉਲੰਘਣਾ ਕੀਤੀ। ਉਨ੍ਹਾਂ ਅੱਗੇ ਦੋਸ਼ ਲਾਇਆ ਕਿ ਇਹ ਸਭ ਕੁਝ ਪੰਥ ਵਿਰੋਧੀ ਸ਼ਕਤੀਆਂ ਨਾਲ ਮਿਲ ਕੇ ਇੱਕ ਗ਼ਲਤ ਪਿਰਤ ਪਾਉਣ ਦੀ ਸਾਜ਼ਿਸ਼ ਦਾ ਹਿੱਸਾ ਹੋ ਸਕਦਾ ਹੈ।

ਸਫ਼ਾ 1 ਦਾ ਬਾਕੀ

### ਬੀ.ਸੀ. 'ਚ ਸਿਹਤ ਸੇਵਾਵਾਂ 'ਤੇ...

ਲੈਣ ਲਈ ਵੀ ਤਿਆਰ ਹਾਂ।" ਉਨ੍ਹਾਂ ਅੱਗੇ ਕਿਹਾ ਕਿ ਇਹ ਬਹੁਤ ਚਿੰਤਾ ਦਾ ਵਿਸ਼ਾ ਹੈ ਕਿ ਸਰਕਾਰ ਇਨ੍ਹਾਂ ਗੰਭੀਰ ਗੱਲਬਾਤਾਂ ਨੂੰ ਲੋੜੀਂਦੀ ਗੰਭੀਰਤਾ ਨਾਲ ਨਹੀਂ ਲੈ ਰਹੀ। ਦੂਜੇ ਪਾਸੇ, ਬੀ.ਸੀ. ਐਮਰਜੈਂਸੀ ਹੈਲਥ ਸਰਵਿਸਿਜ਼ ਵੱਲੋਂ ਅਜੇ ਤੱਕ ਇਸ ਚਿਤਾਵਨੀ 'ਤੇ ਕੋਈ ਅਧਿਕਾਰਤ ਪ੍ਰਤੀਕਿਰਿਆ ਸਾਹਮਣੇ ਨਹੀਂ ਆਈ ਹੈ। ਇਹ ਵਿਵਾਦ ਅਜਿਹੇ ਸਮੇਂ ਪੈਦਾ ਹੋਇਆ ਹੈ ਜਦੋਂ ਸੂਬੇ ਦਾ ਸਿਹਤ ਢਾਂਚਾ ਪਹਿਲਾਂ ਹੀ ਸਟਾਫ਼ ਦੀ ਘਾਟ ਅਤੇ ਵਧਦੇ ਦਬਾਅ ਕਾਰਨ ਚਰਚਾ ਵਿੱਚ ਹੈ। ਪੈਰਾਮੈਡਿਕਸ ਦਾ ਕਹਿਣਾ ਹੈ ਕਿ ਉਹ ਦਿਨ-ਰਾਤ ਮਰੀਜ਼ਾਂ ਦੀਆਂ ਜਾਨਾਂ ਬਚਾਉਣ ਲਈ ਕੰਮ ਕਰਦੇ ਹਨ, ਪਰ ਬਦਲੇ ਵਿੱਚ ਉਨ੍ਹਾਂ ਨੂੰ ਨਾ ਤਾਂ ਸਹੀ ਉਜਰਤ ਮਿਲ ਰਹੀ ਹੈ ਅਤੇ ਨਾ ਹੀ ਮਾਨਸਿਕ ਤਣਾਅ ਤੋਂ ਮੁਕਤੀ ਲਈ ਕੋਈ ਠੋਸ ਪ੍ਰਬੰਧ ਹਨ। ਜੇਕਰ ਆਉਣ ਵਾਲੇ ਦਿਨਾਂ ਵਿੱਚ ਗੱਲਬਾਤ ਸਿਰੇ ਨਹੀਂ ਚੜ੍ਹਦੀ, ਤਾਂ ਬ੍ਰਿਟਿਸ਼ ਕੋਲੰਬੀਆ ਦੇ ਨਿਵਾਸੀਆਂ ਨੂੰ ਐਮਰਜੈਂਸੀ ਸਥਿਤੀਆਂ ਵਿੱਚ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਯੂਨੀਅਨ ਵੱਲੋਂ ਹੁਣ ਆਪਣੇ ਮੈਂਬਰਾਂ ਦੀ ਵੋਟਿੰਗ ਅਤੇ ਰਾਏ ਦੇ ਅਧਾਰ 'ਤੇ ਅਗਲੇ ਸੰਘਰਸ਼ ਦੀ ਰੂਪ-ਰੇਖਾ ਤਿਆਰ ਕੀਤੀ ਜਾ ਰਹੀ ਹੈ। This report was written by Divroop Kaur as part of the Local Journalism Initiative.

### CRA ਦੀ ਸਖ਼ਤ ਚੇਤਾਵਨੀ: ਗਲਤ ਤਰੀਕੇ...

ਉਹ ਉਨ੍ਹਾਂ ਲੋਕਾਂ ਵਿਰੁੱਧ "ਸਖ਼ਤ ਅਤੇ ਜ਼ਿੰਮੇਵਾਰ" ਕਦਮ ਚੁੱਕਣ ਲਈ ਤਿਆਰ ਹੈ ਜੋ ਜਾਣਬੁੱਝ ਕੇ ਬਕਾਇਆ ਰਕਮ ਦੇਣ ਤੋਂ ਗੁਰੇਜ਼ ਕਰ ਰਹੇ ਹਨ। ਏਜੰਸੀ ਨੇ ਚੇਤਾਵਨੀ ਦਿੱਤੀ ਹੈ ਕਿ ਜਿਹੜੇ ਲੋਕ ਵਾਰ-ਵਾਰ ਨੋਟਿਸ ਭੇਜਣ ਦੇ ਬਾਵਜੂਦ ਕਰਜ਼ੇ ਦਾ ਭੁਗਤਾਨ ਨਹੀਂ ਕਰਨਗੇ, ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ। ਸਰਕਾਰ ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਟੈਕਸਦਾਤਿਆਂ ਦੇ ਪੈਸੇ ਦੀ ਦੁਰਵਰਤੋਂ ਨਾ ਹੋਵੇ ਅਤੇ ਜਨਤਕ ਫੰਡਾਂ ਦੀ ਸਹੀ ਵਰਤੋਂ ਹੋ ਸਕੇ। ਆਉਣ ਵਾਲੇ ਦਿਨਾਂ ਵਿੱਚ ਵਸੂਲੀ ਦੀ ਇਸ ਪ੍ਰਕਿਰਿਆ ਨੂੰ ਹੋਰ ਤੇਜ਼ ਕੀਤੇ ਜਾਣ ਦੀ ਸੰਭਾਵਨਾ ਹੈ। This report was written by Divroop Kaur as part of the Local Journalism Initiative.

# ਸਰੀ ਵਿੱਚ ਇੱਕੋ ਘਰ 'ਤੇ ਤਿੰਨ ਵਾਰ ਚੱਲੀਆਂ ਗੋਲੀਆਂ, ਸਰੀ ਦੇ ਗਿਲਡਫੋਰਡ 'ਚ ਸਥਿਤ ਘਰ ਨੂੰ ਬਣਾਇਆ ਗਿਆ ਨਿਸ਼ਾਨਾ

ਸਰੀ, (ਦਿਵਰੂਪ ਕੌਰ): ਸਰੀ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (RCMP) ਅਨੁਸਾਰ, ਇਸ ਘਰ 'ਤੇ ਪਹਿਲਾ ਹਮਲਾ 7 ਦਸੰਬਰ ਨੂੰ ਹੋਇਆ ਸੀ। ਇਸ ਤੋਂ ਬਾਅਦ ਹਮਲਾਵਰਾਂ ਨੇ ਦੁਬਾਰਾ 27 ਦਸੰਬਰ ਅਤੇ ਫਿਰ ਅਗਲੇ ਹੀ ਦਿਨ 28 ਦਸੰਬਰ ਨੂੰ ਵੀ ਇਸੇ ਘਰ ਵੱਲ ਗੋਲੀਆਂ ਚਲਾਈਆਂ। ਪੁਲਿਸ ਨੇ ਦੱਸਿਆ ਕਿ ਇਹ ਸਾਰੀਆਂ ਵਾਰਦਾਤਾਂ ਸਵੇਰ ਦੇ ਸਮੇਂ ਅੰਜਾਮ ਦਿੱਤੀਆਂ ਗਈਆਂ। ਹਾਲਾਂਕਿ, ਇਹ ਬਹੁਤ ਰਾਹਤ ਵਾਲੀ ਗੱਲ ਰਹੀ ਕਿ ਇਨ੍ਹਾਂ ਤਿੰਨਾਂ ਘਟਨਾਵਾਂ ਵਿੱਚ ਕੋਈ ਵੀ ਵਿਅਕਤੀ ਜ਼ਖਮੀ ਨਹੀਂ ਹੋਇਆ ਅਤੇ ਨਾ ਹੀ ਕਿਸੇ ਦੀ ਜਾਨ ਗਈ। ਪੁਲਿਸ ਦਾ ਮੰਨਣਾ ਹੈ ਕਿ ਇਹ ਗੋਲੀਬਾਰੀ ਅਚਾਨਕ ਨਹੀਂ ਸੀ, ਸਗੋਂ ਹਮਲਾਵਰ ਇਸ ਘਰ ਵਿੱਚ ਰਹਿਣ ਵਾਲੇ ਕਿਸੇ ਖਾਸ ਵਿਅਕਤੀ ਨੂੰ ਨਿਸ਼ਾਨਾ ਬਣਾ ਰਹੇ ਸਨ। ਜਿੱਥੇ ਅੱਜ-ਕੱਲ੍ਹ ਮੈਟਰੋ ਵੈਨਕੂਵਰ ਵਿੱਚ ਗੈਂਗ ਵਾਰ ਅਤੇ ਦੱਖਣੀ ਏਸ਼ੀਆਈ ਭਾਈਚਾਰੇ ਨੂੰ ਫਿਰੌਤੀ (Extortion) ਲਈ ਮਿਲ ਰਹੀਆਂ ਧਮਕੀਆਂ ਦੇ ਮਾਮਲੇ ਸੁਰਖੀਆਂ ਵਿੱਚ ਹਨ, ਉੱਥੇ ਹੀ ਇਸ ਕੇਸ ਬਾਰੇ ਪੁਲਿਸ ਦਾ ਕਹਿਣਾ ਹੈ ਕਿ ਇਹ ਹਮਲੇ ਗੈਂਗ ਗਤੀਵਿਧੀਆਂ ਜਾਂ ਫਿਰੌਤੀ ਦੇ ਹਾਲੀਆ ਮਾਮਲਿਆਂ ਨਾਲ ਜੁੜੇ ਹੋਏ ਪ੍ਰਤੀਤ ਨਹੀਂ ਹੁੰਦੇ। ਇਹੀ ਕਾਰਨ ਹੈ ਕਿ ਪੁਲਿਸ ਇਸ ਮਾਮਲੇ ਨੂੰ ਇੱਕ ਵੱਖਰੇ ਨਜ਼ਰੀਏ ਤੋਂ ਦੇਖ ਰਹੀ ਹੈ ਅਤੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਆਖਰਕਾਰ ਇਸ ਘਰ ਨੂੰ ਵਾਰ-ਵਾਰ ਨਿਸ਼ਾਨਾ ਬਣਾਉਣ ਪਿੱਛੇ ਕੀ ਮਕਸਦ ਹੋ ਸਕਦਾ ਹੈ। ਫਿਲਹਾਲ ਪੁਲਿਸ ਨੇ ਇਸ ਸਬੰਧੀ ਕਿਸੇ ਵੀ ਸ਼ੱਕੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਹੈ।

ਜਾਂਚ ਅਧਿਕਾਰੀਆਂ ਨੇ ਗਿਲਡਫੋਰਡ ਦੇ ਵਸਨੀਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਆਸ-ਪਾਸ ਹੋਣ ਵਾਲੀ ਕਿਸੇ ਵੀ ਸ਼ੱਕੀ ਹਰਕਤ ਬਾਰੇ ਸੁਚੇਤ ਰਹਿਣ। ਪੁਲਿਸ ਵੱਲੋਂ ਇਲਾਕੇ ਦੀਆਂ ਸੀਸੀਟੀਵੀ ਫੁਟੇਜਾਂ ਅਤੇ ਡੈਸ਼ਕੈਮ ਵੀਡੀਓਜ਼ ਦੀ ਵੀ ਪੜਤਾਲ ਕੀਤੀ ਜਾ ਰਹੀ ਹੈ। ਜੇਕਰ ਕਿਸੇ ਕੋਲ 140A ਸਟ੍ਰੀਟ ਦੇ ਇਸ ਇਲਾਕੇ ਨਾਲ ਸਬੰਧਤ ਕੋਈ ਵੀ ਅਹਿਮ ਜਾਣਕਾਰੀ ਹੋਵੇ, ਤਾਂ ਉਹ ਤੁਰੰਤ ਸਰੀ ਪੁਲਿਸ ਨਾਲ ਸੰਪਰਕ ਕਰ ਸਕਦਾ ਹੈ। ਇਲਾਕੇ ਵਿੱਚ ਪੁਲਿਸ ਦੀ ਗਸ਼ਤ ਵਧਾ ਦਿੱਤੀ ਗਈ ਹੈ ਤਾਂ ਜੋ ਭਵਿੱਖ ਵਿੱਚ ਅਜਿਹੀ ਕਿਸੇ ਹੋਰ ਘਟਨਾ ਨੂੰ ਰੋਕਿਆ ਜਾ ਸਕੇ ਅਤੇ ਲੋਕਾਂ ਦੇ ਮਨਾਂ ਵਿੱਚੋਂ ਡਰ ਨੂੰ ਦੂਰ ਕੀਤਾ ਜਾ ਸਕੇ।

UNIVERSAL FINGERPRINTING SERVICE
RCMP Criminal Record Check Fingerprints for:
*Permanent Residence
*Canadian Citizenship
*Security License
*Employment
*Name Change
*Privacy Act Request
*Visa/Border Crossing/
*Foreign Travel/Work
*Vulnerable Sector Checks
*US Entry Waiver
*Record Suspension Application
*FBI Fingerprints
*Digitize the ink fingerprints
*Ink Fingerprints
*Name Based Record Checks
•ਪਰਮਾਨੈਂਟ ਰੈਜੀਡੈਂਸ
•ਕਨੇਡੀਅਨ ਸਿਟੀਜਨਸ਼ਿਪ
•ਸਕਿਓਰਟੀ ਲਾਇਸੈਂਸ •ਇੰਪਲਾਇਮੈਂਟ
•ਨਾਮ ਬਦਲੀ •ਪ੍ਰਾਈਵੇਸੀ ਐਕਟ ਰਿਕੁਐਸਟ
•ਵਲਨਰਏਬਲ ਸੈਕਟਰ ਚੈਕਸ
•ਯੂ ਐਸ ਐਂਟਰੀ ਵੇਵਰ
•ਵੀਜ਼ਾ/ਬਾਰਡਰ ਕਰਾਸਿੰਗ/ਫੌਰਨ ਟਰੈਵਲ/ਕੰਮ
•ਰਿਕਾਰਡ ਸਸਪੈਂਸ਼ਨ ਐਪਲੀਕੇਸ਼ਨ
•ਐਫ ਬੀ ਆਈ ਫਿੰਗਰਪ੍ਰਿੰਟ
•ਡਿਜੀਟਲ ਦਾ ਇੰਕ ਫਿੰਗਰਪ੍ਰਿੰਟਸ
•ਇੰਕ ਫਿੰਗਰਪ੍ਰਿੰਟਸ
•ਨਾਮ ਬੇਸਡ ਰਿਕਾਰਡ ਚੈੱਕ

EAST WEST IMMIGRATION SERVICES INC.
*INDIA VISA *India E Visa, UK & Schengen Visa
*Entry Visa Application for 1 year & 5 years
*Overseas Citizenship of India Application (OCI)
*ਇੰਡੀਅਨ ਵੀਜਾ *ਇੰਡੀਅਨ ਈ-ਵੀਜਾ *ਯੂਕੇ & Schengen ਵੀਜਾ
*ਐਂਟਰੀ ਵੀਜਾ ਐਪਲੀਕੇਸ਼ਨ (1 ਸਾਲ ਅਤੇ 5 ਸਾਲ)
*ਓਵਰਸੀਜ ਸਿਟੀਜਨਸ਼ਿਪ ਆਫ ਇੰਡੀਆ (ਓਸੀਆਈ)
*Indian PCC
*Indian Passport Renewal
*OCI Applications
*Visitor Visa Application
*Canadian Citizenship Application
*US Visa Application
*PR card renewal Application
*BC-Name Change Application
•ਇੰਡੀਅਨ ਪੀ ਸੀ ਸੀ
•ਇੰਡੀਅਨ ਪਾਸਪੋਰਟ ਰੀਨਿਊ
•ਓ ਸੀ ਆਈ ਐਪਲੀਕੇਸ਼ਨਜ
•ਵਿਜਟਰ ਵੀਜਾ ਐਪਲੀਕੇਸ਼ਨ
•ਕਨੇਡੀਅਨ ਸਿਟੀਜਨਸ਼ਿਪ ਐਪਲੀਕੇਸ਼ਨ
•ਯੂ ਐਸ ਵੀਜਾ ਐਪਲੀਕੇਸ਼ਨ
•ਪੀ ਆਰ ਕਾਰਡ ਰੀਨਿਊ ਐਪਲੀਕੇਸ਼ਨ
•ਬੀ ਸੀ ਨਾਮ ਚੇਂਜ ਐਪਲੀਕੇਸ਼ਨ
Parminder Kindhra
CICC CCIC

PH : 604-503-8898
#303-(3rd floor) 8318-120St, Surrey Email: office@universalfingerprinting.com
OPEN 7 DAYS A WEEK

ਕੈਨੇਡੀਅਨ
ਪੰਜਾਬ ਟਾਈਮਜ਼
Canadian Punjab Times

Funded by the Government of Canada | Financé par le gouvernement du Canada | Canada


- **Brar Bhagta Bhai Ka**
  Editor
  604-751-1113
- **Divroop Kaur**
  Journalist
- **Dr. Jagjit Singh**
  Writer
- **Dr. Puran Singh**
  Writer
- **Gora Sandhu Khurd**
  News Reporter
- **Paramjit Singh**
  Graphic Designer


Contact for Advertisement
**604-338-7310**

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**

**Canadian Punjab Times Inc.**
**(Punjabi Newspaper)**
Website :
**www.thepunjabtimes.ca**
E-mail :
**canadianpunjabtimes@gmail.com**

**Please Note:**

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ਼ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।

# ਕੌਣ ਬਣੇਗਾ ਰਸਟੈਡ ਦਾ ਵਾਰਸ? ਕੀ ਬਿਨਾਂ ਪੱਕੇ ਆਗੂ ਦੇ ਚੋਣ ਮੈਦਾਨ ਵਿੱਚ ਉਤਰੇਗੀ ਕੰਜ਼ਰਵੇਟਿਵ ਪਾਰਟੀ?

ਸਰੀ, (ਦਿਵਰੂਪ ਕੌਰ): ਹੁਣ ਤੱਕ ਕਈ ਦਿੱਗਜ ਸਿਆਸਤਦਾਨਾਂ ਨੇ ਇਸ ਦੌੜ ਤੋਂ ਬਾਹਰ ਰਹਿਣ ਦਾ ਐਲਾਨ ਕਰ ਦਿੱਤਾ ਹੈ। ਵਿਧਾਇਕ ਗੈਵਿਨ ਡਿਊ, ਐਲੇਨੋਰ ਸਟਰਕੋ ਅਤੇ ਸੰਘੀ ਸੰਸਦ ਮੈਂਬਰ ਐਰੋਨ ਗਨ ਨੇ ਸਾਫ਼ ਕਰ ਦਿੱਤਾ ਹੈ ਕਿ ਉਹ ਚੋਣ ਨਹੀਂ ਲੜਨਗੇ। ਸਾਬਕਾ ਪ੍ਰੀਮੀਅਰ ਕ੍ਰਿਸਟੀ ਕਲਾਰਕ ਅਤੇ ਅੰਤਰਿਮ ਆਗੂ ਟ੍ਰੇਵਰ ਹੈਲਫੋਰਡ ਨੇ ਵੀ ਇਸ ਅਹੁਦੇ ਵਿੱਚ ਦਿਲਚਸਪੀ ਨਹੀਂ ਦਿਖਾਈ। ਇਸ ਵੇਲੇ ਸੇਵ-ਆਨ-ਫੂਡਜ਼ ਦੇ ਸਾਬਕਾ ਮੁਖੀ ਡੈਰੇਲ ਜੋਂਸ ਇਕਲੌਤੇ ਅਜਿਹੇ ਉਮੀਦਵਾਰ ਹਨ ਜਿਨ੍ਹਾਂ ਨੇ ਗੰਭੀਰਤਾ ਦਿਖਾਈ ਹੈ, ਜਦਕਿ ਸਾਬਕਾ ਸੰਸਦ ਮੈਂਬਰ ਕੇਰੀ-ਲਿਨ ਫਿੰਡਲੇ ਲਈ ਸਮਰਥਕਾਂ ਵੱਲੋਂ ਇੱਕ ਵੈੱਬਸਾਈਟ ਚਲਾਈ ਜਾ ਰਹੀ ਹੈ। ਲੈਂਗਲੇ-ਐਬਟਸਫੋਰਡ ਦੇ ਵਿਧਾਇਕ ਹਰਮਨ ਭੰਗੂ ਨੇ ਵੀ ਸੰਕੇਤ ਦਿੱਤੇ ਹਨ ਕਿ ਉਹ ਇਸ ਦੌੜ ਵਿੱਚ ਸ਼ਾਮਲ ਹੋਣ ਬਾਰੇ ਵਿਚਾਰ ਕਰ ਰਹੇ ਹਨ।

ਪਾਰਟੀ ਦੇ ਅੰਦਰੂਨੀ ਹਾਲਾਤ ਵੀ ਕਾਫ਼ੀ ਗੁੰਝਲਦਾਰ ਹਨ। ਸਕੀਨਾ ਤੋਂ ਵਿਧਾਇਕ ਕਲੇਅਰ ਰੈਟੀ ਦੀ ਅਗਵਾਈ ਵਾਲੀ ਕਮੇਟੀ ਲੀਡਰਸ਼ਿਪ ਚੋਣਾਂ ਦੀ ਰੂਪ-ਰੇਖਾ ਤਿਆਰ ਕਰ ਰਹੀ ਹੈ, ਜਿਸ ਦਾ ਐਲਾਨ ਨਵੇਂ ਸਾਲ ਵਿੱਚ ਹੋਣ ਦੀ ਉਮੀਦ ਹੈ। ਫਿਲਹਾਲ ਟ੍ਰੇਵਰ ਹੈਲਫੋਰਡ ਹੀ ਫਰਵਰੀ ਵਿੱਚ ਸ਼ੁਰੂ ਹੋਣ ਵਾਲੇ ਵਿਧਾਨ ਸਭਾ ਸੈਸ਼ਨ ਦੌਰਾਨ ਪਾਰਟੀ ਦੀ ਅਗਵਾਈ ਕਰਨਗੇ। ਪਰ ਸਭ ਤੋਂ ਵੱਡਾ ਖ਼ਤਰਾ ਸੂਬੇ ਵਿੱਚ ਅਚਨਚੇਤ ਚੋਣਾਂ ਦਾ ਹੈ। ਸੱਤਾਧਾਰੀ ਐਨ.ਡੀ.ਪੀ. (NDP) ਕੋਲ ਬਹੁਤ ਹੀ ਮਾਮੂਲੀ ਬਹੁਮਤ ਹੈ ਅਤੇ ਜੇਕਰ ਕਿਸੇ ਭਰੋਸੇ ਦੇ ਵੋਟ ਦੌਰਾਨ ਸਰਕਾਰ ਡਿੱਗਦੀ ਹੈ, ਤਾਂ ਸੂਬਾ ਚੋਣਾਂ ਵੱਲ ਵਧ ਸਕਦਾ ਹੈ। ਪ੍ਰੀਮੀਅਰ ਡੇਵਿਡ ਏਬੀ ਭਾਵੇਂ ਚੋਣਾਂ ਤੋਂ ਇਨਕਾਰ ਕਰ ਰਹੇ ਹਨ, ਪਰ ਸਿਆਸੀ ਮਾਹਰ ਮੰਨਦੇ ਹਨ ਕਿ ਉਹ ਵਿਰੋਧੀ ਧਿਰ ਦੀ ਕਮਜ਼ੋਰੀ ਦਾ ਫਾਇਦਾ ਉਠਾ ਕੇ ਜਲਦੀ ਚੋਣਾਂ ਕਰਵਾਉਣ ਦਾ ਦਾਅ ਖੇਡ ਸਕਦੇ ਹਨ।

ਇਤਿਹਾਸ ਵੀ ਕੁਝ ਅਜਿਹੀਆਂ ਹੀ ਉਦਾਹਰਣਾਂ ਪੇਸ਼ ਕਰਦਾ ਹੈ। 1953 ਵਿੱਚ ਤਤਕਾਲੀ ਪ੍ਰੀਮੀਅਰ ਡਬਲਯੂ.ਏ.ਸੀ. ਬੈਨੇਟ ਨੇ ਆਪਣੀ ਸਰਕਾਰ ਜਾਣਬੁੱਝ ਕੇ ਡੇਗ ਕੇ ਦੁਬਾਰਾ ਚੋਣਾਂ ਕਰਵਾਈਆਂ ਸਨ ਅਤੇ ਅਗਲੇ 19 ਸਾਲਾਂ ਤੱਕ ਰਾਜ ਕੀਤਾ ਸੀ। ਹਾਲਾਂਕਿ, ਯੂ.ਬੀ.ਸੀ. (UBC) ਦੇ ਲੈਕਚਰਾਰ ਸਟੀਵਰਟ ਪ੍ਰੈਸਟ ਚਿਤਾਵਨੀ ਦਿੰਦੇ ਹਨ ਕਿ ਜੇਕਰ ਡੇਵਿਡ ਏਬੀ ਨੇ ਅਜਿਹਾ ਕੀਤਾ, ਤਾਂ ਇਹ "ਅੱਗ ਨਾਲ ਖੇਡਣ" ਵਾਂਗ ਹੋਵੇਗਾ। ਲੋਕਾਂ ਦੀ ਨਾਰਾਜ਼ਗੀ ਕੰਜ਼ਰਵੇਟਿਵ ਪਾਰਟੀ ਨੂੰ ਬਿਨਾਂ ਕਿਸੇ ਪੱਕੇ ਆਗੂ ਦੇ ਵੀ ਜਿੱਤ ਦਿਵਾ ਸਕਦੀ ਹੈ।

ਨਵੇਂ ਆਗੂ ਲਈ ਸਭ ਤੋਂ ਵੱਡੀ ਚੁਣੌਤੀ ਪਾਰਟੀ ਦੇ ਅੰਦਰੂਨੀ "ਮਾਡਰੇਟ" (ਨਰਮ ਖ਼ਿਆਲੀ) ਅਤੇ "ਪਾਪੂਲਿਸਟ" (ਲੋਕਪ੍ਰਿਯਤਾਵਾਦੀ) ਧੜਿਆਂ ਨੂੰ ਇਕਜੁੱਟ ਕਰਨਾ ਹੋਵੇਗੀ। ਰਸਟੈਡ ਦੇ ਸਮੇਂ ਦੌਰਾਨ 44 ਵਿੱਚੋਂ 5 ਵਿਧਾਇਕਾਂ ਦਾ ਪਾਰਟੀ ਛੱਡਣਾ ਇਸੇ ਵਿਚਾਰਧਾਰਕ ਫੁੱਟ ਦਾ ਨਤੀਜਾ ਸੀ। ਮਾਹਰਾਂ ਦਾ ਮੰਨਣਾ ਹੈ ਕਿ ਅਗਲਾ ਆਗੂ ਉਹ ਹੋਣਾ ਚਾਹੀਦਾ ਹੈ ਜੋ ਸਿਰਫ਼ ਪਾਰਟੀ ਦੇ ਅੰਦਰ ਹੀ ਨਹੀਂ, ਸਗੋਂ ਜਨਤਾ ਵਿੱਚ ਵੀ ਸਵੀਕਾਰਯੋਗ ਹੋਵੇ। ਜਿੱਥੇ ਹਰਮਨ ਭੰਗੂ ਵਰਗੇ ਨਵੇਂ ਚਿਹਰੇ ਪਾਪੂਲਿਸਟ ਪਾਸੇ ਤੋਂ ਉੱਭਰ ਰਹੇ ਹਨ, ਉੱਥੇ ਹੀ ਪੀਟਰ ਮਿਲੋਬਾਰ, ਯੂਰੀ ਫੁਲਮਰ ਅਤੇ ਡਾਇਨ ਵਾਟਸ ਵਰਗੇ ਨਾਵਾਂ ਦੀ ਚਰਚਾ ਮਾਡਰੇਟ ਧੜੇ ਵੱਲੋਂ ਹੋ ਰਹੀ ਹੈ। ਇਸ ਦੌਰਾਨ ਪੋਰਟ ਕੋਕੁਇਟਲਮ ਦੇ ਮੇਅਰ ਬ੍ਰੈਡ ਵੈਸਟ ਦਾ ਨਾਂ ਵੀ ਚਰਚਾ ਵਿੱਚ ਹੈ। ਅੰਤ ਵਿੱਚ, ਜੋ ਵੀ ਆਗੂ ਚੁਣਿਆ ਜਾਵੇਗਾ, ਉਸ ਕੋਲ ਐਨ.ਡੀ.ਪੀ. ਦੇ 10 ਸਾਲਾਂ ਦੇ ਰਾਜ ਤੋਂ ਅੱਕੀ ਹੋਈ ਜਨਤਾ ਨੂੰ ਆਪਣੇ ਵੱਲ ਖਿੱਚਣ ਦਾ ਸੁਨਹਿਰੀ ਮੌਕਾ ਹੋਵੇਗਾ, ਬਸ਼ਰਤੇ ਪਾਰਟੀ ਆਪਣੀ ਅੰਦਰੂਨੀ ਫੁੱਟ ਨੂੰ ਖ਼ਤਮ ਕਰ ਸਕੇ।

# ਕੈਨੇਡਾ ਆਏ ਨੌਜਵਾਨਾਂ ਲਈ ਚੁਣੌਤੀਆਂ ਅਤੇ ਹੱਲ

ਲੇਖਕ : ਵਿਜੇ ਕੁਮਾਰ

ਕੈਨੇਡਾ 'ਚ ਆਏ ਦਿਨ ਵਧ ਰਹੀ ਬੇਰੁਜ਼ਗਾਰੀ, ਸੜਕ ਹਾਦਸੇ, ਚੋਰੀਆਂ, ਡਕੈਤੀਆਂ, ਨਸ਼ਿਆਂ ਦੀ ਵਰਤੋਂ, ਸਮਗਲਿੰਗ, ਮਹਿੰਗਾਈ, ਲੁੱਟਾਂ ਖੋਹਾਂ, ਟੈਕਸਾਂ ਦੀ ਭਰਮਾਰ, ਫਿਰੌਤੀਆਂ ਦੇ ਲੜਾਈ-ਝਗੜੇ, ਜੇਬ ਕਤਰਿਆਂ, ਅਦਾਲਤਾਂ 'ਚ ਵਧ ਰਹੇ ਝਗੜਿਆਂ ਦੀ ਤਾਦਾਦ, ਇੱਥੋਂ ਦੇ ਕਾਨੂੰਨਾਂ ਨੂੰ ਟਿੱਚ ਸਮਝਣ ਤੇ ਘਰਾਂ ਦੀ ਸਮੱਸਿਆ ਕਾਰਨ ਇੱਥੇ ਹਾਲਾਤ ਲਗਾਤਾਰ ਵਿਗੜ ਰਹੇ ਹਨ। ਇਸ ਸਭ ਨੇ ਇੱਥੇ ਵਸਣ ਆਏ 162 ਦੇਸ਼ਾਂ ਦੇ ਪਰਵਾਸੀ ਲੋਕਾਂ ਲਈ ਵੱਡੀਆਂ ਚੁਣੌਤੀਆਂ ਖੜ੍ਹੀਆਂ ਕਰ ਦਿੱਤੀਆਂ ਹਨ। ਇੱਥੋਂ ਦੀਆਂ ਸਰਕਾਰਾਂ ਵੱਲੋਂ ਨਿੱਤ ਨਵੇਂ ਪਾਸ ਕੀਤੇ ਜਾ ਰਹੇ ਕਾਨੂੰਨਾਂ ਨੇ ਤੇ ਅਮਰੀਕਾ ਦੀ ਟਰੰਪ ਸਰਕਾਰ ਦੇ ਫੈਸਲਿਆਂ ਕਾਰਨ ਪਰਵਾਸੀਆਂ ਦੀਆਂ ਦਿੱਕਤਾਂ 'ਚ ਲਗਾਤਾਰ ਵਾਧਾ ਹੋ ਰਿਹਾ ਹੈ।

ਇੱਥੇ ਸਿਰਫ਼ ਉਨ੍ਹਾਂ ਨੌਜਵਾਨਾਂ ਦੀ ਹੀ ਗੱਲ ਕਰਾਂਗੇ ਜਿਹੜੇ ਕੈਨੇਡਾ ਵਿੱਚ ਆ ਚੁੱਕੇ ਹਨ ਅਤੇ ਜਿਨ੍ਹਾਂ ਨੂੰ ਇਸ ਮੁਲਕ 'ਚ ਆਪਣਾ ਭਵਿੱਖ ਖ਼ਤਰੇ ਵਿੱਚ ਨਜ਼ਰ ਆ ਰਿਹਾ ਹੈ। ਮੈਂ ਕਈ ਵਾਰ ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ ਇੱਥੋਂ ਦੀ ਸਰਕਾਰ ਅਜਿਹੇ ਕਾਨੂੰਨ ਲਿਆਏਗੀ ਜਿਨ੍ਹਾਂ ਨਾਲ ਇਸ ਮੁਲਕ ਵਿੱਚ ਵਸਣ ਵਾਲੇ ਪਰਵਾਸੀ ਲੋਕ ਨਾ ਇੱਥੇ ਵਸਣ ਜੋਗੇ ਰਹਿਣਗੇ ਤੇ ਨਾ ਹੀ ਇਸ ਨੂੰ ਛੱਡ ਕੇ ਜਾਣ ਜੋਗੇ ਰਹਿਣਗੇ। ਇੱਥੇ ਨਵੇਂ ਨੌਜਵਾਨ ਮੁੰਡੇ ਅਤੇ ਕੁੜੀਆਂ ਦੇ ਆਉਣ ਲਈ ਰਾਹ ਬੰਦ ਹੋਣ ਦੀ ਗੱਲ ਤਾਂ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਈ ਹੈ, ਹੁਣ ਤਾਂ ਗੱਲ ਉਨ੍ਹਾਂ ਮੁੰਡੇ, ਕੁੜੀਆਂ ਦੀ ਕਰਨ ਦੀ ਲੋੜ ਹੈ, ਜਿਹੜੇ ਇਸ ਮੁਲਕ ਵਿੱਚ ਆ ਚੁੱਕੇ ਹਨ ਤੇ ਉਨ੍ਹਾਂ ਨੂੰ ਇੱਥੋਂ ਕੱਢੇ ਜਾਣ ਦੀਆਂ ਗੱਲਾਂ ਹੋ ਰਹੀਆਂ ਹਨ।

ਸਭ ਤੋਂ ਪਹਿਲਾਂ ਤਾਂ ਇਹ ਗੱਲ ਸਪੱਸ਼ਟ ਕਰਨੀ ਜ਼ਰੂਰੀ ਹੋਵੇਗੀ ਕਿ ਇੱਥੇ ਦੂਜੇ ਦੇਸ਼ਾਂ ਤੋਂ ਆ ਕੇ ਵਸ ਚੁੱਕੇ ਅਤੇ ਵਸਣ ਦੇ ਚਾਹਵਾਨ ਨੌਜਵਾਨ ਮੁੰਡੇ, ਕੁੜੀਆਂ ਲਈ ਇਹ ਸਾਰੀਆਂ ਚੁਣੌਤੀਆਂ ਪੈਦਾ ਕਿਉਂ ਹੋਈਆਂ ਅਤੇ ਸਰਕਾਰ ਨੂੰ ਇਹ ਨਵੇਂ ਸਖ਼ਤ ਕਾਨੂੰਨ ਬਣਾਉਣ ਦੀ ਲੋੜ ਕਿਉਂ ਪਈ? ਪਿਛਲੇ ਕੁਝ ਸਾਲਾਂ ਤੱਕ ਸਭ ਕੁਝ ਠੀਕ ਚੱਲ ਰਿਹਾ ਸੀ। ਪਹਿਲਾਂ ਤਾਂ ਇੱਥੋਂ ਦੀਆਂ ਸਰਕਾਰਾਂ ਨੇ ਆਪਣਾ ਸਿਆਸੀ ਲਾਹਾ ਲੈਣ ਅਤੇ ਆਪਣੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਦੂਜੇ ਮੁਲਕਾਂ ਤੋਂ ਧੜਾਧੜ ਮੁੰਡੇ, ਕੁੜੀਆਂ ਨੂੰ ਬੁਲਾਉਣਾ ਸ਼ੁਰੂ ਕਰ ਦਿੱਤਾ। ਦੂਜੇ ਦੇਸ਼ਾਂ ਦੇ ਮੁੰਡੇ, ਕੁੜੀਆਂ ਨੇ ਵੀ ਇਹ ਸੋਚ ਕੇ ਕਿ ਇੱਥੇ ਡਾਲਰ ਖਿਲਰੇ ਹੋਏ ਪਏ ਹਨ, ਸਿਰਫ਼ ਝਾੜੂ ਨਾਲ ਇਕੱਠੇ ਹੀ ਕਰਨੇ ਹਨ, ਠੀਕ ਗ਼ਲਤ ਢੰਗਾਂ ਨਾਲ ਇੱਥੇ ਪਹੁੰਚਣਾ ਸ਼ੁਰੂ ਕਰ ਦਿੱਤਾ। ਇੱਥੋਂ ਦੀ ਆਬਾਦੀ ਵਿੱਚ ਵਾਧਾ ਹੋਣ ਨਾਲ ਬੇਰੁਜ਼ਗਾਰੀ ਦੀ ਸਮੱਸਿਆ ਵਿੱਚ ਵਾਧਾ ਹੋਣਾ ਸੁਭਾਵਿਕ ਜਿਹੀ ਗੱਲ ਸੀ। ਜਿਨ੍ਹਾਂ ਮੁੰਡੇ, ਕੁੜੀਆਂ ਕੋਲ ਰੋਟੀ ਰੋਜ਼ੀ ਕਮਾਉਣ ਦਾ ਕੋਈ ਨਾ ਕੋਈ ਗੁਣ ਸੀ, ਜਿਹੜੇ ਮਿਹਨਤੀ ਸਨ, ਠੀਕ ਢੰਗ ਨਾਲ ਇਸ ਮੁਲਕ ਵਿੱਚ ਆਏ ਹੋਏ ਸਨ, ਉਨ੍ਹਾਂ ਨੇ ਰੁਜ਼ਗਾਰ ਵੀ ਲੱਭ ਲਿਆ ਤੇ ਆਪਣਾ ਭਵਿੱਖ ਵੀ ਸਵਾਰ ਲਿਆ, ਪਰ ਇਨ੍ਹਾਂ ਨੌਜਵਾਨਾਂ 'ਚ ਇੱਕ ਵਰਗ ਉਹ ਵੀ ਪੈਦਾ ਹੋ ਗਿਆ, ਜਿਨ੍ਹਾਂ ਨੂੰ ਇਹ ਭੁੱਲ ਗਿਆ ਕਿ ਉਹ ਕਿਸ ਉਦੇਸ਼ ਨਾਲ ਇੱਥੇ ਆਏ ਹੋਏ ਹਨ। ਉਨ੍ਹਾਂ ਦੇ ਮਾਪਿਆਂ ਨੇ ਉਨ੍ਹਾਂ ਨੂੰ ਕਿੰਨੇ ਔਖੇ ਹੋ ਕੇ ਇਸ ਮੁਲਕ 'ਚ ਭੇਜਿਆ ਹੈ। ਉਹ ਮਾੜੀ ਸੰਗਤ 'ਚ ਪੈ ਗਏ।



ਉਨ੍ਹਾਂ ਨੂੰ ਨਸ਼ੇ, ਲੜਾਈਆਂ-ਝਗੜੇ , ਲੁੱਟਾਂ-ਖੋਹਾਂ, ਚੋਰੀਆਂ, ਧੋਖਾ-ਧੜੀਆਂ ਕਰਨ, ਫਿਰੌਤੀਆਂ ਮੰਗਣ ਦੀ ਆਦਤ ਪੈ ਗਈ। ਉਹ ਬੈਂਕਾਂ, ਬੀਮਾ ਕੰਪਨੀਆਂ ਅਤੇ ਹੋਰ ਅਦਾਰਿਆਂ ਨਾਲ ਹੇਰਾਫੇਰੀਆਂ ਕਰਨ ਲੱਗ ਪਏ। ਉਨ੍ਹਾਂ ਨੇ ਮਾਲਕ ਮਕਾਨਾਂ ਨਾਲ ਝਗੜੇ ਕਰਨੇ ਸ਼ੁਰੂ ਕਰ ਦਿੱਤੇ। ਕ੍ਰੈਡਿਟ ਕਾਰਡਾਂ ਨਾਲ ਹੇਰਾਫੇਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਨਸ਼ਿਆਂ ਦੀ ਸਮੱਗਲਿੰਗ ਕਰਨੀ ਸ਼ੁਰੂ ਕਰ ਦਿੱਤੀ। ਸ਼ਰਾਬ ਪੀਕੇ ਗੱਡੀਆਂ ਵਿੱਚ ਉੱਚੀ ਆਵਾਜ਼ 'ਚ ਗਾਣੇ ਲਗਾ ਕੇ ਤੇਜ਼ ਸਪੀਡ 'ਤੇ ਗੱਡੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਜਨਤਕ ਥਾਵਾਂ, ਪਲਾਜ਼ਿਆਂ 'ਤੇ ਡੈੱਕ ਲਗਾ ਕੇ ਨੱਚਣਾ ਸ਼ੁਰੂ ਕਰ ਦਿੱਤਾ। ਇੱਥੋਂ ਦੇ ਕਾਨੂੰਨਾਂ ਦੀ ਢਿੱਲ ਦਾ ਨਾਜਾਇਜ਼ ਲਾਭ ਉਠਾਉਣਾ ਸ਼ੁਰੂ ਕਰ ਦਿੱਤਾ। ਪੁਲੀਸ ਨਾਲ ਲੜਾਈ ਝਗੜੇ ਕਰਨੇ ਸ਼ੁਰੂ ਕਰ ਦਿੱਤੇ। ਇੱਥੋਂ ਦੀ ਸਰਕਾਰ ਵਿਰੁੱਧ ਸੜਕਾਂ ਉਤੇ ਮੁਜ਼ਾਹਰੇ ਕਰਨੇ ਸ਼ੁਰੂ ਕਰ ਦਿੱਤੇ। ਸੜਕਾਂ ਉੱਤੇ ਹੁੜਦੰਗ ਮਚਾਉਣਾ ਸ਼ੁਰੂ ਕਰ ਦਿੱਤਾ।

ਸਰਕਾਰ ਆਪਣਾ ਅੰਤਰਰਾਸ਼ਟਰੀ ਵੱਕਾਰ ਖ਼ਰਾਬ ਹੋਣ ਦੇ ਡਰ ਨਾਲ ਢਿੱਲ ਵਰਤਦੀ ਰਹੀ। ਇਨ੍ਹਾਂ ਨੂੰ ਲੱਗਣ ਲੱਗਾ ਕਿ ਸਰਕਾਰ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦੀ, ਪਰ ਇਸ ਮੁਲਕ ਦੀ ਸਰਕਾਰ ਆਪਣੇ ਮੁਲਕ ਦਾ ਮਾਹੌਲ ਖ਼ਰਾਬ ਹੁੰਦਾ ਕਿਵੇਂ ਬਰਦਾਸ਼ਤ ਕਰ ਸਕਦੀ ਹੈ ? ਹੁਣ ਇੱਥੋਂ ਦੀ ਸਰਕਾਰ ਨੇ ਸਭ ਤੋਂ ਪਹਿਲਾਂ ਤਾਂ ਇੱਥੇ ਆਉਣ ਵਾਲੇ ਬੱਚਿਆਂ ਲਈ ਕਾਨੂੰਨ ਬਹੁਤ ਸਖ਼ਤ ਕਰ ਦਿੱਤੇ ਹਨ। ਪੁਰਾਣੇ ਵਰਕ ਪਰਮਿਟਾਂ 'ਚ ਵਾਧਾ ਕਰਨਾ ਅਤੇ ਨਵੇਂ ਵਰਕ ਪਰਮਿਟ ਦੇਣ ਦੇ ਕਾਨੂੰਨ ਸਖ਼ਤ ਕਰ ਦਿੱਤੇ ਹਨ। ਹੁਣ ਇੱਥੋਂ ਦੀ ਪੀ.ਆਰ. (ਪੱਕੀ ਨਾਗਰਿਕਤਾ) ਹਾਸਲ ਕਰਨੀ ਵੀ ਸੌਖੀ ਗੱਲ ਨਹੀਂ ਹੋਵੇਗੀ। ਬਿਨਾਂ ਪਰਮਿਟ ਤੋਂ ਕੰਮ ਕਰਨ ਵਾਲੇ ਗ਼ਲਤ ਢੰਗਾਂ ਨਾਲ ਆਏ ਨੌਜਵਾਨਾਂ ਨੂੰ ਵਾਪਸ ਭੇਜਿਆ ਜਾਵੇਗਾ। ਕਾਨੂੰਨ ਤੋੜਨ ਵਾਲਿਆਂ ਨਾਲ ਪੁਲੀਸ ਸਖ਼ਤੀ ਨਾਲ ਪੇਸ਼ ਆਵੇਗੀ।

ਹੁਣ ਸਵਾਲ ਇਹ ਹੈ ਕਿ ਨੌਜਵਾਨਾਂ ਨੂੰ ਆਪਣੇ ਸਾਹਮਣੇ ਆਉਣ ਵਾਲੀਆਂ ਚੁਣੌਤੀਆਂ ਨਾਲ ਕਿਵੇਂ ਨਜਿੱਠਣਾ ਹੋਵੇਗਾ ? ਸਭ ਤੋਂ ਪਹਿਲਾਂ ਤਾਂ ਮਾੜੀ ਸੰਗਤ 'ਚ ਪਏ ਮਾੜੀਆਂ ਹਰਕਤਾਂ ਕਰਨ ਵਾਲੇ ਬੱਚਿਆਂ ਨੂੰ ਇਹ ਗੱਲ ਯਾਦ ਰੱਖਣੀ ਪਵੇਗੀ ਕਿ ਉਹ ਕਿਸ ਉਦੇਸ਼ ਨੂੰ ਲੈ ਕੇ ਇਸ ਮੁਲਕ ਵਿੱਚ ਆਏ ਹੋਏ ਹਨ। ਉਨ੍ਹਾਂ ਨੂੰ ਮਾੜੀ ਸੰਗਤ ਛੱਡ ਕੇ ਆਪਣੇ ਭਵਿੱਖ ਦਾ ਫ਼ਿਕਰ ਕਰਨਾ ਪਵੇਗਾ। ਇੱਥੋਂ ਦੇ ਕਾਨੂੰਨਾਂ ਦੀ ਪਾਲਣਾ ਕਰਨੀ ਪਵੇਗੀ। ਲੜਾਈ ਝਗੜਿਆਂ ਅਤੇ ਹੇਰਾਫੇਰੀਆਂ ਤੋਂ ਆਪਣੇ ਆਪ ਨੂੰ ਦੂਰ ਰੱਖਣਾ ਪਵੇਗਾ। ਕੇਵਲ ਆਪਣੇ ਕੰਮ ਨਾਲ ਮਤਲਬ ਰੱਖਣਾ ਪਵੇਗਾ। ਇਮਾਨਦਾਰੀ ਨਾਲ ਕੰਮ ਕਰਨਾ ਪਵੇਗਾ। ਸੜਕੀ ਨਿਯਮਾਂ ਅਤੇ ਸਾਫ਼ ਸਫ਼ਾਈ ਦਾ ਧਿਆਨ ਰੱਖਣਾ ਪਵੇਗਾ। ਅਦਾਲਤੀ ਝਗੜਿਆਂ ਤੋਂ ਦੂਰ ਰਹਿਣਾ ਪਵੇਗਾ। ਨਸ਼ਿਆਂ ਤੋਂ ਦੂਰ ਰਹਿਣਾ ਪਵੇਗਾ, ਅਮਨ ਅਮਾਨ ਨਾਲ ਜ਼ਿੰਦਗੀ ਗੁਜ਼ਾਰਨੀ ਹੋਵੇਗੀ। ਕੇਵਲ ਆਪਣੇ ਆਪ ਹੀ ਨਹੀਂ ਸਗੋਂ ਮਾੜੀਆਂ ਹਰਕਤਾਂ ਕਰਨ ਵਾਲੇ ਆਪਣੇ ਸਾਥੀਆਂ ਨੂੰ ਵੀ ਰੋਕਣਾ ਹੋਵੇਗਾ ਕਿਉਂਕਿ ਮਾੜੇ ਕੰਮ ਕਰਨ ਵਾਲਿਆਂ ਦਾ ਖਮਿਆਜ਼ਾ ਉਨ੍ਹਾਂ ਨੌਜਵਾਨਾਂ ਨੂੰ ਵੀ ਭੁਗਤਣਾ ਪੈ ਰਿਹਾ ਹੈ ਜੋ ਬਹੁਤ ਸੰਜਮ ਦੀ ਜ਼ਿੰਦਗੀ ਗੁਜ਼ਾਰ ਰਹੇ ਹਨ। ਮਿਹਨਤ ਨਾਲ ਕੰਮ ਕਰਨਾ ਪਵੇਗਾ।

ਮਾੜੀਆਂ ਆਦਤਾਂ ਵਾਲੇ ਨੌਜਵਾਨਾਂ ਨਾਲੋਂ ਉਨ੍ਹਾਂ ਨੌਜਵਾਨਾਂ ਨੂੰ ਆਪਣਾ ਆਦਰਸ਼ ਬਣਾਓ ਜਿਹੜੇ ਪਰਵਾਸੀ ਨੌਜਵਾਨ ਇੱਥੇ ਡਾਕਟਰ, ਵਕੀਲ, ਜੱਜ, ਇੰਜਨੀਅਰ, ਮੰਤਰੀ ਅਤੇ ਵੱਡੇ ਕਾਰੋਬਾਰੀ ਬਣ ਕੇ ਅਨੰਦ ਕਰ ਰਹੇ ਹਨ ਅਤੇ ਸਰਕਾਰਾਂ ਨੂੰ ਉਨ੍ਹਾਂ ਦੀ ਲੋੜ ਰਹਿੰਦੀ ਹੈ। ਇਸ ਮੁਲਕ ਦੀਆਂ ਸਰਕਾਰਾਂ ਦਾ ਵਿਸ਼ਵਾਸ ਜਿੱਤਣਾ ਪਵੇਗਾ। ਇੱਥੋਂ ਦੀਆਂ ਸਰਕਾਰਾਂ ਵੀ ਪਰਵਾਸੀ ਲੋਕਾਂ ਤੋਂ ਇਹ ਸਾਰਾ ਕੁਝ ਚਾਹੁੰਦੀਆਂ ਹਨ। ਜਦੋਂ ਇੱਥੋਂ ਦੇ ਹਾਲਾਤ ਠੀਕ ਹੋ ਜਾਣਗੇ, ਉਦੋਂ ਇੱਥੇ ਰੁਜ਼ਗਾਰ ਦੇ ਮੌਕੇ ਵੀ ਪੈਦਾ ਹੋ ਜਾਣਗੇ। ਕਿਸੇ ਨੂੰ ਵੀ ਇੱਥੋਂ ਵਾਪਸ ਨਹੀਂ ਜਾਣਾ ਪਵੇਗਾ। ਵਰਕ ਪਰਮਿਟ ਵੀ ਮਿਲਣੇ ਸ਼ੁਰੂ ਹੋ ਜਾਣਗੇ। ਸਭ ਨੂੰ ਪੱਕੀ ਨਾਗਰਿਕਤਾ ਵੀ ਮਿਲਣ ਲੱਗ ਪਵੇਗੀ। ਨਵੇਂ ਆਉਣ ਵਾਲੇ ਨੌਜਵਾਨਾਂ ਲਈ ਵੀ ਆਉਣ ਦਾ ਰਾਹ ਖੁੱਲ੍ਹ ਜਾਵੇਗਾ।

ਈਮੇਲ: vijaykumarbehki@gmail.com

# ਟਰੰਪ ਦੀ ਘਟਦੀ ਲੋਕਪ੍ਰਿਯਤਾ ਅਤੇ ਰਿਪਬਲਿਕਨ ਪਾਰਟੀ 'ਚ ਪਈਆਂ ਦਾਰਾੜ ਦਾ ਕੈਨੇਡਾ 'ਤੇ ਅਸਰ

ਸਰੀ, (ਦਿਵਰੂਪ ਕੌਰ): ਡੋਨਾਲਡ ਟਰੰਪ ਦੀ ਵ੍ਹਾਈਟ ਹਾਊਸ ਵਿੱਚ ਵਾਪਸੀ ਨੇ ਨਾ ਸਿਰਫ਼ ਅਮਰੀਕਾ, ਸਗੋਂ ਪੂਰੀ ਦੁਨੀਆ ਦੇ ਵਪਾਰਕ ਅਤੇ ਸਮਾਜਿਕ ਸਮੀਕਰਨਾਂ ਨੂੰ ਬਦਲ ਕੇ ਰੱਖ ਦਿੱਤਾ ਹੈ। ਜਿਵੇਂ ਹੀ ਟਰੰਪ ਆਪਣੇ ਦੂਜੇ ਕਾਰਜਕਾਲ ਦੇ ਦੂਜੇ ਸਾਲ (2026) ਵਿੱਚ ਪ੍ਰਵੇਸ਼ ਕਰ ਰਹੇ ਹਨ, ਉਨ੍ਹਾਂ ਨੂੰ ਕਈ ਸਿਆਸੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸਦਾ ਸਿੱਧਾ ਅਸਰ ਕੈਨੇਡਾ 'ਤੇ ਪੈਣਾ ਲਾਜ਼ਮੀ ਹੈ। ਆਉਣ ਵਾਲਾ ਸਾਲ ਕੈਨੇਡਾ-ਅਮਰੀਕਾ-ਮੈਕਸੀਕੋ ਵਪਾਰ ਸਮਝੌਤੇ (CUSMA) ਦੀ ਸਮੀਖਿਆ ਅਤੇ ਅਮਰੀਕਾ ਦੀਆਂ ਮੱਧਕਾਲੀ ਚੋਣਾਂ (Midterms) ਕਾਰਨ ਬੇਹੱਦ ਹਲਚਲ ਵਾਲਾ ਰਹਿਣ ਦੀ ਉਮੀਦ ਹੈ। ਇਨ੍ਹਾਂ ਚੋਣਾਂ ਦੇ ਨਤੀਜੇ ਤੈਅ ਕਰਨਗੇ ਕਿ ਰਾਸ਼ਟਰਪਤੀ ਟਰੰਪ ਦੀਆਂ ਅਸੀਮਤ ਸ਼ਕਤੀਆਂ 'ਤੇ ਰੋਕ ਲੱਗੇਗੀ ਜਾਂ ਉਹ ਹੋਰ ਵੀ ਸ਼ਕਤੀਸ਼ਾਲੀ ਹੋ ਕੇ ਉੱਭਰਨਗੇ।

ਪੱਛਮੀ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਦੇ ਪ੍ਰੋਫੈਸਰ ਮੈਥਿਊ ਲੇਬੋ ਅਨੁਸਾਰ, ਮੱਧਕਾਲੀ ਚੋਣਾਂ ਆਮ ਤੌਰ 'ਤੇ ਮੌਜੂਦਾ ਰਾਸ਼ਟਰਪਤੀਆਂ ਲਈ ਚੰਗੀਆਂ ਨਹੀਂ ਰਹਿੰਦੀਆਂ। ਇਸ ਵੇਲੇ ਅਮਰੀਕੀ ਕਾਂਗਰਸ 'ਤੇ ਰਿਪਬਲਿਕਨ ਪਾਰਟੀ ਦਾ ਕਬਜ਼ਾ ਹੈ, ਜਿਸ ਕਾਰਨ ਟਰੰਪ ਬਿਨਾਂ ਕਿਸੇ ਵੱਡੀ ਰੋਕ-ਟੋਕ ਦੇ ਫੈਸਲੇ ਲੈ ਰਹੇ ਹਨ। ਜੇਕਰ ਡੈਮੋਕ੍ਰੇਟਸ ਸੈਨੇਟ ਵਿੱਚ ਸਿਰਫ਼ ਚਾਰ ਸੀਟਾਂ ਜਿੱਤ ਲੈਂਦੇ ਹਨ, ਤਾਂ ਉਹ ਕੰਟਰੋਲ ਵਾਪਸ ਲੈ ਸਕਦੇ ਹਨ। ਹਾਊਸ ਆਫ ਰਿਪ੍ਰਜ਼ੈਂਟੇਟਿਵਜ਼ ਵਿੱਚ ਵੀ ਰਿਪਬਲਿਕਨਾਂ ਕੋਲ ਮਾਮੂਲੀ ਬਹੁਮਤ ਹੈ। ਜੇਕਰ ਡੈਮੋਕ੍ਰੇਟਸ ਦੋਵਾਂ ਸਦਨਾਂ ਵਿੱਚ ਜਿੱਤ ਜਾਂਦੇ ਹਨ, ਤਾਂ ਟਰੰਪ ਵਿਰੁੱਧ ਮਹਾਦੋਸ਼ (Impeachment) ਅਤੇ ਸਰਕਾਰੀ ਫੈਸਲਿਆਂ ਦੀ ਸਖ਼ਤ ਜਾਂਚ ਵਰਗੇ ਮੁੱਦੇ ਮੁੜ ਸਾਹਮਣੇ ਆ ਸਕਦੇ ਹਨ।



ਟਰੰਪ ਦੀ ਆਪਣੀ ਪਾਰਟੀ ਦੇ ਅੰਦਰ ਵੀ ਹੁਣ ਵਿਰੋਧ ਦੇ ਸੁਰ ਉੱਠਣ ਲੱਗੇ ਹਨ। ਨਵੰਬਰ ਵਿੱਚ ਟਰੰਪ ਦੀ ਕੱਟੜ ਸਮਰਥਕ ਰਹੀ ਮਾਰਜਰੀ ਟੇਲਰ ਗ੍ਰੀਨ ਨੇ ਐਲਾਨ ਕੀਤਾ ਕਿ ਉਹ ਜਨਵਰੀ ਵਿੱਚ ਸਿਆਸਤ ਤੋਂ ਸੰਨਿਆਸ ਲੈ ਰਹੀ ਹੈ। ਇਹ ਫੈਸਲਾ ਉਨ੍ਹਾਂ ਵਿਚਕਾਰ ਜੈਫਰੀ ਐਪਸਟੀਨ ਨਾਲ ਸਬੰਧਤ ਫਾਈਲਾਂ ਨੂੰ ਜਨਤਕ ਕਰਨ ਦੇ ਮੁੱਦੇ 'ਤੇ ਹੋਏ ਵਿਵਾਦ ਤੋਂ ਬਾਅਦ ਆਇਆ। ਇਸ ਤੋਂ ਇਲਾਵਾ, ਸੈਨੇਟਰ ਥੌਮ ਟਿਲਿਸ ਵਰਗੇ ਕਈ ਹੋਰ ਰਿਪਬਲਿਕਨ ਆਗੂਆਂ ਨੇ ਵੀ ਚੋਣ ਨਾ ਲੜਨ ਦਾ ਫੈਸਲਾ ਕੀਤਾ ਹੈ, ਜੋ ਪਾਰਟੀ ਅੰਦਰ ਵਧ ਰਹੀ ਨਿਰਾਸ਼ਾ ਨੂੰ ਦਰਸਾਉਂਦਾ ਹੈ। ਦਸੰਬਰ ਦੇ ਗੈਲਪ ਪੋਲ ਮੁਤਾਬਕ ਟਰੰਪ ਦੀ ਲੋਕਪ੍ਰਿਯਤਾ ਘਟ ਕੇ 36 ਫੀਸਦੀ ਰਹਿ ਗਈ ਹੈ, ਜਦਕਿ 60 ਫੀਸਦੀ ਲੋਕ ਉਨ੍ਹਾਂ ਦੇ ਕੰਮ ਤੋਂ ਨਾਖੁਸ਼ ਹਨ।

ਕੈਨੇਡਾ ਲਈ ਸਭ ਤੋਂ ਵੱਡੀ ਚਿੰਤਾ ਵਪਾਰਕ ਨੀਤੀਆਂ ਹਨ। ਟਰੰਪ ਨੇ ਅਗਸਤ ਵਿੱਚ ਕੈਨੇਡੀਅਨ ਵਸਤਾਂ 'ਤੇ ਟੈਰਿਫ ਵਧਾ ਕੇ 35 ਫੀਸਦੀ ਕਰ ਦਿੱਤੇ ਸਨ। ਹਾਲਾਂਕਿ ਇਹ CUSMA ਦੇ ਅਧੀਨ ਆਉਣ ਵਾਲੀਆਂ ਚੀਜ਼ਾਂ 'ਤੇ ਲਾਗੂ ਨਹੀਂ ਹੁੰਦੇ, ਪਰ ਸਟੀਲ, ਐਲੂਮੀਨੀਅਮ ਅਤੇ ਆਟੋਮੋਬਾਈਲ ਵਰਗੇ ਖੇਤਰ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੇ ਹਨ। ਕਾਰਲਟਨ ਯੂਨੀਵਰਸਿਟੀ ਦੇ ਪ੍ਰੋਫੈਸਰ ਫੇਨ ਓਸਲਰ ਹੈਂਪਸਨ ਚੇਤਾਵਨੀ ਦਿੰਦੇ ਹਨ ਕਿ ਕੈਨੇਡੀਅਨਾਂ ਨੂੰ ਇਹ ਭੁਲੇਖਾ ਨਹੀਂ ਪਾਲਣਾ ਚਾਹੀਦਾ ਕਿ ਡੈਮੋਕ੍ਰੇਟਸ ਦੇ ਆਉਣ ਨਾਲ ਸਭ ਠੀਕ ਹੋ ਜਾਵੇਗਾ, ਕਿਉਂਕਿ ਅਮਰੀਕਾ ਵਿੱਚ ਹੁਣ ਮੁਫ਼ਤ ਵਪਾਰ (Free Trade) ਦੀ ਬਜਾਏ ਆਪਣੀਆਂ ਉਦਯੋਗਿਕ ਨੀਤੀਆਂ ਨੂੰ ਬਚਾਉਣ ਦਾ ਰੁਝਾਨ ਵਧ ਰਿਹਾ ਹੈ।

CUSMA ਸਮਝੌਤੇ ਦੀ ਛੇ ਸਾਲਾ ਸਮੀਖਿਆ 2026 ਵਿੱਚ ਹੋਣੀ ਤੈਅ ਹੈ। ਟਰੰਪ ਪਹਿਲਾਂ ਹੀ ਕੈਨੇਡਾ ਦੀ ਡੇਅਰੀ ਪ੍ਰਣਾਲੀ ਅਤੇ ਖੇਤੀਬਾੜੀ ਨੀਤੀਆਂ ਦੀ ਆਲੋਚਨਾ ਕਰ ਚੁੱਕੇ ਹਨ ਅਤੇ ਇਸ ਸਮਝੌਤੇ ਨੂੰ "ਪਰਿਵਰਤਨਸ਼ੀਲ" (Transitional) ਕਰਾਰ ਦਿੱਤਾ ਹੈ। ਮਾਹਿਰਾਂ ਅਨੁਸਾਰ, ਅਮਰੀਕਾ ਇਸ ਸਮੀਖਿਆ ਦੀ ਵਰਤੋਂ ਕੈਨੇਡਾ ਅਤੇ ਮੈਕਸੀਕੋ ਤੋਂ ਹੋਰ ਰਿਆਇਤਾਂ ਲੈਣ ਲਈ ਕਰੇਗਾ। ਜੌਨਸ ਹੌਪਕਿਨਜ਼ ਯੂਨੀਵਰਸਿਟੀ ਦੇ ਕ੍ਰਿਸਟੋਫਰ ਸੈਂਡਸ ਦਾ ਕਹਿਣਾ ਹੈ ਕਿ ਇਹ ਅਨਿਸ਼ਚਿਤਤਾ ਨਿਵੇਸ਼ ਨੂੰ ਪ੍ਰਭਾਵਿਤ ਕਰੇਗੀ ਅਤੇ ਤਿੰਨਾਂ ਦੇਸ਼ਾਂ ਦੀ ਆਰਥਿਕਤਾ ਲਈ ਇੱਕ ਦਰਦਨਾਕ ਰਸਤਾ ਸਾਬਤ ਹੋ ਸਕਦੀ ਹੈ। ਕੈਨੇਡਾ ਨੂੰ ਇਸ ਗੁੰਝਲਦਾਰ ਗੱਲਬਾਤ ਲਈ ਹੁਣੇ ਤੋਂ ਤਿਆਰ ਰਹਿਣਾ ਹੋਵੇਗਾ ਕਿਉਂਕਿ ਅਮਰੀਕਾ ਦਾ ਅਗਲਾ ਸਿਆਸੀ ਮਾਹੌਲ ਪੂਰੀ ਤਰ੍ਹਾਂ ਬਦਲਣ ਵਾਲਾ ਹੈ। This report was written by Divroop Kaur as part of the Local Journalism

# ਸਵਿਟਜ਼ਰਲੈਂਡ ਦੇ ਲਗਜ਼ਰੀ ਰਿਜ਼ੌਰਟ 'ਚ ਨਵੇਂ ਸਾਲ ਦੇ ਜਸ਼ਨਾਂ ਦੌਰਾਨ ਭਿਆਨਕ ਧਮਾਕਾ: 40 ਮੌਤਾਂ, 100 ਤੋਂ ਵੱਧ ਜ਼ਖ਼ਮੀ

ਐਬਟਸਫੋਰਡ, (ਬਰਾੜ ਭਗਤਾ ਭਾਈਕਾ): ਸਵਿਟਜ਼ਰਲੈਂਡ ਦੇ ਖ਼ੂਬਸੂਰਤ ਪਹਾੜਾਂ ਵਿੱਚ ਸਥਿਤ ਦੁਨੀਆ ਦੇ ਪ੍ਰਸਿੱਧ ਸੈਲਾਨੀ ਕੇਂਦਰ ਕਰਾਂਸ ਮੋਂਟਾਨਾ (Crans-Montana) ਤੋਂ ਨਵੇਂ ਸਾਲ ਦੇ ਪਹਿਲੇ ਦਿਨ ਇੱਕ ਬੇਹੱਦ ਦਿਲ ਕੰਬਾਊ ਅਤੇ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਜਿੱਥੇ ਪੂਰੀ ਦੁਨੀਆ ਨਵੇਂ ਸਾਲ 2026 ਦਾ ਸਵਾਗਤ ਖ਼ੁਸ਼ੀਆਂ ਨਾਲ ਕਰ ਰਹੀ ਸੀ, ਉੱਥੇ ਹੀ ਇਸ ਲਗਜ਼ਰੀ 'ਅਲਪਾਈਨ ਸਕੀ ਰਿਜ਼ੌਰਟ' ਵਿੱਚ ਜਸ਼ਨਾਂ ਦਾ ਮਾਹੌਲ ਉਸ ਸਮੇਂ ਮਾਤਮ ਵਿੱਚ ਬਦਲ ਗਿਆ ਜਦੋਂ ਇੱਕ ਭਿਆਨਕ ਵਿਸਫੋਟ ਨੇ ਚਾਰੇ ਪਾਸੇ ਤਬਾਹੀ ਮਚਾ ਦਿੱਤੀ। ਬ੍ਰਿਟਿਸ਼ ਨਿਊਜ਼ ਮੀਡੀਆ 'ਦਿ ਮਿਰਰ' ਅਤੇ ਸਥਾਨਕ ਸਵਿਸ ਮੀਡੀਆ ਅਨੁਸਾਰ ਇਸ ਭਿਆਨਕ ਹਾਦਸੇ ਵਿੱਚ ਹੁਣ ਤੱਕ 40 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਦਕਿ 100 ਤੋਂ ਵੱਧ ਲੋਕ ਗੰਭੀਰ ਰੂਪ ਵਿੱਚ ਜ਼ਖ਼ਮੀ ਹਨ। ਇਸ ਹਾਦਸੇ ਨੇ ਨਾ ਸਿਰਫ਼ ਸਵਿਟਜ਼ਰਲੈਂਡ ਸਗੋਂ ਪੂਰੀ ਦੁਨੀਆ ਨੂੰ ਸਦਮੇ ਵਿੱਚ ਪਾ ਦਿੱਤਾ ਹੈ ਕਿਉਂਕਿ ਮਰਨ ਵਾਲਿਆਂ ਵਿੱਚ ਕਈ ਦੇਸ਼ਾਂ ਦੇ ਸੈਲਾਨੀ ਸ਼ਾਮਲ ਹੋਣ ਦੀ ਖ਼ਬਰ ਹੈ।

ਸਵਿਟਜ਼ਰਲੈਂਡ ਦੀ ਪੁਲਿਸ ਨੇ ਵੀਰਵਾਰ ਸਵੇਰੇ ਸਥਾਨਕ ਸਮੇਂ ਅਨੁਸਾਰ 10 ਵਜੇ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਇਸ ਘਟਨਾ ਦੀ ਪੁਸ਼ਟੀ ਕੀਤੀ ਹੈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਇਹ ਭਿਆਨਕ ਵਿਸਫੋਟ ਰਿਜ਼ੌਰਟ ਦੇ ਪ੍ਰਸਿੱਧ 'ਕੋਨਸਟੇਲੇਸ਼ਨ ਬਾਰ' (Constellation Bar) ਵਿੱਚ ਰਾਤ ਲਗਭਗ 1:30 ਵਜੇ ਹੋਇਆ। ਉਸ ਸਮੇਂ ਬਾਰ ਸੈਲਾਨੀਆਂ ਨਾਲ ਨੱਕੋ-ਨੱਕ ਭਰਿਆ ਹੋਇਆ ਸੀ ਅਤੇ ਲੋਕ ਸੰਗੀਤ ਦੀਆਂ ਧੁਨਾਂ 'ਤੇ ਨਵੇਂ ਸਾਲ ਦਾ ਜਸ਼ਨ ਮਨਾ ਰਹੇ



ਸਨ। ਹਾਲਾਂਕਿ ਪੁਲਿਸ ਨੇ ਅਧਿਕਾਰਤ ਤੌਰ 'ਤੇ ਮਰਨ ਵਾਲਿਆਂ ਦੀ ਗਿਣਤੀ ਬਾਰੇ ਅਜੇ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਕੀਤਾ ਹੈ, ਪਰ ਉਨ੍ਹਾਂ ਮੰਨਿਆ ਹੈ ਕਿ ਹਾਦਸਾ ਇੰਨਾ ਭਿਆਨਕ ਸੀ ਕਿ ਕਈ ਦਰਜਨ ਲੋਕਾਂ ਦੀ ਮੌਤ ਹੋਣ ਦੀ ਪੂਰੀ ਆਸ਼ੰਕਾ ਹੈ। ਮਰਨ ਵਾਲਿਆਂ ਵਿੱਚ ਸਥਾਨਕ ਨਾਗਰਿਕਾਂ ਦੇ ਨਾਲ-ਨਾਲ ਕਈ ਹੋਰ ਦੇਸ਼ਾਂ ਦੇ ਸੈਲਾਨੀ ਵੀ ਸ਼ਾਮਲ ਹਨ, ਜੋ ਵਿਸ਼ੇਸ਼ ਤੌਰ 'ਤੇ ਛੁੱਟੀਆਂ ਮਨਾਉਣ ਲਈ ਇੱਥੇ ਪਹੁੰਚੇ ਹੋਏ ਸਨ।

ਹਾਦਸੇ ਤੋਂ ਤੁਰੰਤ ਬਾਅਦ ਕਰਾਂਸ ਮੋਂਟਾਨਾ ਸ਼ਹਿਰ ਵਿੱਚ ਐਮਰਜੈਂਸੀ ਘੋਸ਼ਿਤ ਕਰ ਦਿੱਤੀ ਗਈ ਹੈ ਅਤੇ ਪੂਰੇ ਇਲਾਕੇ ਨੂੰ 'ਨੋ-ਫਲਾਈ ਜ਼ੋਨ' ਵਿੱਚ ਤਬਦੀਲ ਕਰ ਦਿੱਤਾ ਗਿਆ ਹੈ ਤਾਂ ਜੋ ਬਚਾਅ ਕਾਰਜਾਂ ਵਿੱਚ ਕੋਈ ਰੁਕਾਵਟ ਨਾ ਆਵੇ। ਪੁਲਿਸ ਅਤੇ ਐਮਰਜੈਂਸੀ ਟੀਮਾਂ ਤੇਜ਼ੀ ਨਾਲ ਰਾਹਤ ਕਾਰਜਾਂ ਵਿੱਚ ਜੁਟੀਆਂ ਹੋਈਆਂ ਹਨ। ਜ਼ਖ਼ਮੀਆਂ ਨੂੰ ਤੁਰੰਤ ਨੇੜਲੇ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ ਹੈ। ਡਾਕਟਰੀ ਸੂਤਰਾਂ ਅਨੁਸਾਰ ਹਸਪਤਾਲਾਂ ਦੇ ਬਰਨ ਯੂਨਿਟ (ਸੜੇ ਹੋਏ ਮਰੀਜ਼ਾਂ ਦੇ ਵਾਰਡ) ਪੂਰੀ ਤਰ੍ਹਾਂ ਭਰ ਗਏ ਹਨ ਕਿਉਂਕਿ ਧਮਾਕੇ ਤੋਂ ਬਾਅਦ ਲੱਗੀ ਅੱਗ ਕਾਰਨ ਜ਼ਿਆਦਾਤਰ ਲੋਕ ਬੁਰੀ ਤਰ੍ਹਾਂ ਝੁਲਸ ਗਏ ਹਨ। ਕਈ ਜ਼ਖ਼ਮੀਆਂ ਦੀ ਹਾਲਤ ਬੇਹੱਦ ਨਾਜ਼ੁਕ ਦੱਸੀ ਜਾ ਰਹੀ ਹੈ, ਜਿਸ ਕਾਰਨ ਮੌਤਾਂ ਦੀ ਗਿਣਤੀ ਵਧਣ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਹੈ।

ਸਵਿਸ ਨਿਊਜ਼ ਆਊਟਲੈੱਟ 'ਬਲਿਕ' ਦੀ ਮੁੱਢਲੀ ਰਿਪੋਰਟ ਅਨੁਸਾਰ, ਇਹ ਧਮਾਕਾ ਅਤੇ ਉਸ ਤੋਂ ਬਾਅਦ ਲੱਗੀ ਅੱਗ ਸ਼ਾਇਦ ਬਾਰ ਵਿੱਚ ਚੱਲ ਰਹੇ ਇੱਕ ਕੰਸਰਟ ਦੌਰਾਨ ਕੀਤੀ ਗਈ ਆਤਿਸ਼ਬਾਜ਼ੀ (pyrotechnics) ਕਾਰਨ ਹੋਈ ਹੋ ਸਕਦੀ ਹੈ। ਚਸ਼ਮਦੀਦਾਂ ਅਨੁਸਾਰ ਜਸ਼ਨ ਦੌਰਾਨ ਚਲਾਈਆਂ ਗਈਆਂ ਫੁਲਝੜੀਆਂ ਜਾਂ ਆਤਿਸ਼ਬਾਜ਼ੀ ਦੀ ਚੰਗਿਆੜੀ ਨੇ ਬਾਰ ਦੇ ਅੰਦਰੂਨੀ ਸਜਾਵਟ ਵਾਲੇ ਸਮਾਨ ਨੂੰ ਅੱਗ ਫੜਾ ਦਿੱਤੀ, ਜਿਸ ਤੋਂ ਬਾਅਦ ਇੱਕ ਜ਼ੋਰਦਾਰ ਧਮਾਕਾ ਹੋਇਆ। ਘਟਨਾ ਦੀ ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ, ਪੁਲਿਸ ਅਤੇ ਐਂਬੂਲੈਂਸ ਦੀਆਂ ਦਰਜਨਾਂ ਟੀਮਾਂ ਮੌਕੇ 'ਤੇ ਪਹੁੰਚ ਗਈਆਂ। ਧਮਾਕੇ ਵਾਲੀ ਜਗ੍ਹਾ ਅਤੇ ਆਲੇ-ਦੁਆਲੇ ਦੇ ਇਲਾਕੇ ਨੂੰ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਗਿਆ ਹੈ ਤਾਂ ਜੋ ਫੋਰੈਂਸਿਕ ਟੀਮਾਂ ਸਬੂਤ ਇਕੱਠੇ ਕਰ ਸਕਣ। ਸਥਾਨਕ ਲੋਕਾਂ ਨੇ ਦੱਸਿਆ ਕਿ ਧਮਾਕਾ ਇੰਨਾ ਜ਼ਬਰਦਸਤ ਸੀ ਕਿ ਇਸ ਦੀ ਗੂੰਜ ਦੂਰ-ਦੂਰ ਤੱਕ ਸੁਣਾਈ ਦਿੱਤੀ। ਧਮਾਕੇ ਤੋਂ ਤੁਰੰਤ ਬਾਅਦ ਇਲਾਕੇ ਵਿੱਚ ਅਫਰਾ-ਤਫਰੀ ਮਚ ਗਈ ਅਤੇ ਲੋਕ ਆਪਣੀ ਜਾਨ ਬਚਾਉਣ ਲਈ ਇੱਧਰ-ਉੱਧਰ ਭੱਜਣ ਲੱਗੇ। ਬਚਾਅ ਕਾਰਜਾਂ ਦੀ ਗੰਭੀਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਹਰ 10 ਮਿੰਟ ਵਿੱਚ ਇੱਕ ਰੈਸਕਿਊ ਹੈਲੀਕਾਪਟਰ ਉੱਡਦਾ ਨਜ਼ਰ ਆ ਰਿਹਾ ਸੀ। ਸਵਿਸ ਮੀਡੀਆ ਮੁਤਾਬਕ ਦੇਸ਼ ਦੇ ਸਾਰੇ ਉਪਲਬਧ ਰੈਸਕਿਊ ਹੈਲੀਕਾਪਟਰਾਂ ਨੂੰ ਇਸ ਮਦਦ ਕਾਰਜ ਵਿੱਚ ਲਗਾਇਆ ਗਿਆ ਹੈ। ਗੁਆਂਢੀ ਦੇਸ਼ ਇਟਲੀ ਨੇ ਵੀ ਮਨੁੱਖੀ ਮਦਦ ਵਜੋਂ ਇੱਕ ਵਿਸ਼ੇਸ਼ ਹੈਲੀਕਾਪਟਰ ਭੇਜਿਆ ਹੈ ਤਾਂ ਜੋ ਜ਼ਖ਼ਮੀਆਂ ਨੂੰ ਤੇਜ਼ੀ ਨਾਲ ਵੱਡੇ ਮੈਡੀਕਲ ਸੈਂਟਰਾਂ ਤੱਕ ਪਹੁੰਚਾਇਆ ਜਾ ਸਕੇ।

ਘਾਹ ਕੱਟਣ ਵਾਲੀ ਮਸ਼ੀਨ, (lawnmower) ਪ੍ਰੈਸ਼ਰਵਾਸ਼ਰ, ਮਿਕਸੀ, ਮਾਈਕਰੋਵੇਵ ਵਾਜਬ ਰੇਟ ਤੇ ਠੀਕ ਕਰਵਾਓ

REPAIR & SERVICES
ਸੰਪਰਕ ਕਰੋ
604-773-7258 (ਸਰੀ)

SIDHU BROTHERS
ACCOUNTING SERVICE LTD.
- PAYROLL - PERSONAL INCOME TAX - CORPORATE INCOME TAX - GST/HST/WCB
We Also Provide Service to get Transport Authority (NSC#, DOT#, MC#, Single State Registration)
WE SPECIALIZED IN
ACCOUNTING FOR TRANSPORT COMPANIES

Jarnail Singh Sidhu
Cell : 604-808-1148
jsidhu61@gmail.com
TEL : 604-502-9988 FAX : 604-501-9900
Address : 12633-67B Ave. Surrey, BC V3W 1G2

# ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਸ਼ਹੀਦੀ

## ਅਤਿਵਾਦੀ ਸਾਬਤ ਕਰਨ ਲਈ ਭਾਈ ਕਾਉਂਕੇ ਨੂੰ ਪੁਲਿਸ ਹਿਰਾਸਤ ਦੌਰਾਨ ਰੱਜ ਕੇ ਬੇਇੱਜ਼ਤ ਕੀਤਾ ਗਿਆ ਪੰਜਾਬ ਸਰਕਾਰ ਉਨ੍ਹਾਂ ਦੀ ਸ਼ਹਾਦਤ 'ਤੇ ਲਗਾਤਾਰ ਪਰਦਾ ਪਾਉਣ ਦਾ ਕੰਮ ਕਰ ਰਹੀ ਹੈ: ਖਾਲੜਾ ਮਿਸ਼ਨ ਆਰਗੇਨਾਇਜ਼ੇਸ਼ਨ



ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਕੇ ਨੂੰ ਸ਼ਹੀਦ ਹੋਏ ਅੱਜ 30 ਸਾਲ ਹੋ ਚੁਕੇ ਹਨ। ਭਾਈ ਗੁਰਦੇਵ ਸਿੰਘ ਕਾਉਕੇ ਨੂੰ 1 ਜਨਵਰੀ 1993 ਨੂੰ ਸ਼ਹੀਦ ਕਰ ਦਿਤਾ ਗਿਆ ਸੀ ਪਰ ਪੰਜਾਬ ਦੀ ਸੱਤਾ 'ਤੇ ਕਾਬਜ਼ ਅਕਾਲੀ ਸਰਕਾਰ ਵਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਹਲਫ਼ੀਆ ਬਿਆਨ ਦੇ ਕੇ ਕਿਹਾ ਗਿਆ ਹੈ ਕਿ ਭਾਈ ਕਾਉਕੇ ਪੁਲਿਸ ਦੀ ਹਿਰਾਸਤ ਵਿਚੋਂ ਭੱਜ ਗਏ ਸਨ ਤੇ ਉਨ੍ਹਾਂ ਦੀ ਭਾਲ ਅਜੇ ਤਕ ਜਾਰੀ ਹੈ। ਪੰਜਾਬ ਵਿਚ ਚਲੇ ਖਾੜਕੂਵਾਦ ਦੌਰਾਨ ਪੁਲਿਸ ਹਿਰਾਸਤ ਵਿਚ ਹੋਏ ਜ਼ੁਲਮ ਬਾਰੇ ਰੌਂਗਟੇ ਖੜੇ ਕਰਨ ਵਾਲੀਆਂ ਕਈ ਘਟਨਾਵਾਂ ਪ੍ਰਚਲਤ ਹਨ ਜਿਨ੍ਹਾਂ ਨੂੰ ਪੜ੍ਹ ਸੁਣ ਕੇ ਸਮੇਂ ਦਾ ਸੱਚ ਸਾਹਮਣੇ ਆਉਂਦਾ ਹੈ। ਅਜਿਹੇ ਪੁਲਿਸ ਜਬਰ ਦੀ ਇਕ ਸਚਾਈ ਭਾਈ ਗੁਰ-ਦੇਵ ਸਿੰਘ ਕਾਉਕੇ ਦੀ ਸ਼ਹਾਦਤ ਬਾਰੇ ਵੀ ਸਾਹਮਣੇ ਆਈ ਹੈ। ਹੈਰਾਨੀ ਦੀ ਗੱਲ ਹੈ ਕਿ ਇਹ ਸਾਰੀ ਸਚਾਈ ਕਿਸੇ ਹੋਰ ਨੇ ਨਹੀਂ ਬਲਕਿ ਉਸ ਸਮੇਂ ਮੌਕੇ 'ਤੇ ਤਾਇ-ਨਾਤ ਇਕ ਵੱਡੇ ਪੁਲਿਸ ਅਧਿਕਾਰੀ ਨੇ ਅਪਣਾ ਨਾਮ ਨਾ ਛਾਪੇ ਜਾਣ ਦੀ ਸ਼ਰਤ 'ਤੇ ਦੱਸੀ ਹੈ। ਮਨੁੱਖੀ ਅਧਿਕਾਰਾਂ ਲਈ ਕੰਮ ਕਰਦੇ ਰਹੇ ਰਾਮ ਨਰਾਇਣ ਕੁਮਾਰ ਦੁਆਰਾ ਲਿਖੀ ਕਿਤਾਬ "ਟੈਰਰ ਇਨ ਪੰਜਾਬ" ਵਿਚ ਛਪੀ ਪੁਲਿਸ ਅਧਿਕਾਰੀ ਦੀ ਇੰਟਰਵਿਊ ਵਿਚ ਕਈ ਅਜਿਹੇ ਅਹਿਮ ਪ੍ਰਗਟਾਵੇ ਕੀਤੇ ਗਏ ਹਨ ਜਿਨ੍ਹਾਂ ਨੂੰ ਪੜ੍ਹ ਕੇ ਉਸ ਵਖਤ ਦਾ ਸੱਚ ਸਾਹਮਣੇ ਆ ਜਾਂਦਾ ਹੈ। ਪੁਲਿਸ ਅਧਿਕਾਰੀ ਮੁਤਾਬਕ, "ਮੈਨੂੰ ਭਾਈ ਗੁਰਦੇਵ ਸਿੰਘ ਕਾਉਕੇ 'ਤੇ ਨਿਜੀ ਤੌਰ 'ਤੇ ਕੋਈ ਸ਼ੱਕ ਨਹੀਂ ਸੀ ਕਿਉਂਕਿ ਮੈਂ ਖ਼ੁਦ ਲੰਮਾਂ ਸਮਾਂ ਜਗਰਾਉਂ ਲੱਗਾ ਰਿਹਾ ਹਾਂ। ਜਗਰਾਉਂ ਦੇ ਸੀ.ਆਈ.ਏ ਸਟਾਫ਼ ਵਲੋਂ ਉਸ (ਭਾਈ ਗੁਰਦੇਵ ਸਿੰਘ) ਨੂੰ ਕਈ ਵਾਰ ਪੁਛਗਿਛ ਲਈ ਲਿਆਂਦਾ ਗਿਆ। ਉਨ੍ਹਾਂ ਨੂੰ ਐਸ.ਪੀ. ਸ਼ਿਵ ਕੁਮਾਰ ਤੇ ਐਸ.ਪੀ. ਅਨਿਲ ਕੁਮਾਰ ਵਲੋਂ ਇਨ-ਟੈਰੋਗੇਟ ਕੀਤਾ ਗਿਆ ਪਰ ਪੁਛਗਿਛ ਦੌਰਾਨ ਉਸ ਪਾਸੋਂ ਕੁੱਝ ਵੀ ਬਰਾਮਦ ਨਾ ਹੋ ਸਕਿਆ। ਕੋਈ ਹਥਿਆਰ ਬਰਾਮਦ ਨਾ ਹੋਇਆ। ਅਤਿਵਾਦੀ ਕਾਰਵਾਈਆਂ ਨਾਲ ਸਬੰਧ ਜੋੜਨ ਲਈ ਕੁੱਝ ਅਧਿਕਾਰੀਆਂ ਵਲੋਂ ਭਾਈ ਕਾਉਕੇ ਨੂੰ ਬੁਰੀ ਤਰ੍ਹਾਂ ਨਾਲ ਬੇਇੱਜ਼ਤ ਕੀਤਾ ਗਿਆ। ਇਥੇ ਹੀ ਬੱਸ ਨਹੀਂ ਉਨ੍ਹਾਂ ਦੇ ਪਿੰਡ ਵਿਚ ਸੀ.ਆਰ.ਪੀ ਦੀ ਇਕ ਕੰਪਨੀ ਵੀ ਤਾਇਨਾਤ ਕਰ ਦਿਤੀ ਗਈ ਤਾਕਿ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖੀ ਜਾ ਸਕੇ। ਜਗਰਾਉਂ ਦੇ ਉਸ ਸਮੇਂ ਦੇ ਐਸ.ਐਸ.ਪੀ ਸਵਰਨ ਸਿੰਘ ਘੋਟਣਾ ਕੋਲ ਖ਼ੁਫ਼ੀਆ ਵਿਭਾਗ ਦੀਆਂ ਸਾਰੀਆਂ ਰੀਪੋਰਟਾਂ ਸਨ, ਇਸ ਦੇ ਬਾਵਜੂਦ ਕਿਸੇ ਨੇ ਉਸ ਨੂੰ ਸ਼ੱਕ ਪਾਇਆ ਸੀ ਕਿ ਭਾਈ ਕਾਉਕੇ ਕੋਲ ਹਥਿਆਰਾਂ ਦੀ ਇਕ ਖੇਪ ਪੁੱਜੀ ਹੈ। ਉਸ ਨੇ ਇਸੇ ਆਧਾਰ 'ਤੇ ਥਾਣਾ ਜਗਰਾਉਂ ਸਦਰ ਦੇ ਐਸ.ਐਚ.ਓ ਗੁਰਮੀਤ ਸਿੰਘ ਨੂੰ ਭਾਈ ਕਾਉਕੇ ਦੀ ਗ੍ਰਿਫ਼ਤਾਰੀ ਦੇ ਹੁਕਮ ਦਿਤੇ।"

ਉਕਤ ਪੁਲਿਸ ਅਧਿਕਾਰੀ ਮੁਤਾਬਕ ਸਵਰਨ ਸਿੰਘ ਘੋਟਣਾ ਨੂੰ ਸ਼ੱਕ ਸੀ ਕਿ ਇਸ ਖੇਤਰ ਵਿਚ ਵਾਪਰ ਰਹੀਆਂ ਘਟਨਾਵਾਂ ਪਿੱਛੇ ਭਾਈ ਕਾਉਕੇ ਦਾ ਹੱਥ ਹੈ ਜਦਕਿ ਸੱਚ ਇਹ ਹੈ ਕਿ ਭਾਈ ਕਾਉਕੇ ਨੇ ਕੋਈ ਜੁਰਮ ਨਹੀਂ ਸੀ ਕੀਤਾ ਤੇ ਨਾ ਹੀ ਉਸ ਕੋਲੋਂ ਕੋਈ ਹਥਿਆਰ ਹੀ ਬਰਾਮਦ ਹੋਇਆ।

ਇਥੋਂ ਤਕ ਕਿ 12 ਬੋਰ ਦੀ ਕੋਈ ਰਾਈਫ਼ਲ ਵੀ ਬਰਾਮਦ ਨਹੀਂ ਹੋਈ ਤੇ ਨਾ ਹੀ ਉਸ ਦਾ ਕਿਸੇ ਅਤਿਵਾਦੀ ਘਟਨਾ ਵਿਚ ਹੱਥ ਹੋਣਾ ਹੀ ਸਾਬਤ ਹੋਇਆ। ਪੁਲਿਸ ਅਧਿਕ-ਾਰੀ ਅਨੁਸਾਰ ਭਾਈ ਕਾਉਕੇ ਨੂੰ 27 ਦਸੰਬਰ 1992 ਨੂੰ ਜਗਰਾਉਂ ਦੇ ਸੀ.ਆਈ.ਏ ਸਟਾਫ਼ ਵਿਚ ਲਿਆਂਦਾ ਗਿਆ ਜਿਥੇ ਡੀ.ਐਸ.ਪੀ (ਡੀ) ਹਰਬੰਸ ਸਿੰਘ ਸੋਢੀ ਨੇ ਉਸ ਨੂੰ ਪੁਛਗਿਛ ਕੀਤੀ ਤੇ ਤਸੀਹੇ ਦਿਤੇ। ਪੁਲਿਸ ਅਧਿਕਾਰੀ ਮੁਤਾਬਕ , "ਮੈਂ ਘੋਟਨਾ ਨੂੰ ਆਖ ਦਿਤਾ ਸੀ ਕਿ ਮੈਂ ਇਸ ਨਾਲ ਕੰਮ ਨਹੀਂ ਕਰਾਂਗਾ ਕਿਉਂਕਿ ਉਹ (ਸੋਢੀ) ਹਰ ਰੋਜ਼ ਕਿਸੇ ਨਾ ਕਿਸੇ ਨੂੰ ਮਾਰ ਕੇ ਪਾਣੀ ਵਿਚ ਸੁੱਟ ਦਿੰਦਾ ਸੀ ਅਤੇ ਇਸ ਕੰਮ ਲਈ ਉਹ ਰਾਜਕੋਟ ਅਤੇ ਸਿੱਧਵਾਂ ਦੇ ਐਸ.ਐਚ.ਓ ਦੀ ਡਿਊਟੀ ਲਗਾਉਂਦਾ ਸੀ। ਅਧਿ-ਕਾਰੀ ਮੁਤਾਬਕ ਸੋਢੀ ਭਾਈ ਕਾਉਕੇ 'ਤੇ ਤਸ਼ੱਦਦ ਕਰ ਕੇ ਉਨ੍ਹਾਂ ਪਾਸੋਂ ਘੋਟਨਾ ਦੇ ਖ਼ਿਆਲੀ ਪੁਲਾਉ ਹਥਿਆਰਾਂ ਦੀ ਉਹ ਬੋਰੀ ਬਰਾਮਦ ਕਰਨਾ ਚਾਹੁੰਦਾ ਸੀ ਜਿਸ ਬਾਰੇ ਘੋਟਨਾ ਨੂੰ ਭਾਈ ਕਾਉਕੇ 'ਤੇ ਸ਼ੱਕ ਸੀ।" ਅਧਿਕ-ਾਰੀ ਮੁਤਾਬਕ ਭਾਈ ਕਾਉਕੇ ਦੀ ਗ੍ਰਿਫ਼ਤਾਰੀ ਤੋਂ ਬਾਅਦ ਬਾਬਾ ਰਣਜੀਤ ਸਿੰਘ ਤੇ ਹੋਰ ਕਈ ਲੋਕਾਂ ਦੀ ਗ੍ਰਿਫ਼ਤਾਰੀ ਹੋਈ ਪਰ ਕਿਸੇ ਦੀ ਵੀ ਕਿਸੇ ਸਮਾਜ ਵਿਰੋਧੀ ਕਾਰਵਾਈ ਵਿਚ ਸ਼ਮੂਲੀਅਤ ਸਾਬਤ ਨਾ ਹੋਈ। ਇਨ੍ਹਾਂ ਫੜੇ ਗਏ ਵਿਅਕਤੀਆਂ ਪਾਸੋਂ ਕੋਈ ਹਥਿਆਰ ਬਰਾਮਦ ਨਾ ਹੋਇਆ। ਉਕਤ ਪੁਲਿਸ ਅਧਿਕਾਰੀ ਨੇ ਦਸਿਆ ਕਿ ਜ਼ਾਤੀ ਤੌਰ 'ਤੇ ਉਹ ਮਹਿਸੂਸ ਕਰਦਾ ਹੈ ਕਿ ਸਵਰਨ ਸਿੰਘ ਘੋਟਣਾ ਨੂੰ ਪਤਾ ਲੱਗ ਚੁਕਾ ਸੀ ਕਿ ਉਸ ਦੀ ਬਦਲੀ ਕਿਤੇ ਬਾਹਰ ਹੋ ਸਕਦੀ ਹੈ, ਇਸ ਲਈ ਉਸ ਨੇ ਭਾਈ ਗੁਰਦੇਵ ਸਿੰਘ ਕਾਉਕੇ ਨੂੰ ਮਾਰਨ ਦਾ ਫ਼ੈਸਲਾ ਕਰ ਲਿਆ ਤਾਕਿ ਉਸ ਦੀ ਜਗਰਾਉਂ ਤੋਂ ਬਦਲੀ ਨਾ ਹੋ ਸਕੇ। ਅਧਿਕਾਰੀ ਨੇ ਇਕ ਹੋਰ ਅਹਿਮ ਪ੍ਰਗਟਾਵਾ ਕਰਦਿਆਂ ਕਿਹਾ ਕਿ ਘੋਟਨਾ ਬਦਲੀ ਤੋਂ ਬਚਣ ਲਈ ਜਾਂ ਐਸ. ਐਸ.ਪੀਜ਼ ਦੀਆਂ ਮੀਟਿੰਗਾਂ ਜੋ ਕਿ ਤਤਕਾਲੀ ਪੁਲਿਸ ਮੁਖੀ ਕੇ.ਪੀ.ਐਸ ਗਿੱਲ ਨਾਲ ਹੁੰਦੀਆਂ ਸਨ, ਵਿਚ 3 ਤੋਂ 400 ਤਕ ਖਾੜਕੂਆਂ ਦੇ ਮਾਰੇ ਜਾਣ ਦੀ ਰੀਪੋਰਟ ਰਖਦਾ ਸੀ। ਕਿਤਾਬ ਵਿਚ ਛਪੀ ਇੰਟਰਵਿਉ ਮੁਤਾਬਕ ਗਿੱਲ ਨਾਲ ਚਲਦੀ ਮੀਟਿੰਗ ਵਿਚ ਹਰ ਐਸ.ਐਸ.ਪੀ ਰੀਪੋਰਟ ਕਰਦਾ ਸੀ ਕਿ ਕਿਸੇ ਨੇ 14, 15, 10 ਜਾਂ 28 ਖਾੜਕੂ ਮਾਰੇ ਹਨ। ਗਿੱਲ ਦੀਆਂ ਮੀਟਿੰਗਾਂ ਦੌਰਾਨ ਅਜਿਹੀਆਂ ਕਾਰਵਾਈਆਂ ਨੂੰ ਪੰਜਾਬ ਵਿਚਲੇ ਅਤਿਵਾਦ ਨੂੰ ਕਾਬੂ ਪਾਉਣ ਦੀਆਂ ਕੋਸ਼ਿਸ਼ਾਂ ਵਜੋਂ ਪੇਸ਼ ਕੀਤਾ ਜਾਂਦਾ ਸੀ। ਅਧਿਕਾਰੀ ਨੇ ਦਸਿਆ ਕਿ ਭਾਈ ਕਾਉਕੇ ਨੂੰ 31 ਦਸੰਬਰ 1992 ਨੂੰ ਜਗਰਾਉਂ ਦੇ ਥਾਣਾ ਸਦਰ ਵਿਖੇ ਲਿਆਂਦਾ ਗਿਆ ਜਿਥੇ ਉਨ੍ਹਾਂ ਦੀ ਹਾਲਤ ਬਹੁਤ ਹੀ ਮਾੜੀ ਸੀ। ਇਹ ਪੁਛੇ ਜਾਣ 'ਤੇ ਕਿ ਭਾਈ ਕਾਉਕੇ ਨੂੰ 1 ਜਨਵਰੀ 1993 ਨੂੰ ਸਦਰ ਥਾਣੇ ਤੋਂ ਲੈ ਜਾਇਆ ਗਿਆ ਤਾਂ ਅਧਿਕਾਰੀ ਨੇ ਦਸਿਆ ਕਿ ਨਹੀਂ ਉਸ ਸਮੇਂ ਭਾਈ ਕਾਉਕੇ ਨੂੰ ਬੁਰੀ ਤਰ੍ਹਾਂ ਨਾਲ ਤਸੀਹੇ ਦਿਤੇ ਗਏ। ਉਸੇ ਦਿਨ ਸ਼ਾਮ ਨੂੰ ਕਿਸੇ ਹੋਰ ਥਾਂ 'ਤੇ ਲੈ ਗਏ। ਭਾਈ ਕਾਉਕੇ ਦੀ ਹਾਲਤ ਬੜੀ ਤਰਸਯੋਗ ਸੀ। ਗੁਰਮੀਤ ਸਿੰਘ ਐਸ. ਐਚ.ਓ ਸਦਰ ਨੇ ਭਾਈ ਕਾਉਕੇ ਦੀ ਹਾਲਤ ਵੇਖ ਕੇ ਉਨ੍ਹਾਂ ਦੇ ਕਮਰੇ ਵਿਚ ਹੀਟਰ ਦਾ ਪ੍ਰਬੰਧ ਕੀਤਾ ਤੇ ਭਾਈ ਕਾਉਕੇ ਨੂੰ ਕੰਬਲ ਦਿਤਾ। ਅਚਾਨਕ ਉਥੇ ਐਸ.ਐਸ.ਪੀ ਘੋਟਨਾ ਆ ਗਿਆ ਤੇ ਉਸ ਨੇ ਗੁਰਮੀਤ ਸਿੰਘ ਨੂੰ ਗੰਦੀਆਂ ਗਾਲਾਂ ਕਢਦਿਆਂ ਕਿਹਾ ਕਿ ਇਹ ਤੇਰਾ ਪਿਉ ਲਗਦਾ ਹੈ ਜਿਸ ਨੂੰ ਹੀਟਰ ਤੇ ਕੰਬਲ ਦਿਤਾ ਹੋਇਆ ਹੈ। ਉਸ ਸਾਰੇ ਸਮੇਂ ਨੂੰ ਯਾਦ ਕਰ ਕੇ ਉਕਤ ਅਧਿਕਾਰੀ ਨੇ ਦਸਿਆ ਕਿ ਭਾਈ ਕਾਉਕੇ ਦੇ ਸਰੀਰ ਵਿਚੋਂ ਖ਼ੂਨ ਨਿਕਲ ਰਿਹਾ ਸੀ। ਮੈਂ ਮੌਕੇ 'ਤੇ ਮੌਜੂਦ ਸੀ, ਘੋਟਨਾ ਨੇ ਮੇਰੇ ਵਲ ਵੇਖ ਕੇ ਕਿਹਾ, "ਤੁਹਾਡੇ 'ਜਥੇਦਾਰ' ਦਾ ਪਿਸ਼ਾਬ ਨਿਕਲ ਗਿਆ ਹੈ।" ਮੈਂ ਕਿਹਾ ਕਿ ਪਿਸ਼ਾਬ ਨਹੀਂ ਖ਼ੂਨ ਨਿਕਲ ਰਿਹਾ ਹੈ ਤੇ ਜਾਨ ਵੀ ਨਿਕਲ ਜਾਵੇਗੀ। 1 ਜਨਵਰੀ 1993 ਨੂੰ ਭਾਈ ਕਾਉਕੇ ਨੂੰ ਸਿੱਧਵਾਂ ਤਬਦੀਲ ਕਰ ਦਿਤਾ ਗਿਆ। ਅਧਿਕਾਰੀ ਨੇ ਦਸਿਆ ਕਿ ਉਸ ਸਮੇਂ ਹਾਈ ਕੋਰਟ ਨੇ ਭਾਈ ਕਾਉਕੇ ਦੀ ਭਾਲ ਲਈ ਇਕ ਵਾਰੰਟ ਅਫ਼ਸਰ ਦੀ ਡਿਊਟੀ ਲਾਈ ਸੀ, ਜੇ ਉਹ ਵਾਰੰਟ ਅਫ਼ਸਰ 1 ਜਨਵਰੀ 1993 ਨੂੰ ਸਿੱਧਾ ਸਦਰ ਥਾਣਾ ਆਉਂਦਾ ਤਾਂ ਸੰਭਵ ਹੈ ਕਿ ਭਾਈ ਕਾਉਕੇ ਆਖ਼ਰੀ ਸਾਹ ਸਦਰ ਥਾਣੇ ਵਿਚ ਹੀ ਲੈਂਦੇ। ਇਸ ਸਾਰੇ ਮਾਮਲੇ 'ਤੇ ਖਾਲੜਾ ਮਿਸ਼ਨ ਆਰਗੇ-ਨਾਇਜ਼ੇਸ਼ਨ ਅਤੇ ਹੋਰ ਮਨੁੱਖੀ ਅਧਿਕਾਰ ਸੰਗਠਨ ਭਾਵੇਂ ਭਾਈ ਕਾਉਕੇ ਦੀ ਸ਼ਹਾਦਤ ਦਾ ਸੱਚ ਸਾਹਮਣੇ ਲਿਅ-ਾਉਣ ਲਈ ਲਗਾਤਾਰ ਜੱਦੋ-ਜਹਿਦ ਕਰਦੇ ਆ ਰਹੇ ਹਨ ਪਰ ਪੰਜਾਬ ਸਰਕਾਰ ਉਨ੍ਹਾਂ ਦੀ ਸ਼ਹਾਦਤ 'ਤੇ ਲਗਾਤਾਰ ਪਰਦਾ ਪਾਉਣ ਦਾ ਕੰਮ ਕਰ ਰਹੀ ਹੈ। ਇਸੇ ਦੌਰਾਨ ਖਾਲੜਾ ਮਿਸ਼ਨ ਆਰਗੇਨਾਇਜ਼ੇਸਨ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਵਲੋਂ ਐਲਾਨੇ ਫ਼ਖ਼ਰ-ਇ-ਕੌਮ ਅਤੇ ਪੰਥ ਰਤਨ ਦਾ ਸਨਮਾਨ ਪ੍ਰਾਪਤ ਕਰਨ ਵਾਲੇ ਸਰਕਾਰ ਦੇ ਮੁਖੀ ਨੇ ਅੱਜ ਤਕ ਭਾਈ ਕਾਉਕੇ ਨੂੰ ਭਗੌੜਾ ਹੀ ਦਸਿਆ ਹੋਇਆ ਹੈ ਜਦਕਿ ਭਾਈ ਕਾਉਕੇ ਨੂੰ ਹੱਥ-ਕੜੀ ਲਾਉਣ ਵਾਲੇ ਸਿਪਾਹੀ ਨੂੰ ਸਾਰੀਆਂ ਹੱਦਾਂ ਟੱਪ ਕੇ ਤਰੱਕੀ ਦਿਤੀ ਗਈ। ਖਾਲੜਾ ਮਿਸ਼ਨ ਨੇ ਕਿਹਾ ਕਿ ਫ਼ਖ਼ਰ-ਇ-ਕੌਮ ਕੁਫ਼ਰ-ਇ-ਕੌਮ ਨਾ ਬਣੇ ਤੇ ਭਾਈ ਕਾਉਕੇ ਦੀ ਸ਼ਹਾਦਤ ਦੀ ਸਚਾਈ ਸਾਹਮਣੇ ਆ ਜਾਣ ਤੋਂ ਬਾਅਦ ਉਨ੍ਹਾਂ 'ਤੇ ਜ਼ੁਲਮ ਕਰਨ ਵਾਲੇ ਸਵਰਨ ਸਿੰਘ ਘੋਟਣਾ, ਤਤਕਾਲੀ ਡੀ.ਜੀ.ਪੀ ਕੇ.ਪੀ.ਐਸ ਗਿੱਲ ਨੂੰ ਤੁਰਤ ਗ੍ਰਿਫ਼ਤਾਰ ਕ ਸਿੱਖ ਕੌਮ ਦੀ ਇਸ ਤੋਂ ਵੱਡੀ ਤ੍ਰਾਸਦੀ ਕੀ ਹੋਵੇਗੀ ਕਿ ਇਸ ਕੌਮ ਵਿਚ ਧਾਰਮਕ ਤੌਰ ’ਤੇ ਸਰਬਉੱਚ ਸਥਾਨ ਪ੍ਰਾਪਤ ਅਕਾਲ ਤਖ਼ਤ ਸਾਹਿਬ ਦੇ ਇਕ ਕਾਇਮ ਮੁਕਾਮ ‘ਜਥੇਦਾਰ’ ਦੇ ਪੰਜਾਬ ਅੰਦਰ ਪੁਲਿਸ ਹਿਰਾਸਤ ਵਿਚ ਕਤਲ ਬਾਰੇ ਵੀ ਕੌਮ ਨੂੰ ਇਨਸਾਫ਼ ਨਹੀਂ ਮਿਲਿਆ। ਕਿਸੇ ਨੂੰ ਸਜ਼ਾ ਹੋਣਾ ਤਾਂ ਦੂਰ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਹਿਰਾਸਤੀ ਕਤਲ ਬਾਰੇ ਇਕ ਉੱਚ ਪੁਲਿਸ ਅਧਿਕਾਰੀ ਵਲੋਂ ਮੁੱਖ ਮੰਤਰੀ ਦੇ ਹੁਕਮਾਂ ’ਤੇ ਪੜਤਾਲ ਕਰਨ ਉਪਰੰਤ ਬਣਾਈ ਰੀਪੋਰਟ ਮੁੱਖ ਮੰਤਰੀ ਨੂੰ ਸੌਂਪ ਦਿਤੇ ਜਾਣ ਦੇ 30 ਵਰ੍ਹਿਆਂ ਦੇ ਲੰਬੇ ਸਮੇਂ ਮਗਰੋਂ ਵੀ ਨਾ ਤਾਂ ਜਨਤਕ ਹੋ ਸਕੀ ਅਤੇ ਨਾ ਹੀ ਇਸ ਰੀਪੋਰਟ ਵਿਚ ਕੀਤੀਆਂ ਸਿਫ਼ਾਰਸ਼ਾਂ ਦੇ ਆਧਾਰ ’ਤੇ ਕੋਈ ਕਾਰਵਾਈ ਹੀ ਕੀਤੀ ਗਈ। ਇਸ ਰੀਪੋਰਟ ਨੂੰ ਜਨਤਕ ਕਰਾਉਣ ਲਈ ਪੰਥਕ ਆਗੂਆਂ ਵਲੋਂ ਕੀਤੀਆਂ ਹੋਰ ਚਾਰਾਜੋਈਆਂ ਅਤੇ ਬਿਆਨਬਾਜ਼ੀਆਂ ਦਾ ਅਸਰ ਕਬੂਲਣਾ ਤਾਂ ਦੂਰ, ਇਸ ਨੂੰ ਜਨਤਕ ਕਰਾਉਣ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀਆਂ ਬਰੂਹਾਂ ’ਤੇ ਦਿਤੀ ਦਸਤਕ ਦੇ ਫਲਸਰੂਪ ਹਾਈ ਕੋਰਟ ਦੀ ਦਖ਼ਲਅੰਦਾਜ਼ੀ ਦੇ ਬਾਵਜੂਦ ਰਾਜ ਸਰਕਾਰ ਇਸ ਰੀਪੋਰਟ ’ਤੇ ਪਾਲਥੀ ਮਾਰ ਕੇ ਬੈਠੀ ਰਹੀ ਹੈ, ਬੈਠੀ ਹੈ। ਪੁਲਿਸ ਦੇ ਇਕ ਉੱਚ ਅਧਿਕਾਰੀ ਵਲੋਂ ਪੜਤਾਲ ਮਗਰੋਂ ਬਣਾਈ ਇਸ ਰਿਪੋਰਟ ਵਿਚ ਕਿੰਨਾ ਕੁ ਸੇਕ ਹੈ ਕਿ 30 ਵਰ੍ਹਿਆਂ ਬਾਅਦ ਵੀ ਸਰਕਾਰ ਇਸ ਨੂੰ ਜਨਤਕ ਕਰਨ ਦਾ ਹੀਆ ਨਹੀਂ ਸੀ ਕਰਦੀ ਕਿ ਕਿਤੇ ਇਸ ਦਾ ਸੇਕ ਆਸਾ ਪਾਸਾ ਨਾ ਲੂਹ ਦੇਵੇ। ਇਹ ਰੀਪੋਰਟ ਕਿਸ ਵਲ ਉਂਗਲ ਚੁੱਕਦੀ ਹੈ, ਕਿਸ ਨੂੰ ਦੋਸ਼ੀ ਠਹਿਰਾਉਂਦੀ ਹੈ ਤੇ ਸਰਕਾਰ ਕਿਸ ਨੂੰ ਅਤੇ ਕਿਉਂ ਬਚਾਉਣਾ ਚਾਹੁੰਦੀ ਹੈ, ਇਹ ਸਵਾਲ ਪੰਥਕ ਸੋਚ ਵਾਲੇ ਆਗੂਆਂ ਅਤੇ ਲੋਕਾਂ ਨੂੰ ਬਰਾਬਰ ਪਰੇਸ਼ਾਨ ਕਰਦੇ ਆ ਰਹੇ ਹਨ। ਉਸ ਵੇਲੇ ਦੇ ਏ.ਡੀ.ਜੀ.ਪੀ. ਬੀ.ਪੀ. ਤਿਵਾੜੀ ਵਲੋਂ ਤਿਆਰ ਸੱਤ ਸਫ਼ਿਆਂ ਦੀ ਪੰਜਾਬੀ ਵਿਚ ਟਾਈਪ ਕੀਤੀ ਇਹ ਰੀਪੋਰਟ ਹਾਸਲ ਕਰਨ ਵਿਚ ਸਫ਼ਲਤਾ ਪ੍ਰਾਪਤ ਕੀਤੀ ਹੈ। ਉਸ ਵੇਲੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ 6 ਜੂਨ 1998 ਨੂੰ ਇਸ ਮਾਮਲੇ ਦੀ ਪੜਤਾਲ ਦਾ ਜ਼ਿੰਮਾ ਉਸ ਵੇਲੇ ਬਤੌਰ ਏ.ਡੀ.ਜੀ.ਪੀ. ਟਰੇਨਿੰਗ ਸੇਵਾ ਨਿਭਾਅ ਰਹੇ ਬੀ.ਪੀ. ਤਿਵਾੜੀ ਹੁਰਾਂ ਨੂੰ ਸੌਂਪਿਆ ਗਿਆ ਸੀ ਜਿਨ੍ਹਾਂ ਨੂੰ ਇਹ ਕਾਰਜ ਮੁਕੰਮਲ ਕਰਨ ਲਈ ਤਿੰਨ ਮਹੀਨੇ ਦਾ ਸਮਾਂ ਦਿਤਾ ਗਿਆ ਸੀ ਪਰ ਉਨ੍ਹਾਂ ਨੇ ਇਹ ਰੀਪੋਰਟ ਸਵਾ ਸਾਲ ਤੋਂ ਵੀ ਵੱਧ ਸਮੇਂ ਤੋਂ ਬਾਅਦ 29.9.99 ਨੂੰ ਅਪਣੇ ਦਸਤਖ਼ਤਾਂ ਹੇਠ ਸਰਕਾਰ ਨੂੰ ਸੌਂਪੀ। ਸਰਕਾਰ ਨੇ ਇਸ ਰੀਪੋਰਟ ਨੂੰ ਜਨਤਕ ਕਰਨ ਤੋਂ ਨਾਂਹ ਕਰ ਦਿਤੀ ਅਤੇ ਨਾਂਹ ਹੀ ਨਹੀਂ ਕੀਤੀ ਸਗੋਂ ਐਸਾ ਨੰਨਾ ਫੜਿਆ ਕਿ ਅੱਜ ਤਾਈਂ ਇਹ ਜਨਤਕ ਨਹੀਂ ਕੀਤੀ ਗਈ। ਇਕ ਪੁਲਿਸ ਅਧਿਕਾਰੀ ਵਲੋਂ ਪੜਤਾਲ ਉਪਰੰਤ ਤਿਆਰ ਇਹ ਰੀਪੋਰਟ ਨਾ ਕੇਵਲ ਇਸ ਕੇਸ ਨਾਲ ਸਬੰਧਤ ਪੁਲਿਸ ਅਧਿਕਾਰੀਆਂ ਨੂੰ ਪੰਜਾਬ ਵਿਚ ਖਾੜਕੂਵਾਦ ਦੇ ਅਸਾਧਾਰਨ ਹਾਲਾਤ ਅੰਦਰ ਪੁਲਿਸ ਦੇ ਇਕ ਹਿੱਸੇ ਵਲੋਂ ਅਪਣਾਏ ਅਸਾਧਾਰਣ, ਅਨੈਤਿਕ ਅਤੇ ਗ਼ੈਰ ਕਾਨੂੰਨੀ ਵਤੀਰੇ ਦੀ ਬਾਤ ਪਾਉਂਦੀ ਹੈ ਸਗੋਂ ਇਸ ਵਤੀਰੇ ਲਈ ਜ਼ਿੰਮੇਵਾਰੀ ਨਿਰਧਾਰਤ ਕਰਦਿਆਂ ਉਸ ਵੇਲੇ ਦੇ ਪੁਲਿਸ ਮੁਖੀ ਕੇ.ਪੀ. ਐਸ ਗਿੱਲ ਦੀ ਕਾਰਜਸ਼ੈਲੀ ’ਤੇ ਵੀ ਗੰਭੀਰ ਅਤੇ ਸਖ਼ਤ ਟਿਪਣੀਆਂ ਕਰਦੀ ਹੈ। ਇਕ ਪਾਸੇ ਜਿਥੇ ਇਹ ਰੀਪੋਰਟ ਪੁਲਿਸ ਅਧਿਕਾਰੀਆਂ ਅਤੇ ਉਸ ਵੇਲੇ ਦੀ ਅਸਾਧਾਰਨ ਪੁਲਿਸ ਵਿਵਸਥਾ ਦੇ ਢੰਗ ਤਰੀਕਿਆਂ ਨੂੰ ਉਜਾਗਰ ਕਰਨ ਵਿਚ ਕੋਈ ਕਸਰ ਨਹੀਂ ਛਡਦੀ, ਉਥੇ ਇਹੀ ਰੀਪੋਰਟ ਕਾਫ਼ੀ ਜ਼ਿਆਦਾ ਤੱਥ ਸਾਹਮਣੇ ਹੋਣ ਦੇ ਬਾਵਜੂਦ ਇਸ ਸਿੱਟੇ ’ਤੇ ਨਹੀਂ ਪੁਜਦੀ ਕਿ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਪੁਲਿਸ ਹਿਰਾਸਤ ਵਿਚੋਂ ਕਥਿਤ ਤੌਰ ’ਤੇ ਭੱਜ ਜਾਣ ਦੀ ਕਹਾਣੀ ਦੇ ਬਾਵਜੂਦ ਇਹ ਸਚਮੁਚ ਹੀ ਪੁਲਿਸ ਹਿਰਾਸਤ ਵਿਚ ਕਤਲ ਦਾ ਮਾਮਲਾ ਹੈ। ਰੀਪੋਰਟ ਵਿਚ ਬਿਆਨ ਕੀਤੇ ਹਾਲਾਤ ਦੇ ਬਾਵਜੂਦ ਪੁਲਿਸ ਹਿਰਾਸਤ ਵਿਚ ਕਤਲ ਦੀ ਜਗ੍ਹਾ ’ਤੇ ਪੁਲਿਸ ਹਿਰਾਸਤ ਵਿਚ ਮੌਤ ਸ਼ਬਦ ਵਰਤਣ ਤੋਂ ਹੀ ਸਪੱਸ਼ਟ ਹੈ ਕਿ ਪੁਲਿਸ ਦੇ ਵਤੀਰੇ ਦੇ ਸਬੰਧ ਵਿਚ ਕਾਫ਼ੀ ਅੱਗੇ ਤਕ ਲੰਘ ਆਉਣ ਦੇ ਬਾਵਜੂਦ ਬੀ.ਪੀ. ਤਿਵਾੜੀ ਹੁਰਾਂ ਨੇ ਇਸ ਨੂੰ ਹਿਰਾਸਤੀ ਕਤਲ ਜਾਂ ਫਿਰ ਮੌਤ ਦਾ ਮਾਮਲਾ ਨਹੀਂ ਮੰਨਿਆ। ਜਿਥੇ ਇਹ ਰੀਪੋਰਟ ਇਹ ਦੱਸਣ ਵਿਚ ਸਫ਼ਲ ਰਹੀ ਹੈ ਕਿ ਪੰਜਾਬ ਵਿਚ ਵਾਪਰੇ ਹੋਰਨਾਂ ਅਨੇਕਾਂ ਅਤੇ ਅਣਗਿਣਤ ਕੇਸਾਂ ਵਾਂਗ ਅਕਾਲ ਤਖ਼ਤ ਦੇ ਇਕ ਕਾਇਮ ਮੁਕਾਮ ‘ਜਥੇਦਾਰ’ ਨੂੰ ਪਰਵਾਰਕ ਮੈਂਬਰਾਂ ਅਤੇ ਵੱਡੀ ਗਿਣਤੀ ਵਿਚ ਪਿੰਡ ਵਾਲਿਆਂ ਦੇ ਸਾਹਮਣਿਉਂ ਘਰੋਂ ਚੁੱਕ ਕੇ ਵੀ ਕਿਵੇਂ ਪੁਲਿਸ ਉਸ ਦੇ ਹਿਰਾਸਤ ਵਿਚ ਹੋਣ ਬਾਰੇ ਹੀ ਮੁਨਕਰ ਹੋ ਜਾਇਆ ਕਰਦੀ ਸੀ, ਉਥੇ ਇਹ ਰੀਪੋਰਟ ਇਹ ਦੱਸਣ ਵਿਚ ਅਸਫ਼ਲ ਰਹੀ ਹੈ ਕਿ ਭਾਈ ਕਾਉਂਕੇ ਦੀ ਸ਼ਹਾਦਤ ਦੀ ਕਹਾਣੀ ਨਾਲ ਸਬੰਧ ਰਖਦੇ ਪੁਲਿਸ ਅਧਿਕਾਰੀਆਂ ਦੀਆਂ ਖ਼ਾਮੀਆਂ ਕਿੰਨੀਆਂ ਉਜਾਗਰ ਅਤੇ ਸਪੱਸ਼ਟ ਸਨ। ਉਨ੍ਹਾਂ ਦਾ ਵਤੀਰਾ ਜਾਇਜ਼ ਅਤੇ ਕਾਨੂੰਨ ਅਨੁਸਾਰ ਨਹੀਂ ਸੀ ਅਤੇ ਜੇ ਪੁਲਿਸ ਦੀ ਕਹਾਣੀ ਦੀਆਂ ਚੋਰ ਮੋਰੀਆਂ ਕਈ ਟਾਕੀਆਂ ਲਾਇਆਂ ਵੀ ਲੁਕਣ ਵਿਚ ਨਹੀਂ ਸਨ ਆਉਂਦੀਆਂ ਤਾਂ ਫਿਰ ਉਕਤ ਸੱਭ ਦੇ ਬਾਵਜੂਦ ਭਾਈ ਕਾਉਂਕੇ ਦੇ ਪੁਲਿਸ ਹਿਰਾਸਤ ਵਿਚ ਕਤਲ ਜਾਂ ਫਿਰ ਮੌਤ ਬਾਰੇ ਸ਼ੱਕ ਕਿਉਂ ਅਤੇ ਕਿਵੇਂ ਰਹਿ ਜਾਂਦਾ ਹੈ?

ਅਕਾਲ ਤਖ਼ਤ ਦੇ ਇਕ ਸਾਬਕਾ ‘ਜਥੇਦਾਰ’ ਨੂੰ ਪੁਛਗਿਛ ਦੇ ਨਾਂਅ ’ਤੇ ਹਿਰਾਸਤ ਵਿਚ ਹੀ ਮੁਕਾ ਦੇਣ ਦੇ ਇਸ ਕੇਸ ਨੂੰ ਖਾੜਕੂਵਾਦ ਸਮੇਂ ਝੂਠੇ ਮੁਕਾਬਲਿਆਂ ਅਤੇ ਇਸੇ ਤਰ੍ਹਾਂ ਦੇ ਹੋਰ ਕੇਸਾਂ ਦਾ ਨੁਮਾਇੰਦਾ ਕੇਸ ਵਜੋਂ ਪੇਸ਼ ਕੀਤਾ ਜਾ ਸਕਦਾ ਸੀ ਪਰ ਸਿੱਖ ਕੌਮ ਇੰਜ ਵੀ ਨਹੀਂ ਕਰ ਸਕੀ। ਇਸ ਅਣਗੌਲੇ ਕੇਸ ਦੀ ਰੀਪੋਰਟ ਹੁਣ ਤਕ ਦੱਬੀ ਪਈ ਰਹੀ, ਪਈ ਰਹੀ ਨਹੀਂ,

ਪਿਛਲੇ ਸਫ਼ੇ ਦਾ ਬਾਕੀ

ਹੁਣ ਤਕ ਦੱਬੀ ਪਈ ਰੀਪੋਰਟ ਦੇ ਕੁੱਝ ਅਹਿਮ ਤੱਥ ਬਿਨਾਂ ਬਹੁਤਾ ਤਰੱਦਦ ਕੀਤਿਆਂ ਇਸ ਕੇਸ ਦਾ ਸੱਚ ਉਘਾੜ ਕੇ ਪੇਸ਼ ਕਰਨ ਲਈ ਕਾਹਲੇ ਜਾਪਦੇ ਹਨ। ਪੜਤਾਲ ਦੇ ਵੱਖ-ਵੱਖ ਪਹਿਲੂਆਂ ਨੂੰ ਬਿਆਨ ਕਰਨ ਉਪਰੰਤ ਪੜਤਾਲ ਦਾ ਸਿੱਟਾ ਪੇਸ਼ ਕਰਦਿਆਂ ਸ੍ਰੀ ਤਿਵਾੜੀ ਕਹਿੰਦੇ ਹਨ ਕਿ ਸਾਰੇ ਹਾਲਾਤ ਨੂੰ ਦੇਖਦੇ ਹੋਏ ਇਹ ਸਾਫ਼ ਸਾਬਤ ਹੁੰਦਾ ਹੈ ਕਿ 25.12.92 ਨੂੰ ਉਸ ਸਮੇਂ ਦੇ ਇੰਸਪੈਕਟਰ ਗੁਰਮੀਤ ਸਿੰਘ ਐਸ.ਐਚ.ਓ. ਜਗਰਾਉਂ ਅਤੇ ਹੁਣ ਡੀ.ਐਸ.ਪੀ. ਅਮਲੋਹ ਪੁਲਿਸ ਪਾਰਟੀ ਸਮੇਤ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਉਸ ਦੇ ਘਰੋਂ ਲੈ ਗਿਆ ਜਿਹੜਾ ਮੁੜ ਕੇ ਵਾਪਸ ਨਹੀਂ ਆਇਆ। ਪੁਲਿਸ ਦਾ ਇਸ ਗੱਲ ਦਾ ਖੰਡਨ ਕਰਨਾ ਮੰਨਣਯੋਗ ਨਹੀਂ ਹੈ ਤੇ ਨਾ ਹੀ ਪੁਲਿਸ ਦਾ ਇਹ ਕਹਿਣਾ ਮੰਨਣਯੋਗ ਹੈ ਕਿ 2.1.93 ਨੂੰ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਅਤੇ ਪਿੰਡ ਕਾਨੀਆਂ ਦੀ ਹੱਦ ਵਿਚ ਅਤਿਵਾਦੀਆਂ ਦੀ ਪੁਲਿਸ ਉਤੇ ਫ਼ਾਇਰਿੰਗ ਦੌਰਾਨ ਉਹ ਬੈਲਟ ਤੋੜ ਕੇ ਭੱਜ ਗਿਆ ਪਰ ਇਸ ਦੇ ਨਾਲ ਹੀ ਤਿਵਾੜੀ ਕਹਿੰਦੇ ਹਨ ਕਿ ਇਸ ਗੱਲ ਤੋਂ ਕੋਈ ਕਾਬਲੇ ਸਬੂਤ ਨਹੀਂ ਆਇਆ ਕਿ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਪੁਲਿਸ ਨੇ ਮਾਰਕੁੱਟ ਕੇ ਮਾਰ ਦਿਤਾ। ਰੀਪੋਰਟ ਵਿਚ ਦਸਿਆ ਗਿਆ ਹੈ ਕਿ ਇਕ ਗਵਾਹ ਸਿਪਾਹੀ ਦਰਸ਼ਨ ਸਿੰਘ ਵਲੋਂ ਪਹਿਲਾਂ ਮਨੁੱਖੀ ਅਧਿਕਾਰ ਜਥੇਬੰਦੀ ਸਾਹਮਣੇ ਦਿਤੇ ਬਿਆਨ ਵਿਚ ਭਾਈ ਕਾਉਂਕੇ ਨੂੰ ਕੁੱਟ ਕੁੱਟ ਕੇ ਮਾਰਨ ਦੀ ਗੱਲ ਕਹੀ ਗਈ ਸੀ ਪਰ ਬਾਅਦ ਵਿਚ ਸ੍ਰੀ ਤਿਵਾੜੀ ਸਾਹਮਣੇ ਉਸ ਨੇ ਅਪਣਾ ਬਿਆਨ ਬਦਲ ਲਿਆ। ਰੀਪੋਰਟ ਬਣਾਉਂਦਿਆਂ ਤਿਵਾੜੀ ਦੇ ਧਿਆਨ ਵਿਚ ਸ਼ਾਇਦ ਇਹ ਨਾ ਰਿਹਾ ਹੋਵੇ ਕਿ ਇਸ ਤਰ੍ਹਾਂ ਦੇ ਕੇਸਾਂ ਵਿਚ ਅਕਸਰ ਗਵਾਹ ਬਦਲ ਨਹੀਂ ਜਾਂਦੇ, ਬਦਲ ਜਾਣ ਲਈ ਮਜਬੂਰ ਕਰ ਦਿਤੇ ਜਾਂਦੇ ਹਨ। ਸ੍ਰੀ ਤਿਵਾੜੀ ਤਾਂ ਅਪਣੀ ਰੀਪੋਰਟ ਵਿਚ ਇਹ ਵੀ ਕਹਿੰਦੇ ਹਨ ਕਿ ਜਿਹਨਾਂ ਹੋਰ ਵਿਅਕਤੀਆਂ ਦਾ ਇਹ ਕਹਿਣਾ ਹੈ ਕਿ ਉਨ੍ਹਾਂ ਦੇ ਸਾਹਮਣੇ ਮਾਰਕੁਟਾਈ ਹੋਈ ਹੈ, ਉਸ ਵਕਤ ਦੇ ਕਿਸੇ ਅਫ਼ਸਰ ਨੂੰ ਇਸ ਗ਼ੈਰ ਕਾਨੂੰਨੀ ਹਰਕਤ ਬਾਰੇ ਕਿਸੇ ਨੇ ਨਾ ਤਾਂ ਦਰਖ਼ਾਸਤ ਦਿਤੀ ਅਤੇ ਨਾ ਹੀ ਕੋਈ ਡਾਕਟਰੀ ਮੁਆਇਨਾ ਕਰਾਇਆ। ਲਗਦਾ ਹੈ ਕਿ ਉਨ੍ਹਾਂ ਦੀ ਕਹਾਣੀ 'ਤੇ ਯਕੀਨ ਕਰਨਾ ਉਚਿਤ ਨਹੀਂ ਹੋਵੇਗਾ। ਇਸ ਕੇਸ ਦੀ ਪੜਤਾਲ ਕਰਦਿਆਂ ਤਿਵਾੜੀ ਸ਼ਾਇਦ ਇਹ ਵੀ ਨਹੀਂ ਭਾਂਪ ਸਕੇ ਕਿ ਜਿਨ੍ਹਾਂ ਸਾਹਮਣੇ ਮਾਰਕੁਟਾਈ ਹੋਈ ਹੋਵੇਗੀ, ਉਨ੍ਹਾਂ ਨੂੰ ਇਹ ਗੱਲ ਸਹਿਜੇ ਹੀ ਸਮਝ ਆਉਂਦੀ ਹੋਵੇਗੀ ਕਿ ਦਰਖ਼ਾਸਤ ਦੇਣ ਅਤੇ ਡਾਕਟਰੀ ਮੁਆਇਨਾ ਕਰਾਉਣ ਦਾ ਕੀ ਮਤਲਬ ਅਤੇ ਕੀ ਨਤੀਜਾ ਹੋਵੇਗਾ। ਉਂਜ ਸ੍ਰੀ ਤਿਵਾੜੀ ਨੇ ਅਪਣੀ ਰੀਪੋਰਟ ਵਿਚ ਇਹ ਕਹਿ ਕੇ ਹਿੰਮਤ ਹੀ ਵਿਖਾਈ ਹੈ ਕਿ ਸਾਰੇ ਬਿਆਨਾਂ ਨੂੰ ਦੇਖ ਕੇ ਲਗਦਾ ਹੈ ਕਿ ਨਜਾਇਜ਼ ਤੌਰ 'ਤੇ ਭਾਈ ਗੁਰਦੇਵ ਸਿੰਘ ਕਾਉਂਕੇ ਪੁਲਿਸ ਦੀ ਹਿਰਾਸਤ ਵਿਚ ਰੱਖ ਕੇ ਝੂਠਾ ਮੁਕੱਦਮਾ ਬਣਾਉਣ ਦੀ ਕਹਾਣੀ ਸਾਰੇ ਛੋਟੇ ਤੇ ਵੱਡੇ ਅਫ਼ਸਰਾਂ ਨੂੰ ਪਤਾ ਸੀ ਪਰ ਉਸ ਵਕਤ ਪੁਲਿਸ ਦਾ ਜੋ ਮਾਹੌਲ ਸੀ, ਉਸ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਪੁਲਿਸ ਅਫ਼ਸਰ ਜਾਂ ਤਾਂ ਜ਼ਿਮਨੀਆਂ ਲਿਖਦੇ ਹੀ ਨਹੀਂ ਸੀ ਜਾਂ ਰੀਡਰ ਦੀ ਲਿਖੀ ਹੋਈ ਜ਼ਿਮਨੀ ਬਿਨਾਂ ਪੜ੍ਹੇ ਦਸਤਖ਼ਤ ਕਰਦੇ ਰਹੇ ਹਨ। ਪਰ ਉਕਤ ਦੇ ਬਾਵਜੂਦ ਵਿਚਕਾਰਲਾ ਰਾਹ ਲੈਂਦਿਆਂ ਸ੍ਰੀ ਤਿਵਾੜੀ ਨੇ ਸਪਸ਼ੱਟ ਕਿਹਾ ਹੈ ਕਿ ਇਹ ਵਿਭਾਗੀ ਦੁਰਾਚਰਨ ਭਾਵ 'ਡਿਪਾਰਟਮੈਂਟਲ ਮਿਸਕੰਡਕਟ' ਹੈ ਅਤੇ ਇਸ ਵਿਭਾਗੀ ਦੁਰਾਚਰਨ ਨੂੰ 'ਕਰਿਮੀਨਲ ਮਿਸਕੰਡਕਟ' ਕਹਿਣਾ ਉਚਿਤ ਨਹੀਂ ਹੋਵੇਗਾ। ਇਸ ਕੇਸ ਵਿਚ ਭਾਈ ਕਾਉਂਕੇ ਦੇ ਪੁਲਿਸ ਹਿਰਾਸਤ ਵਿਚੋਂ ਭੱਜ ਜਾਣ ਦੀ ਪੁਲਿਸ ਕਹਾਣੀ ਅਨੁਸਾਰ ਜਿਹੜੇ ਸਿਪਾਹੀ ਤਰਸੇਮ ਸਿੰਘ ਦੀ ਬੈਲਟ ਤੋਂ ਭਾਈ ਕਾਉਂਕੇ ਨੇ ਅਪਣੀ ਹੱਥਕੜੀ ਦੀ ਕੁੰਡੀ ਕਥਿਤ ਤੌਰ 'ਤੇ ਕੱਢ ਲਈ ਸੀ 'ਉਸ ਨੂੰ ਰਸਮੀ ਤੌਰ 'ਤੇ ਮੁਅੱਤਲ ਕਰ ਕੇ ਇਕ ਫ਼ਰਜ਼ੀ ਵਿਭਾਗੀ ਕਾਰਵਾਈ ਕਰਵਾ ਕੇ ਮਾਮਲਾ ਠੱਪ ਕਰਨਾ, ਤੇ ਸੀ 2 ਦਿਵਾ ਕੇ ਉਸ ਤੋਂ 28 ਸੀਨੀਅਰ ਮੁਲਾਜ਼ਮਾਂ ਨੂੰ ਨਜ਼ਰਅੰਦਾਜ਼ ਕਰ ਕੇ ਤਰੱਕੀ ਦੇਣਾ ਇਹ ਸਭ ਜ਼ਾਹਰ ਕਰਦਾ ਹੈ ਕਿ ਪੁਲਿਸ ਦੇ ਕੰਮ ਕਾਜ ਤੋਂ ਕੋਈ ਰਵੀਅਤ ਕਾਇਮ ਨਹੀਂ ਰੱਖੇ ਗਏ।' ਇਸ ਕੇਸ ਵਿਚ ਇਕ ਕਮਾਲ ਦੀ ਖ਼ਾਮੀ ਸਾਹਮਣੇ ਲਿਆਂਦਿਆਂ ਸ੍ਰੀ ਤਿਵਾੜੀ ਅਪਣੀ ਰੀਪੋਰਟ ਵਿਚ ਦਸਦੇ ਹਨ ਭਾਈ ਕਾਉਂਕੇ ਦੇ ਭੱਜ ਜਾਣ ਦੀ ਪੁਲਿਸ ਵਲੋਂ ਬਣਾਈ ਕਹਾਣੀ ਬਾਰੇ 'ਹਾਈ ਕੋਰਟ ਵਿਚ ਸਰਕਾਰੀ ਵਕੀਲ ਤੋਂ ਇਹ ਕਹਿਲਾਇਆ ਗਿਆ ਕਿ ਐਸ.ਪੀ. ਡੀ. ਭਾਈ ਗੁਰਦੇਵ ਸਿੰਘ ਕਾਉਂਕੇ ਦੀ ਤਲਾਸ਼ ਕਰ ਰਹੇ ਹਨ ਜਦਕਿ ਇਸ ਬਾਰੇ ਐਸ.ਪੀ.ਡੀ. ਫੌਰੀ ਤੌਰ 'ਤੇ ਬਦਲ ਚੁੱਕੇ ਸਨ ਅਤੇ ਨਵੇਂ ਐਸ.ਪੀ. ਡੀ. ਸ੍ਰੀ ਬਲਵੀਰ ਕੁਮਾਰ ਬਾਵਾ ਨੂੰ ਕੋਈ ਲਿਖਤੀ ਹੁਕਮ ਨਹੀਂ ਮਿਲਿਆ ਅਤੇ ਉਹਨਾਂ ਨੇ ਬਿਆਨ ਦਿੱਤਾ ਹੈ ਜਿਹੜੀਆਂ ਜਿਮਨੀਆਂ ਉਹਨਾਂ ਦੇ ਰੀਡਰ ਨੇ ਲਿਖੀਆਂ ਸਨ ਬਿਨਾ ਪੜ੍ਹੇ ਹੀ ਉਹਨਾਂ ਨੇ ਦਸਤਖ਼ਤ ਕਰ ਦਿੱਤੇ ਸਨ।' ਆਪਣੇ ਤੌਰ 'ਤੇ ਰਿਪੋਰਟ ਨੂੰ ਅੰਤਿਮ ਰੂਪ ਦਿੰਦਿਆਂ ਸ੍ਰੀ ਤਿਵਾੜੀ ਨੇ ਲਿਖਿਆ ਹੈ, 'ਸਾਰੇ ਤੱਥਾਂ ਦੀ ਪੜਤਾਲ ਤੋਂ ਇਹ ਪਾਇਆ ਗਿਆ ਹੈ ਕਿ ਉਸ ਵਕਤ ਦੇ ਐਸ.ਐਚ.ਓ. ਇੰਸਪੈਕਟਰ ਗੁਰਮੀਤ ਸਿੰਘ ਦੇ ਖਿਲਾਫ਼ ਨਜਾਇਜ਼ ਪੁਲਿਸ ਹਿਰਾਸਤ ਵਿਚ ਰੱਖਣ 'ਰਾਂਗਫੁੱਲ ਕਨਫਾਈਨਮੈਂਟ' ਅਤੇ ਝੂਠਾ ਰਿਕਾਰਡ ਬਣਾਇਆ 'ਫਾਲਸੀਫੀਕੇਸ਼ਨ ਆਫ਼ ਰਿਕਾਰਡਜ਼' ਆਦਿ ਦੋਸ਼ ਦੇ ਆਧਾਰ 'ਤੇ ਮੁਕੱਦਮਾ ਦਰਜ ਕਰਨਾ ਉਚਿਤ ਹੋਵੇਗਾ ਅਤੇ ਜ਼ਾਬਤਾ ਫੌਜਦਾਰੀ ਬਕਾਇਦਾ ਤਫਤੀਸ਼ ਕੀਤੀ ਜਾਵੇ। ਇਸ ਤਫਤੀਸ਼ ਦੇ ਦੌਰਾਨ ਬਾਕੀ ਪੁਲਿਸ ਕਰਮਚਾਰੀਆਂ ਅਤੇ ਅਧਿਕਾਰੀਆਂ ਦੇ ਕਾਰਨਾਮਿਆਂ ਦੀ ਵੀ ਜਾਂਚ ਕੀਤੀ ਜਾਵੇ ਅਤੇ ਪੁਲਿਸ ਆਪਣੀ ਰਿਪੋਰਟ ਦਫਾ 173 ਜ਼ਾਬਤਾ ਫੌਜਦਾਰੀ ਅਦਾਲਤ ਵਿਚ ਪੇਸ਼ ਕਰੇ। ਅਕਾਲ ਤਖ਼ਤ ਸਾਹਿਬ ਦੇ ਕਾਇਮ ਮੁਕਾਮ ਜੱਥੇਦਾਰ ਦੇ ਹਿਰਾਸਤੀ ਕਤਲ ਦੀ ਜਾਂਚ ਰਿਪੋਰਟ 'ਤੇ 29 ਸਾਲ ਤਕ ਕੁਰਸੀ ਡਾਹ ਕੇ ਬੈਠੀਆਂ ਸਰਕਾਰਾਂ ਹੀ ਇਹ ਦੱਸ ਸਕਦੀਆਂ ਹਨ ਕਿ ਇਸ ਰਿਪੋਰਟ ਵਿਚ ਐਸਾ ਕੀ ਸੀ ਜੋ ਪੰਜਾਬ ਦੇ ਆਮ ਲੋਕ ਨਹੀਂ ਜਾਣਦੇ, ਹਾਂ ਸਿਰਫ਼ ਗੱਲ ਇੰਨੀ ਹੀ ਹੈ ਕਿ ਜੋ ਗੱਲਾਂ ਆਮ ਲੋਕਾਂ ਦੀ ਜ਼ੁਬਾਨ 'ਤੇ ਰਹੀਆਂ ਹਨ, ਇਸ ਰਿਪੋਰਟ ਰਾਹੀਂ ਉਨ੍ਹਾਂ ਗੱਲਾਂ ਨੂੰ ਇਕ ਪੁਲਿਸ ਅਧਿਕਾਰੀ ਨੇ ਇਕ ਦਸਤਾਵੇਜ਼ ਦਾ ਰੂਪ ਦੇ ਦਿੱਤਾ ਸੀ।

ਭਾਈ ਕਾਉਂਕੇ ਹਿਰਾਸਤੀ ਕਤਲ ਕਾਂਡ ਪੰਥਕ ਅਤੇ ਸਿਆਸੀ ਜਥੇਬੰਦੀਆਂ ਵਲੋਂ ਦੋਸ਼ੀਆਂ ਵਿਰੁਧ ਕਾਰਵਾਈ ਦੀ ਮੰਗ:ਅਕਾਲ ਤਖ਼ਤ ਸਾਹਿਬ ਦੇ ਸਾਬਕਾ 'ਜਥੇਦਾਰ' ਭਾਈ ਗੁਰਦੇਵ ਸਿੰਘ ਕਾਉਂਕੇ ਦੇ ਪੁਲਿਸ ਹਿਰਾਸਤ ਵਿਚ 1993 ਵਿਚ ਹੋਏ ਕਤਲ ਸਬੰਧੀ ਆਈ.ਪੀ.ਐਸ. ਅਧਿਕਾਰੀ ਸ੍ਰੀ ਬੀ.ਪੀ. ਤਿਵਾੜੀ ਵਲੋਂ 1999 ਵਿਚ ਦਿਤੀ ਰੀਪੋਰਟ ਨੂੰ ਸਰਕਾਰ ਵਲੋਂ 15 ਵਰ੍ਹੇ ਤਕ ਜਨਤਕ ਨਾ ਕੀਤੇ ਜਾਣ ਅਤੇ 'ਸਪੋਕਸਮੈਨ' ਵਲੋਂ ਇਹ ਰੀਪੋਰਟ ਹਾਸਲ ਕਰ ਲੈਣ ਉਪਰੰਤ ਇਸ ਨੂੰ ਆਧਾਰ ਬਣਾ ਕੇ ਪ੍ਰਕਾਸ਼ਤ ਕੀਤੀ ਖ਼ਬਰ ਨਾਲ ਇਹ ਮਾਮਲਾ ਇਕ ਵਾਰ ਫਿਰ ਗਰਮਾ ਗਿਆ ਹੈ। ਅਨੇਕਾਂ ਪੰਥਕ ਅਤੇ ਸਿਆਸੀ ਜਥੇਬੰਦੀਆਂ ਵਲੋਂ ਭਾਈ ਕਾਉਂਕੇ ਦੇ ਕਾਤਲ ਪੁਲਿਸ ਅਧਿਕਾਰੀਆਂ ਵਿਰੁਧ ਕਾਰਵਾਈ ਦੀ ਮੰਗ ਕੀਤੀ ਗਈ ਹੈ। ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ ਤੇ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਵਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਨੂੰ ਇਕ ਪੱਤਰ ਲਿਖ ਕੇ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਕਾਤਲਾਂ ਵਿਰੁਧ ਕਤਲ ਦਾ ਪਰਚਾ ਦਰਜ ਕਰਨ ਦੀ ਮੰਗ ਕੀਤੀ ਗਈ ਹੈ। ਚੀਫ਼ ਜਸਟਿਸ ਨੂੰ ਲਿਖੇ ਪੱਤਰ ਵਿਚ ਛਾਪੀ ਰੀਪੋਰਟ ਦਾ ਹਵਾਲਾ ਦੇ ਕੇ ਕਿਹਾ ਗਿਆ ਹੈ ਕਿ ਮਨੁੱਖੀ ਅਧਿਕਾਰ ਜਥੇਬੰਦੀਆਂ ਇਹ ਸਮਝਦੀਆਂ ਹਨ ਕਿ ਇਸ ਰੀਪੋਰਟ ਨੇ ਸਾਬਤ ਕਰ ਦਿਤਾ ਹੈ ਕਿ ਭਾਈ ਕਾਉਂਕੇ ਨੂੰ ਪੁਲਿਸ ਨੇ ਘਰੋਂ ਅਗ਼ਵਾ ਕੀਤਾ ਸੀ ਅਤੇ ਪੁਲਿਸ ਦੀ ਇਹ ਕਹਾਣੀ ਵੀ ਕੋਰਾ ਝੂਠ ਹੈ ਕਿ ਭਾਈ ਕਾਉਂਕੇ ਪੁਲਿਸ ਹਿਰਾਸਤ ਵਿਚੋਂ ਭੱਜ ਗਏ ਸਨ। ਹੁਣ ਤੱਥਾਂ ਤੋਂ ਸਪੱਸ਼ਟ ਹੈ ਕਿ ਭਾਈ ਕਾਉਂਕੇ ਨੂੰ ਪੁਲਿਸ ਹਿਰਾਸਤ ਵਿਚ ਕਤਲ ਕਰ ਦਿਤਾ ਗਿਆ ਸੀ ਕਿਉਂਕਿ 17 ਸਾਲ ਬਾਅਦ ਵੀ ਭਾਈ ਕਾਉਂਕੇ ਦੀ ਕੋਈ ਉੱਘ-ਸੁਘ ਨਹੀਂ ਮਿਲੀ। ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ ਦੀ ਸਰਪ੍ਰਸਤ ਬੀਬੀ ਪਰਮਜੀਤ ਕੌਰ ਖਾਲੜਾ, ਪ੍ਰਧਾਨ ਸ. ਹਰਮਨਦੀਪ ਸਿੰਘ ਸਰਹਾਲੀ, ਬੁਲਾਰੇ ਸ. ਸਤਵਿੰਦਰ ਸਿੰਘ ਪਲਾਸੌਰ, ਮੀਤ ਪ੍ਰਧਾਨ ਸ. ਵਿਰਸਾ ਸਿੰਘ ਬਹਿਲਾ, ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਸ. ਕ੍ਰਿਪਾਲ ਸਿੰਘ ਰੰਧਾਵਾ ਅਤੇ ਜ਼ਿਲ੍ਹਾ ਤਰਨਤਾਰਨ ਦੇ ਪ੍ਰਧਾਨ ਸ. ਜਗਦੀਪ ਸਿੰਘ ਰੰਧਾਵਾ ਦੇ ਦਸਤਖ਼ਤਾਂ ਵਾਲੇ ਪੱਤਰ ਵਿਚ ਚੀਫ਼ ਜਸਟਿਸ ਨੂੰ ਬੇਨਤੀ ਕੀਤੀ ਗਈ ਹੈ ਕਿ ਇਸ ਘਿਨਾਉਣੇ ਕਾਂਡ ਵਿਚ ਸ਼ਾਮਲ ਪੁਲਿਸ ਅਧਿਕਾਰੀਆਂ ਅਤੇ ਉਸ ਵੇਲੇ ਦੇ ਪੁਲਿਸ ਮੁਖੀ ਸ. ਕੇ.ਪੀ.ਐਸ. ਗਿੱਲ ਵਿਰੁਧ ਕਤਲ ਦਾ ਕੇਸ ਦਰਜ ਕਰਨ ਦੇ ਹੁਕਮ ਦਿਤੇ ਜਾਣ। ਮਨੁੱਖੀ ਅਧਿਕਾਰ ਕਾਰਕੁਨਾਂ ਨੇ ਚੀਫ਼ ਜਸਟਿਸ ਦੇ ਇਹ ਵੀ ਧਿਆਨ ਵਿਚ ਲਿਆਂਦਾ ਹੈ ਕਿ ਪੰਜਾਬ ਦੇ ਦੋ ਸਾਬਕਾ ਪੁਲਿਸ ਮੁਖੀਆਂ ਕੇ.ਪੀ. ਐਸ. ਗਿੱਲ ਅਤੇ ਸ. ਐਸ.ਐਸ. ਵਿਰਕ ਪੱਤਰਕਾਰ ਸੰਮੇਲਨਾਂ ਵਿਚ ਵੀ ਇਹ ਦਾਅਵੇ ਕਰ ਚੁੱਕੇ ਹਨ ਕਿ ਉਨ੍ਹਾਂ ਨੇ ਕਈ ਗ਼ੈਰ ਕਾਨੂੰਨੀ ਕਾਰਵਾਈਆਂ ਅਮਲ ਵਿਚ ਲਿਆਂਦੀਆਂ ਸਨ ਅਤੇ ਅੱਜ ਵੀ ਪੁਲਿਸ ਕੋਲ 300 ਕੈਟ ਹਨ। ਉਨ੍ਹਾਂ ਨੇ ਇਸ ਵੇਲੇ ਵਿਜੀਲੈਂਸ ਦੇ ਮੁਖੀ ਸੁਮੇਧ ਸਿੰਘ ਸੈਣੀ ਵਿਰੁਧ ਦੋਸ਼ ਲਾਉਂਦਿਆਂ ਉਨ੍ਹਾਂ ਨੂੰ ਵਿਜੀਲੈਂਸ ਮੁਖੀ ਲਾਏ ਜਾਣ ਦੀ ਅਲੋਚਨਾ ਕਰਨ ਦੇ ਨਾਲ-ਨਾਲ ਉਨ੍ਹਾਂ ਦੀਆਂ ਗ਼ੈਰ ਕਾਨੂੰਨੀ ਕਾਰਵਾਈਆਂ ਦੀ ਪੜਤਾਲ ਕਰਵਾਉਣ ਦੀ ਮੰਗ ਵੀ ਕੀਤੀ ਹੈ।

### ਤਿਵਾੜੀ ਰੀਪੋਰਟ ਨੂੰ ਦਬਾਉਣ ਲਈ ਕਰਵਾਈ ਗਈ ਸੀ ਇਕ ਹੋਰ ਜਾਂਚ : ਮਾਨ

ਸ਼੍ਰੋਮਣੀ ਅਕਾਲੀ ਦਲ ਅਮ੍ਰਿਤਸਰ ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਕਿਹਾ ਹੈ ਕਿ ਭਾਈ ਕਾਉਂਕੇ ਦੇ ਹਿਰਾਸਤੀ ਕਤਲ ਦੇ ਮਾਮਲੇ ਵਿਚ ਸ੍ਰੀ ਬੀ.ਪੀ. ਤਿਵਾੜੀ ਵਲੋਂ ਦਿਤੀ ਰੀਪੋਰਟ ਜਨਤਕ ਕਰ ਕੇ ਉਸ ਦੀਆਂ ਸਿਫ਼ਾਰਸ਼ਾਂ ਅਨੁਸਾਰ ਦੋਸ਼ੀਆਂ ਵਿਰੁਧ ਕਾਰਵਾਈ ਕਰਦਿਆਂ ਕੌਮ ਨੂੰ ਇਨਸਾਫ਼ ਦੇਣ ਦੀ ਜਗ੍ਹਾ ਸ੍ਰੀ ਤਿਵਾੜੀ ਦੀ ਰੀਪੋਰਟ ਨੂੰ ਘੱਟੇ-ਮਿੱਟੀ ਰੋਲਣ ਲਈ ਕੇਂਦਰ ਅਤੇ ਪੰਜਾਬ ਸਰਕਾਰ ਦੇ ਇਸ਼ਾਰੇ 'ਤੇ ਪੰਜਾਬ ਦੇ ਡੀ.ਜੀ.ਪੀ. ਵਲੋਂ ਇਕ ਹੋਰ ਜਾਂਚ ਕਰਵਾਈ ਗਈ ਸੀ। ਸ. ਮਾਨ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਅਤੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਇਹ ਇਕ ਹੀ ਸੋਚ ਰੱਖੀ ਸੀ ਕਿ ਤਿਵਾੜੀ ਰੀਪੋਰਟ ਜਾਰੀ ਹੋਣ ਨਾਲ ਪੁਲਿਸ ਦੇ ਮਨੋਬਲ 'ਤੇ ਫ਼ਰਕ ਪਵੇਗਾ ਜਿਸ ਕਰ ਕੇ ਡੀ.ਜੀ.ਪੀ. ਸ: ਸਰਬਜੀਤ ਸਿੰਘ ਦੇ ਆਦੇਸ਼ 'ਤੇ ਸ੍ਰੀ ਤਿਵਾੜੀ ਤੋਂ ਜੂਨੀਅਰ ਇਕ ਹੋਰ ਅਧਿਕਾਰੀ ਤੋਂ ਜਾਂਚ ਕਰਵਾ ਕੇ ਸ੍ਰੀ ਤਿਵਾੜੀ ਦੀ ਰੀਪੋਰਟ ਨੂੰ ਅਪਣੇ-ਆਪ ਖ਼ਾਰਜ ਕਰ ਦਿਤਾ ਗਿਆ। ਇਕ ਸੀਨੀਅਰ ਅਧਿਕਾਰੀ ਦੀ ਰੀਪੋਰਟ ਤੋਂ ਬਾਅਦ ਕਾਨੂੰਨ ਅਨੁਸਾਰ ਜੂਨੀਅਰ ਅਧਿਕਾਰੀ ਤੋਂ ਜਾਂਚ ਕਰਵਾਈ ਹੀ ਨਹੀਂ ਜਾ ਸਕਦੀ। ਸਰਕਾਰ ਨੇ ਇਸ ਕਤਲ ਨੂੰ ਛੁਪਾਉਣ ਲਈ ਬਦਨੀਅਤ ਨਾਲ ਇਹ ਪਤਲੀ ਪੋਲੀ ਜਾਂਚ ਕਰਵਾ ਕੇ ਫ਼ਾਈਲਾਂ ਦਾ ਢਿੱਡ ਭਰਦਿਆਂ ਪੂਰੀ ਸਿੱਖ ਕੌਮ ਅਤੇ ਨਿਆਂ ਦੇ ਸਿਰ ਘੱਟਾ ਪਾ ਦਿਤਾ। ਸ. ਮਾਨ ਨੇ ਮੁੱਖ ਮੰਤਰੀ ਨੂੰ ਯਾਦ ਕਰਾਇਆ ਕਿ ਇਸ ਸਬੰਧ ਵਿਚ ਉਨ੍ਹਾਂ ਨੇ ਵੀ ਸੰਘਰਸ਼ ਕੀਤਾ ਸੀ ਅਤੇ ਇਸ ਮਾਮਲੇ ਵਿਚ ਜੇਲ ਵੀ ਜਾਣਾ ਪਿਆ ਸੀ। ਉਨ੍ਹਾਂ ਦਸਿਆ ਕਿ ਪਾਰਟੀ ਵਲੋਂ ਉਪਦੇਸ਼ ਸਿੰਘ ਕਵੀ ਨੇ ਸੂਚਨਾ ਦੇ ਅਧਿਕਾਰ ਸਬੰਧੀ ਕਾਨੂੰਨ ਤਹਿਤ ਅਰਜ਼ੀ ਦੇ ਕੇ ਇਹ ਰੀਪੋਰਟ ਪ੍ਰਾਪਤ ਕਰ ਲਈ ਸੀ ਜਿਸ 'ਤੇ ਉਨ੍ਹਾਂ ਨੇ ਹਾਈ ਕੋਰਟ ਵਿਚ ਰਿਟ ਕੀਤੀ ਪਰ ਮੌਜੂਦਾ ਚੀਫ਼ ਜਸਟਿਸ ਸ੍ਰੀ ਰੰਜਨ ਗੋਗੋਈ ਨੇ ਕਿਹਾ ਕਿ ਇਸ ਮਾਮਲੇ ਵਿਚ ਜਨਹਿਤ ਪਟੀਸ਼ਨ ਦੀ ਜਗ੍ਹਾ 'ਰੈਗੂਲਰ ਪਟੀਸ਼ਨ' ਦਾਇਰ ਕੀਤੀ ਜਾਣੀ ਚਾਹੀਦੀ ਹੈ। ਇਸ 'ਤੇ ਉਨ੍ਹਾਂ ਨੇ ਮੁਦਈ ਬਣ ਕੇ ਸੀਨੀਅਰ ਵਕੀਲ ਸ੍ਰੀ ਰੰਜਨ ਲਖਨਪਾਲ ਰਾਹੀਂ ਹਾਈ ਕੋਰਟ ਵਿਚ ਰੈਗੂਲਰ ਪਟੀਸ਼ਨ ਦਾਇਰ ਕੀਤੀ ਹੈ ਜਿਸ ਦੀ ਸੁਣਵਾਈ ਹਾਈ ਕੋਰਟ ਦੀਆਂ ਗਰਮੀ ਦੀਆਂ ਛੁੱਟੀਆਂ ਖ਼ਤਮ ਹੋਣ ਉਪਰੰਤ ਹੋਵੇਗੀ ਅਤੇ ਜੁਲਾਈ ਵਿਚ ਪਹਿਲ ਦੇ ਆਧਾਰ 'ਤੇ ਸੁਣਿਆ ਜਾਣ ਵਾਲਾ ਇਹ ਪਹਿਲਾ ਕੇਸ ਹੋਵੇਗਾ। ਇਸ ਵਿਚ ਇਹ ਮੰਗ ਕੀਤੀ ਗਈ ਹੈ ਕਿ ਇਸ ਕੇਸ ਦੀ ਜਾਂਚ ਸੀ.ਬੀ. ਆਈ. ਤੋਂ ਕਰਵਾਈ ਜਾਵੇ। ਸ. ਮਾਨ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਦੇ ਜ. ਸਕੱਤਰ ਸ. ਜਸਕਰਨ ਸਿੰਘ ਕਾਹਨ ਸਿੰਘ ਵਾਲਾ ਜੋ ਉਸ ਵੇਲੇ ਸੀ.ਆਈ. ਏ. ਸਟਾਫ਼, ਜਗਰਾਉਂ ਵਿਚ ਹਿਰਾਸਤ ਵਿਚ ਸਨ ਅਤੇ ਜਿਨ੍ਹਾਂ ਨੇ ਭਾਈ ਕਾਉਂਕੇ ਨੂੰ ਅਤਿ ਮੰਦੀ ਹਾਲਤ ਵਿਚ, ਜਦ ਨਾ ਉਹ ਬੋਲ ਸਕਦੇ ਸੀ, ਨਾ ਤੁਰ ਸਕਦੇ ਸੀ, ਕੁਰਸੀ 'ਤੇ ਬੰਨ੍ਹਿਆ ਹੋਇਆ ਵੇਖਿਆ ਸੀ। ਉਨ੍ਹਾਂ ਕਿਹਾ ਕਿ ਇਸ ਹਾਲਤ ਵਿਚ ਭਾਈ ਕਾਉਂਕੇ ਦੇ ਹਿਰਾਸਤ ਵਿਚੋਂ ਭੱਜ ਜਾਣ ਦੀ ਕਹਾਣੀ ਸਰਾਸਰ ਝੂਠੀ ਹੈ ਅਤੇ ਉਨ੍ਹਾਂ ਦਾ ਕਤਲ ਹੋਇਆ ਸੀ।

ਸ: ਬਾਦਲ ਦਾ ਵਰਤਾਓ ਭਾਈ ਕਾਉਂਕੇ ਨੂੰ ਸ਼ਹੀਦ ਕੀਤੇ ਜਾਣ ਉਪਰੰਤ ਇਨਸਾਫ਼ ਦੀ ਪ੍ਰਾਪਤੀ ਲਈ ਅਤੇ ਜਾਂਚ ਦੀ ਮੰਗ ਵਾਸਤੇ ਸ. ਪ੍ਰਕਾਸ਼ ਸਿੰਘ ਬਾਦਲ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ. ਸਿਮਰਨਜੀਤ ਸਿੰਘ ਮਾਨ, ਬਾਬਾ ਜੋਗਿੰਦਰ ਸਿੰਘ ਅਤੇ ਹੋਰ ਪੰਥਕ ਆਗੂਆਂ ਵਲੋਂ ਇਕੱਠੇ ਸੰਘਰਸ਼ ਕਰਦਿਆਂ ਸੜਕਾਂ 'ਤੇ ਜਾ ਬਹਿਣ ਨੂੰ ਸਰਦਾਰ ਬਾਦਲ ਭੁੱਲ ਗਏ ਹਨ ਜਾਂ ਚੇਤੇ ਹੀ ਨਹੀਂ ਕਰਣਾ ਚਾਹੁੰਦੇ ਜਾਂਚ ਹੋ ਜਾਣ ਅਤੇ ਸਰਕਾਰ ਨੂੰ ਸੌਂਪੇ ਜਾਣ ਦੇ ਏਨੇ ਸਾਲਾਂ ਬਾਅਦ ਵੀ ਸਰਕਾਰ ਇਸ ਰੀਪੋਰਟ ਨੂੰ ਬਾਦਲ ਸਰਕਾਰ ਦੱਬ ਕੇ ਬੈਠੀ ਰਹੀ ਹੈ। ਕਿ ਜੇ ਅਖ਼ਬਾਰ ਇਸ ਸਬੰਧੀ ਖ਼ਬਰ ਪ੍ਰਕਾਸ਼ਤ ਨਾ ਕਰਦਾ ਤਾਂ ਅਜੇ ਵੀ ਇਹ ਪਤਾ ਨਹੀਂ ਸੀ ਲੱਗਣਾ ਕਿ ਸ੍ਰੀ ਤਿਵਾੜੀ ਨੇ ਅਪਣੀ ਰੀਪੋਰਟ ਵਿਚ ਕੀ ਟਿਪਣੀਆਂ ਕੀਤੀਆਂ ਸਨ ਅਤੇ ਕੀ ਸਿੱਟਾ ਕਢਿਆ ਸੀ। ਸਰਕਾਰ ਗੋਡੇ ਹੇਠ ਦੱਬੀ ਬੈਠੀ ਰੀਪੋਰਟ ਨੂੰ ਹਵਾ ਲਵਾਵੇ ਅਤੇ ਉਸ ਨੂੰ ਫ਼ੌਰੀ ਤੌਰ 'ਤੇ ਅਸੰਬਲੀ ਵਿਚ ਰੱਖ ਕੇ ਭਾਈ ਕਾਉਂਕੇ ਦੇ ਹਿਰਾਸਤੀ ਕਤਲ ਲਈ ਜ਼ੰਮੇਵਾਰ ਅਧਿਕਾਰੀਆਂ ਨੂੰ ਸਖ਼ਤ ਸਜ਼ਾ ਦਿਤੀ ਜਾਵੇ। ਉਨ੍ਹਾਂ ਕਿਹਾ ਕਿ ਇਹ ਗੱਲ ਠੀਕ ਨਹੀਂ ਕਿ ਜਦ ਆਗੂ ਸੱਤਾ ਵਿਚ ਨਾ ਹੋਣ ਤਾਂ ਇਨਸਾਫ਼ ਦੀ ਮੰਗ ਲਈ ਸੜਕਾਂ 'ਤੇ ਬੈਠਣ ਅਤੇ ਜਦ ਸੱਤਾ ਵਿਚ ਆਉਣ ਤਾਂ ਉਸੇ ਮੰਗ ਨਾਲ ਸਬੰਧਤ ਜਾਂਚ ਰੀਪੋਰਟ ਜਨਤਕ ਕਰਨ ਤੋਂ ਇਨਕਾਰੀ ਹੋ ਜਾਣ।

SINCE : 2007

ਕੈਨੇਡੀਅਨ ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES

ਪਾਠਕਾਂ ਦੇ ਵਿਸ਼ਵਾਸ਼ ਦਾ 18 ਵਾਂ ਸਾਲ



24 ਘੰਟੇ ਆਨਲਾਈਨ ਪੜ੍ਹੋ
www.thepunjabtimes.ca
ਲੇਖ ਅਤੇ ਚਲੰਤ ਮਸਲੇ

ਜੇਕਰ ਤੁਸੀਂ ਆਪਣੇ ਵਪਾਰ ਨੂੰ ਵਧਾਉਣਾ ਚਾਹੁੰਦੇ ਹੋ
ਤਾਂ ਅੱਜ ਹੀ ਸਾਡੇ ਨਾਲ ਜੁੜੋ

ਕੈਨੇਡੀਅਨ ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ

It's Time To Grow Your Business
Advertise with us...

: canadianpunjabtimes@gmail.com
Contact : 604-338-7310

# ਪ੍ਰਵਾਸ ਦੇ ਸ਼ੀਸ਼ੇ ਰਾਹੀਂ ਪੰਜਾਬ ਦੀ ਤਸਵੀਰ

ਲੇਖਕ : ਸੁਖਪਾਲ ਸਿੰਘ ਗਿੱਲ
ਸੰਪਰਕ : 98781 - 11445

ਪ੍ਰਵਾਸ ਇੱਕ ਸਮਾਜਿਕ ਅਤੇ ਸੱਭਿਆਚਾਰਕ ਵਰਤਾਰਾ ਹੈ। ਇਸ ਦੇ ਪਿਛੋਕੜ ਵਿੱਚ ਆਰਥਿਕ ਲੋੜਾਂ, ਰੁਜ਼ਗਾਰ, ਆਜ਼ਾਦੀ ਅਤੇ ਖੁਸ਼ਹਾਲੀ ਦੀਆਂ ਭਾਵਨਾਵਾਂ ਆਦਿ ਕਾਰਜਸ਼ੀਲ ਹੁੰਦੀਆਂ ਹਨ। ਪੰਜਾਬ ਦੇ ਸਮਾਜ, ਸਾਹਿਤ ਅਤੇ ਸੱਭਿਆਚਾਰ ਉੱਤੇ ਪ੍ਰਵਾਸ ਦਾ ਗੂੜ੍ਹਾ ਰੰਗ ਚੜ੍ਹ ਗਿਆ ਹੈ। ਅੱਜ ਹਰ ਪੰਜਾਬੀ ਪ੍ਰਵਾਸ ਦੀ ਆਸ ਵਿੱਚ ਗਵਾਚਿਆ ਰਹਿੰਦਾ ਹੈ। ਪੰਜਾਬ ਨਾਬਰੀ ਅਤੇ ਇੱਜ਼ਤ ਆਬਰੂ ਦਾ ਪ੍ਰਤੀਕ ਸ਼ੁਰੂ ਤੋਂ ਹੀ ਰਿਹਾ ਹੈ। ਹੁਣ ਪ੍ਰਵਾਸ ਨੇ ਇਸ ਨੂੰ ਢਾਅ ਲਾਈ ਹੈ। ਇਸ ਪ੍ਰਵਾਸ ਨੂੰ ਪੰਜਾਬ ਅੰਦਰੋਂ ਹਾਂ-ਪੱਖੀ ਹੁੰਗਾਰਾ ਵੀ ਮਿਲਦਾ ਹੈ। ਆਜ਼ਾਦੀ ਤੋਂ ਬਾਅਦ ਸਭ ਤੋਂ ਪਹਿਲਾਂ ਪੰਜਾਬ ਦਾ ਦੁਆਬਾ ਖੇਤਰ ਲਗਭਗ 1949-50 ਦੇ ਨੇੜੇ ਬਾਹਰਲੇ ਮੁਲਕਾਂ ਵਿੱਚ ਜਾਣਾ ਸ਼ੁਰੂ ਹੋਇਆ। ਹੌਲੀ-ਹੌਲੀ ਇਹ ਚੰਗਿਆੜੀ ਸਾਰੇ ਪੰਜਾਬ ਵਿੱਚ ਫੈਲ ਗਈ। ਫਿਰ ਪੰਜਾਬੀ ਉਪਰੋਥਲੀ ਗਲਤ ਤੌਰ ਤਰੀਕੇ ਅਪਣਾ ਕੇ ਬਾਹਰ ਜਾਣ ਲੱਗੇ। ਖੇਤੀ ਪ੍ਰਧਾਨ ਸੂਬੇ ਕਰਕੇ ਅਤੇ ਜ਼ਮੀਨ ਨੂੰ ਮਾਂ ਸਮਝਣ ਵਾਲੇ ਪੰਜਾਬੀਆਂ ਦੀ ਰੂਹ ਨਾਲ ਉਂਝ ਪ੍ਰਵਾਸ ਦਾ ਮੇਲ ਨਹੀਂ ਹੈ। ਪੰਜਾਬੀਆਂ ਦਾ ਖੇਤੀ ਕਿੱਤਾ ਪਵਿੱਤਰ ਅਤੇ ਗੁਲਾਮੀ ਰਹਿਤ ਹੈ। ਕਿਹਾ ਵੀ ਗਿਆ ਹੈ, "ਉੱਤਮ ਖੇਤੀ, ਮੱਧਮ ਵਿਉਪਾਰ ਤੇ ਨੀਚ ਚਾਕਰੀ"। ਪਹਿਲਾਂ ਪਹਿਲ ਪੰਜਾਬੀ ਥੋੜ੍ਹਾਂ ਸਮਾਂ ਬਾਹਰਲੇ ਮੁਲਕਾਂ ਵਿੱ ਕਮਾਈ ਕਰਕੇ ਵਾਪਸ ਆ ਜਾਂਦੇ ਸਨ, ਹੁਣ ਅਜਿਹਾ ਨਹੀਂ ਹੋ ਰਿਹਾ। ਖੇਤੀ ਬਾਰੇ ਵੀ ਸ਼ੰਕਾ ਰਹਿਣ ਕਰਕੇ ਮੰਡੀਆਂ ਵਿੱਚ ਜੱਟ ਦੇ ਰੁਲਣ ਦੀ ਸੰਭਾਵਨਾ ਰਹਿੰਦੀ ਹੈ। ਸੁਰੱਖਿਅਤ ਮਹਿਸੂਸ ਕਰਨ ਕਰਕੇ ਪੰਜਾਬੀ ਬਾਹਰ ਜਾਣ ਲੱਗੇ ਹਨ। ਪ੍ਰਵਾਸ ਹੋਣ ਕਰਕੇ ਸੱਭਿਆਚਾਰ ਦੇ ਪੱਖ ਤੋਂ ਪੰਜਾਬੀ ਬੋਲੀ ਵੀ ਗ੍ਰਸ ਜਾਂਦੀ ਹੈ। ਪ੍ਰਵਾਸ ਰੁਜ਼ਗਾਰ ਲਈ ਹੁੰਦਾ ਹੈ। ਭਾਸ਼ਾ ਨਾਲ ਰੁਜ਼ਗਾਰ ਦਾ ਮੇਲ ਹੈ। ਆਈਲੈਟ ਲਈ ਅੰਗਰੇਜ਼ੀ ਚਾਹੀਦੀ ਹੈ, ਇਸ ਲਈ ਪੰਜਾਬੀ ਪ੍ਰਤੀ ਬੇਗਾਨਗੀ ਹੋ ਗਈ ਹੈ। ਸੁਰਜੀਤ ਪਾਤਰ ਜੀ ਨੇ ਵੀ ਕਿਹਾ ਸੀ, "ਪਿੱਛੇ ਪਿੱਛੇ ਰਿਜ਼ਕ ਦੇ ਆਇਆ ਨੰਦ ਕਿਸ਼ੋਰ ..."

ਪੰਜਾਬ ਦੀ 25 ਲੱਖ ਤੋਂ ਉੱਪਰ ਆਬਾਦੀ ਵਿਦੇਸ਼ਾਂ ਵਿੱਚ ਵਸੀ ਹੋਈ ਹੈ। ਤਤਕਾਲੀ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾਕਟਰ ਜੋਗਿੰਦਰ ਸਿੰਘ ਪਵਾਰ ਨੇ ਪ੍ਰਵਾਸ ਦਾ ਰੁਝਾਨ ਰੋਕਣ ਲਈ ਰੁਜ਼ਗਾਰ ਗਰੰਟੀ ਘੜਨ ਦੀ ਨਸੀਹਤ ਦਿੱਤੀ ਸੀ। ਪੰਜਾਬ ਵਿੱਚ ਇੱਕ ਵਾਰ ਸਕਿੱਲ ਸੈਂਟਰ ਅਤੇ ਆਈਟੀ ਆਈਜ ਸਥਾਪਿਤ ਹੋਈਆਂ ਹਨ। ਪਰ ਇਹਨਾਂ ਵਿੱਚੋਂ ਨਿਕਲੇ ਸਿੱਖਿਅਤ ਨੌਜਵਾਨਾਂ ਨੂੰ ਅੱਗੇ ਕੋਈ ਸੁਰੱਖਿਅਤ ਰਸਤਾ ਨਹੀਂ ਦਿਸਿਆ। ਇਹ ਇੱਕ ਵੱਡਾ ਕਾਰਨ ਹੈ। ਪੰਜਾਬ ਦੀ ਬੇਰੁਜ਼ਗਾਰੀ ਦਰ 2019 ਵਿੱਚ 8.2 ਸੀ।

ਕਨੇਡਾ ਦੀ ਵਸੋਂ ਦਾ 1.3 ਪ੍ਰਤੀਸ਼ਤ ਪੰਜਾਬੀ ਹਨ। ਪੰਜਾਬ ਵਿੱਚ 55 ਲੱਖ ਘਰ ਹਨ। 2014 ਤੋਂ 2021 ਤੱਕ 54.36 ਲੱਖ ਪਾਸਪੋਰਟ ਬਣੇ। ਪੰਜਾਬ ਵਿੱਚ 14 ਪਾਸਪੋਰਟ ਕੇਂਦਰ 7 ਤੋਂ 11 ਦਿਨਾਂ ਦੇ ਅੰਦਰ ਅੰਦਰ ਪਾਸਪੋਰਟ ਬਣਾਉਂਦੇ ਹਨ। 2018 ਵਿੱਚ 6031, 2019 ਵਿੱਚ 73574, 2020 ਵਿੱਚ 3312 ਅਤੇ ਕਰੋਨਾ ਕਾਲ ਵਿੱਚ ਕੁਝ ਮੱਧਮ ਪਏ। ਕਰੋਨਾ ਨੇ ਅੰਕੜੇ ਥੰਮ੍ਹੇ ਸਨ। ਕਨੇਡਾ ਦਾ ਰੁਝਾਨ 2014 -16 ਵਿੱਚ ਜ਼ਿਆਦਾ ਵਧਿਆ ਸੀ, ਇਸ ਸਮੇਂ 75,000 ਪੰਜਾਬੀ ਕਨੇਡਾ ਗਏ ਸਨ। ਉਸ ਤੋਂ ਬਾਅਦ ਚੱਲ ਸੋ ਚੱਲ। ਕੈਨੇਡਾ ਨੇ 200 ਕਾਲਿਜ ਵਿਦੇਸ਼ੀਆਂ ਲਈ ਖੋਲ੍ਹੇ ਸਨ। 2018 ਵਿੱਚ 25 ਹਜ਼ਾਰ ਵਿਦਿਆਰਥੀ ਆਸਟਰੇਲੀਆ ਗਏ। ਹਰ ਸਾਲ 27 ਹਜ਼ਾਰ ਕਰੋੜ ਰੁਪਇਆ ਪੰਜਾਬੀਆਂ ਦਾ ਵਿਦੇਸ਼ੀ ਖਾਤਿਆਂ ਵਿੱਚ ਚਲਾ ਜਾਂਦਾ ਹੈ। ਇਸ ਤੋਂ ਇਲਾਵਾ ਉੱਥੋਂ ਦੇ ਕਾਲਿਜ ਮਨਮਰਜ਼ੀ ਕਰਕੇ ਨੌਜਵਾਨਾਂ ਦਾ ਸ਼ੋਸ਼ਣ ਵੀ ਕਰਦੇ ਹੋਣਗੇ।



ਪ੍ਰਵਾਸ ਦਾ ਸਾਡੇ ਪੰਜਾਬ ਨਾਲ ਪੁਰਾਣਾ ਰਿਸ਼ਤਾ ਰਿਹਾ ਹੈ। ਵਿਸ਼ਵ ਪ੍ਰਵਾਸ ਰਿਪੋਰਟ 2024 ਤਹਿਤ ਸਾਲ 2022 ਤੱਕ ਭਾਰਤ ਵਿੱਚ ਪੈਦਾ ਹੋਏ ਲਗਭਗ 1.8 ਕਰੋੜ ਲੋਕ ਦੁਨੀਆਂ ਦੇ ਦੂਜੇ ਦੇਸ਼ਾਂ ਵਿੱਚ ਜਾ ਕੇ ਵਸ ਗਏ। ਪਿਛਲੇ 25 ਸਾਲਾਂ ਵਿੱਚ ਪ੍ਰਵਾਸੀ ਭਾਰਤੀਆਂ ਦੀ ਗਿਣਤੀ ਦੁੱਗਣੀ ਤੋਂ ਵੀ ਵਧ ਗਈ। ਦੁਬਈ, ਯੂਏਈ ਵਿੱਚ 35 ਲੱਖ ਪ੍ਰਵਾਸੀ ਭਾਰਤੀ ਹਨ। ਅਮਰੀਕਾ ਅਤੇ ਸਾਊਦੀ ਅਰਬ ਵਿਚ 27 ਅਤੇ 25 ਲੱਖ ਪ੍ਰਵਾਸੀ ਹਨ। ਅਮਰੀਕਾ ਦੀ ਇੱਕ ਆਡਿਟ ਪ੍ਰਕਿਰਿਆ ਮੁਕੰਮਲ ਕੀਤੀ ਗਈ ਜਿਸ ਵਿੱਚ 17 ਹਜ਼ਾਰ ਵਪਾਰਕ ਡਰਾਈਵਰ ਲਾਇਸੰਸ ਰੱਦ ਕੀਤੇ ਗਏ। ਇਹ ਲਾਇਸੈਂਸ ਉਹਨਾਂ ਲੋਕਾਂ ਦੇ ਸਨ, ਜਿਨ੍ਹਾਂ ਨੂੰ ਕਾਨੂੰਨੀ ਤੌਰ 'ਤੇ ਉੱਥੇ ਰਹਿਣ ਦੀ ਆਗਿਆ ਨਹੀਂ ਸੀ।

ਸਭ ਤੋਂ ਮਾੜਾ ਹੈ ਗੈਰ ਕਾਨੂੰਨੀ ਪ੍ਰਵਾਸ। ਪੰਜਾਬੀ ਇੱਕ ਸਮੇਂ ਤਾਂ ਗੈਰਕਾਨੂੰਨੀ ਪ੍ਰਵਾਸ ਨੂੰ ਆਪਣਾ ਸ਼ੁਗਲ ਸਮਝਦੇ ਸਨ। ਪਨਾਮਾ ਜੰਗਲ ਅਤੇ ਕਿਸ਼ਤੀਆਂ ਦਾ ਡੁੱਬਣਾ ਵੀ ਗੈਰ ਕਾਨੂੰਨੀ ਪ੍ਰਵਾਸ ਦੀ ਗਤੀ ਨੂੰ ਮੱਧਮ ਨਹੀਂ ਕਰ ਸਕਿਆ। ਇਸ ਤੋਂ ਸਾਡੇ ਸਿਸਟਮ ਦਾ ਪਤਾ ਚਲਦਾ ਹੈ ਕਿ ਕਿੰਨਾ ਜੋਖ਼ਮ ਉੱਠਾ ਕੇ ਵੀ ਸਾਡੇ ਨੌਜਵਾਨ ਗੈਰ ਕਾਨੂੰਨੀ ਪ੍ਰਵਾਸ ਨੂੰ ਤਰਜੀਹ ਦਿੰਦੇ ਹਨ। ਡੋਨਾਲਡ ਟਰੰਪ ਦੇ ਗੈਰ ਕਾਨੂੰਨੀ ਪ੍ਰਵਾਸ ਘੱਟ ਕਰਨ ਦੇ ਚੋਣ ਵਾਅਦੇ ਨਾਲ ਅਮਰੀਕਾ ਵਿੱਚ ਪ੍ਰਵਾਸ ਦੀ ਗਤੀ ਮੱਧਮ ਹੋਈ ਹੈ। ਅਮਰੀਕਾ ਵਿੱਚ ਜਿਨ੍ਹਾਂ ਸਰਹੱਦ ਪਾਰ ਕਰਨ ਵਾਲਿਆਂ ਨੂੰ ਹਿਰਾਸਤ ਵਿੱਚ ਲਿਆ ਗਿਆ, ਉਹਨਾਂ ਦੀ ਗਿਣਤੀ ਪਿਛਲੇ 50 ਸਾਲਾਂ ਦੇ ਇਤਿਹਾਸ ਦੇ ਹੇਠਲੇ ਪੱਧਰ 'ਤੇ ਆ ਗਈ ਹੈ। ਸਤੰਬਰ 2025 ਵਿੱਚ ਅਮਰੀਕਾ ਮੈਕਸੀਕੋ ਸਰਹੱਦ ਤੇ 11647 ਲੋਕਾਂ ਨੂੰ ਹਿਰਾਸਤ ਲਿਆ ਗਿਆ, ਜਦਕਿ ਸਤੰਬਰ 2024 ਵਿੱਚ ਇਹ ਗਿਣਤੀ ਇਕ 101000 ਸੀ ਅਤੇ 2023 ਸਤੰਬਰ ਵਿੱਚ 69700 ਸੀ। ਇਸ ਤੋਂ ਜ਼ਾਹਿਰ ਹੈ ਕਿ ਟਰੰਪ ਦਾ ਚੋਣ ਵਾਅਦੇ ਵਾਲਾ ਪੱਤਾ ਕੰਮ ਕਰ ਗਿਆ ਹੈ। 2025 ਵਿੱਚ ਅਮਰੀਕਾ ਨੇ 3528 ਭਾਰਤੀ ਡਿਪੋਰਟ ਕੀਤੇ, 2024 ਵਿੱਚ ਇਹ ਗਿਣਤੀ 1368 ਸੀ, ਜਦ ਕਿ 2023 ਵਿੱਚ ਇਹ ਗਿਣਤੀ 617 ਸੀ। ਮਨੁੱਖੀ ਸਮਗਲਿੰਗ ਨਾਲ ਜੋੜ ਕੇ ਦੇਖਿਆ ਜਾਵੇ ਤਾਂ ਇਸ ਤੋਂ ਕਈ ਤਰ੍ਹਾਂ ਦੇ ਸ਼ੰਕੇ ਪੈਦਾ ਹੋ ਜਾਂਦੇ ਹਨ। ਸਟੇਟਸ ਸਿੰਬਲ ਅਤੇ ਰੀਸ ਕਰਕੇ ਵੀ ਪੰਜਾਬੀ ਪ੍ਰਵਾਸ ਦੀ ਚੱਕੀ ਵਿੱਚ ਪਿਸ ਰਹੇ ਹਨ।

ਪ੍ਰਵਾਸ ਦਾ ਸਾਡੇ ਪੰਜਾਬ ਨਾਲ ਪੁਰਾਣਾ ਰਿਸ਼ਤਾ ਰਿਹਾ ਹੈ। ਵਿਸ਼ਵ ਪ੍ਰਵਾਸ ਰਿਪੋਰਟ 2024 ਤਹਿਤ ਸਾਲ 2022 ਤੱਕ ਭਾਰਤ ਵਿੱਚ ਪੈਦਾ ਹੋਏ ਲਗਭਗ 1.8 ਕਰੋੜ ਲੋਕ ਦੁਨੀਆਂ ਦੇ ਦੂਜੇ ਦੇਸ਼ਾਂ ਵਿੱਚ ਜਾ ਕੇ ਵਸ ਗਏ। ਪਿਛਲੇ 25 ਸਾਲਾਂ ਵਿੱਚ ਪ੍ਰਵਾਸੀ ਭਾਰਤੀਆਂ ਦੀ ਗਿਣਤੀ ਦੁੱਗਣੀ ਤੋਂ ਵੀ ਵਧ ਗਈ। ਦੁਬਈ, ਯੂਏਈ ਵਿੱਚ 35 ਲੱਖ ਪ੍ਰਵਾਸੀ ਭਾਰਤੀ ਹਨ। ਅਮਰੀਕਾ ਅਤੇ ਸਾਊਦੀ ਅਰਬ ਵਿਚ 27 ਅਤੇ 25 ਲੱਖ ਪ੍ਰਵਾਸੀ ਹਨ। ਅਮਰੀਕਾ ਦੀ ਇੱਕ ਆਡਿਟ ਪ੍ਰਕਿਰਿਆ ਮੁਕੰਮਲ ਕੀਤੀ ਗਈ ਜਿਸ ਵਿੱਚ 17 ਹਜ਼ਾਰ ਵਪਾਰਕ ਡਰਾਈਵਰ ਲਾਇਸੰਸ ਰੱਦ ਕੀਤੇ ਗਏ। ਇਹ ਲਾਇਸੈਂਸ ਉਹਨਾਂ ਲੋਕਾਂ ਦੇ ਸਨ, ਜਿਨ੍ਹਾਂ ਨੂੰ ਕਾਨੂੰਨੀ ਤੌਰ 'ਤੇ ਉੱਥੇ ਰਹਿਣ ਦੀ ਆਗਿਆ ਨਹੀਂ ਸੀ।

ਪੰਜਾਬ ਦੇ ਸੱਭਿਆਚਾਰ ਉੱਤੇ ਪ੍ਰਵਾਸ ਦਾ ਪ੍ਰਭਾਵ ਉਦੋਂ ਪੈਣਾ ਸ਼ੁਰੂ ਹੋਇਆ ਜਦੋਂ ਚਾਰ ਦਹਾਕੇ ਪਹਿਲਾਂ ਦੁਬਈ ਜਾਣਾ ਸ਼ੁਰੂ ਹੋਇਆ। ਦੁਬਈ ਵਿੱਚ ਪ੍ਰਵਾਸੀ ਕਾਮੇ ਪੱਕੇ ਨਹੀਂ ਹੁੰਦੇ ਸਨ। ਪੰਜਾਬੀ ਲੋਕ ਕਮਾਈ ਲਈ ਜਾਂਦੇ ਸਨ ਤੇ ਕੁਝ ਸਮਾਂ ਕਮਾ ਕੇ ਜਵਾਨੀ ਦੇ ਦਿਨਾਂ ਵਿੱਚ ਵਾਪਸ ਆ ਜਾਂਦੇ ਸਨ। ਉਸ ਤੋਂ ਬਾਅਦ ਆਪਣਾ ਜੀਵਨ ਪੰਜਾਬ ਵਿੱਚ ਬਸਰ ਕਰਕੇ ਪੰਜਾਬੀ ਸੱਭਿਆਚਾਰ ਪ੍ਰਤੀ ਸਮਰਪਿਤ ਰਹਿੰਦੇ ਸਨ। ਸਾਡੇ ਗੀਤ ਸੰਗੀਤ ਅਤੇ ਰੀਤਾਂ ਉੱਤੇ ਵੀ ਪ੍ਰਵਾਸ ਦਾ ਅਸਰ ਹੈ। ਇਹ ਬੋਲੀ ਇਸਦੀ ਗਵਾਹੀ ਹੈ, "ਬਾਰ੍ਹੀਂ ਬਰਸੀਂ ਖੱਟਣ ਗਿਆ ਸੀ, ਖੱਟ ਕੇ ਲਿਆਂਦੇ ਰੰਬੇ, ਡੁਬਈ ਲੈ ਗਈ ਪੁੱਟ ਕੇ, ਸਾਰੇ ਰੌਣਕੀ ਬੰਦੇ। ਪ੍ਰਵਾਸ ਕਰਕੇ ਜਦੋਂ ਨਵੀਂ ਜਗ੍ਹਾ ਜਾਂਦੇ ਹਾਂ ਤਾਂ ਉੱਥੋਂ ਦਾ ਸੱਭਿਆਚਾਰ ਕਬੂਲਣਾ ਪੈਂਦਾ ਹੈ। ਮਾਣਮੱਤੇ ਪੰਜਾਬੀਆਂ ਨੇ ਆਪਣਾ ਸੱਭਿਆਚਾਰ ਵਿਦੇਸ਼ਾਂ ਵਿੱਚ ਵੀ ਸਾਂਭ ਕੇ ਰੱਖਿਆ ਹੋਇਆ ਹੈ। ਹੁਣ ਤਾਂ ਸੋਸ਼ਲ ਮੀਡੀਏ ਨੇ ਕੰਮ ਸੁਖਾਲਾ ਕਰ ਦਿੱਤਾ ਹੈ। ਜਦੋਂ ਪੰਜਾਬ ਨੂੰ ਪ੍ਰਵਾਸ ਦੀ ਹੋੜ ਵਿੱਚ ਦੇਖਿਆ ਜਾਂਦਾ ਹੈ ਤਾਂ ਇੱਕ ਗੱਲ ਸ. ਸ. ਮੀਸ਼ਾ ਜੀ ਦੀ ਨਜ਼ਮ ਵਿੱਚੋਂ ਸੰਭਲਣ ਦਾ ਮੌਕਾ ਦਿੰਦੀ ਹੈ, "ਪੱਤੀ ਪੱਤੀ ਵਲੂੰਧਰੀ ਗਈ ਉਸ ਦੀ, ਸ਼ਰਫ ਕਰਦਾ ਸੀ ਜਿਹੜੇ ਪੰਜਾਬ ਦੀ ਗੱਲ।" ਓਪਰੇ ਮਾਹੌਲ ਵਿੱਚ ਵਿਚਰਨ ਕਰਕੇ ਪ੍ਰਵਾਸੀ ਪੰਜਾਬੀਆਂ ਨੂੰ ਬਾਬੂ ਫ਼ਿਰੋਜ਼ਦੀਨ ਸ਼ਰਫ ਦੀ ਇਹ ਸਤਰ ਵੀ ਯਾਦ ਆਉਂਦੀ ਹੋਵੇਗੀ, "ਸੋਹਣੇ ਦੇਸ਼ਾਂ ਵਿੱਚੋਂ ਦੇਸ਼ ਪੰਜਾਬ ਨੀ ਸਈਓ, ਸੋਹਣੇ ਫੁੱਲਾਂ ਵਿੱਚੋਂ ਫੁੱਲ ਗੁਲਾਬ ਨੀ ਸਈਓ।"

ਅੱਜ ਪੰਜਾਬ ਪ੍ਰਵਾਸ ਪੱਖੋਂ ਸਭ ਤੋਂ ਮਾੜੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਖ਼ੁਸ਼ੀ ਨਾਲ ਅਤੇ ਲਾਚਾਰੀ ਵਿੱਚ ਕੀਤੇ ਗਏ ਪ੍ਰਵਾਸ ਵਿੱਚ ਫ਼ਰਕ ਹੁੰਦਾ ਹੈ। ਅੱਜ ਭਾਵੇਂ ਸਰਕਾਰ ਨੇ ਨੌਜਵਾਨਾਂ ਨੂੰ ਨੌਕਰੀਆਂ ਦੇਣ ਦੇ ਯਤਨ ਜਾਰੀ ਰੱਖੇ ਹੋਏ ਹਨ, ਪਰ ਫਿਰ ਵੀ ਨੌਜਵਾਨ ਠੱਗਿਆ ਅਤੇ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਪੰਜਾਬ ਵਿੱਚੋਂ ਪ੍ਰਵਾਸ ਲਈ ਗਿਆ ਪੈਸਾ ਉੱਥੋਂ ਦੇ ਅਰਥਚਾਰੇ ਨੂੰ ਮਜਬੂਤ ਕਰ ਰਿਹਾ ਹੈ। ਮਾਹਰ ਦੱਸਦੇ ਹਨ ਕਿ ਭਵਿੱਖੀ ਪੰਜਾਬ ਦੀ ਚਿੰਤਾ ਇਹ ਹੈ ਕਿ ਪ੍ਰਵਾਸ ਦਾ ਯੂ ਟਰਨ ਔਖਾ ਹੈ। ਇਸ ਨਾਲ ਲੱਖਾਂ ਪੰਜਾਬੀ ਆਪਣੇ ਪੇਟ ਨੂੰ ਗੰਢ ਮਾਰ ਕੇ ਵਿਕਸਿਤ ਦੇਸ਼ਾਂ ਨੂੰ ਹੋਰ ਮਜ਼ਬੂਤ ਕਰਨ 'ਤੇ ਤੁਲੇ ਹੋਏ ਹਨ। ਮਾਹੌਲ ਇਹ ਵੀ ਬਣ ਜਾਂਦਾ ਹੈ ਕਿ ਪੰਜਾਬੀਆਂ ਅੰਦਰ ਪੰਜਾਬ ਪ੍ਰਤੀ ਡਰ-ਭੈਅ, ਹਊਆ ਬਣਿਆ ਰਹਿੰਦਾ ਹੈ। ਪੰਜਾਬ ਲਈ ਪੰਜਾਬੀਆਂ ਦੀ ਇਹ ਬੇਵਿਸਾਹੀ ਬੇਹੱਦ ਫਿਕਰ ਵਾਲਾ ਵਿਸ਼ਾ ਬਣ ਗਈ ਹੈ, ਜਿਸ ਲਈ ਵੇਲਾ ਬੀਤਣ ਤੋਂ ਬਾਅਦ ਜਾਗਣ ਨਾਲ ਹੋਰ ਵੀ ਔਖਾ ਹੋ ਜਾਵੇਗਾ। ਜਿਵੇਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਪੰਜਾਬ ਦਾ ਪ੍ਰਵਾਸ ਨਾਲ ਪੁਰਾਣਾ ਰਿਸ਼ਤਾ ਹੈ, ਉਸ ਤਰਜ਼ 'ਤੇ ਦੇਖਿਆ ਜਾਵੇ ਤਾਂ ਸਾਡੀ ਪਹਿਲੀ ਪੀੜ੍ਹੀ ਆਰਥਿਕਤਾ ਦੀ ਝੰਬੀ ਪ੍ਰਵਾਸ ਕਰ ਗਈ, ਦੂਜੀ ਪੀੜ੍ਹੀ ਹੋਂਦ ਦੀ ਲੜਾਈ ਵਿੱਚ ਭਟਕ ਕੇ ਗਈ, ਤੀਜੀ ਪੀੜ੍ਹੀ ਸਵੈਮਾਣ ਅਤੇ ਸਵੈ ਹੋਂਦ ਲਈ ਗਈ, ਚੌਥੀ ਪੀੜ੍ਹੀ ਉੱਥੋਂ ਦੇ ਕਲਚਰ ਵਿੱਚ ਢਲ਼ ਗਈ। ਉਨ੍ਹਾਂ ਵਲ ਦੇਖਕੇ ਐਥੇ ਵਾਲੇ ਹੋਰ ਵੀ ਆਕਰਸ਼ਿਤ ਹੋ ਰਹੇ ਹਨ। ਪਹਿਲੇ ਪ੍ਰਵਾਸ ਮੁਸ਼ਕਿਲ ਵਾਲਾ ਹੁੰਦਾ ਹੈ। ਸਥਿਤੀਆਂ ਅਤੇ ਪ੍ਰਸਥਿਤੀਆਂ ਬਦਲਦੀਆਂ ਰਹਿੰਦੀਆਂ ਹਨ। ਹੁਣ ਵੀ ਲਚਾਰੀ ਅਤੇ ਨਸਲੀ ਹਿੰਸਾ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਪ੍ਰਵਾਸ ਦੀ ਸਮੱਸਿਆ ਦਾ ਹੱਲ ਲੱਭਣਾ ਸਰਕਾਰ ਦੇ ਜ਼ਿੰਮੇ ਹੈ। ਸਰਕਾਰੀ ਢਾਂਚੇ ਨੂੰ ਸੁਧਾਰ ਕੇ ਰੁਜ਼ਗਾਰ ਦੇ ਮੌਕੇ ਪੈਦਾ ਕਰਨੇ ਚਾਹੀਦੇ ਹਨ। ਪੰਜਾਬੀ ਅਵਾਮ ਖੁਦ ਵੀ ਸੋਚੇ। ਨੌਜਵਾਨ ਅਜਿਹੇ ਤਾਣੇ ਬਾਣੇ ਵਿੱਚ ਫਸ ਗਏ ਹਨ ਕਿ ਕੋਈ ਸੰਘਰਸ਼ ਵੀ ਨਹੀਂ ਕਰ ਸਕਦੇ। ਉਹ ਤਾਂ ਪ੍ਰਵਾਸ ਕਾਰਨ ਮਾਪਿਆਂ ਸਮੇਤ ਸਿਰ ਚੜ੍ਹੇ ਕਰਜ਼ੇ ਦੀ ਪੀੜਾ ਹੰਢਾ ਰਹੇ ਹਨ। ਪੰਜਾਬ ਵਿੱਚ ਰੁਜ਼ਗਾਰ ਦੇ ਨਾਕਾਫੀ ਮੌਕੇ ਮੌਜੂਦਾ ਸਰਕਾਰ ਸਹੀ ਕਰਨ ਵਲ ਕਦਮ ਚੁੱਕ ਰਹੀ ਹੈ। ਇੱਥੇ ਕੁਨਬਾ ਪ੍ਰਸਤੀ, ਬੇਇਨਸਾਫ਼ੀ, ਗੁੰਡਾਗਰਦੀ ਅਤੇ ਪੁਲਿਸ ਦਾ ਅਮਾਨਵੀ ਵਿਵਹਾਰ ਖਤਮ ਹੋਣਾ ਚਾਹੀਦਾ ਹੈ। ਇੱਥੇ ਮਾਪੇ ਅੱਜ ਵੀ ਕਹਿੰਦੇ ਹਨ ਕਿ ਅਸੀਂ ਤਾਂ ਲੰਘਾ ਲਈ ਤੁਸੀਂ ਬਾਹਰ ਜਾ ਕੇ ਸੁਰੱਖਿਅਤ ਹੋ ਜਾਓ। ਅਜਿਹਾ ਕਿਉਂ? ਇੱਕ ਪਰਿਵਾਰ ਦੇ ਪ੍ਰਵਾਸ ਵਾਲੇ ਬੱਚੇ ਨੂੰ ਮਾਂ ਪਿਓ ਮਿਲਣ ਜਾਂਦੇ ਹਨ ਤਾਂ ਚਾਰ ਪੰਜ ਲੱਖ ਦਾ ਫਾਇਦਾ ਦੂਜੇ ਮੁਲਕ ਨੂੰ ਦੇ ਆਉਂਦੇ ਹਨ। ਪੰਜਾਬ ਅਤੇ ਪੰਜਾਬੀ ਉਸੇ ਕਾਇਨਾਤ ਦਾ ਹਿੱਸਾ ਹਨ, ਜਿਸ ਵਿੱਚ ਕਾਰਪੋਰੇਟ ਵਲ ਝੁਕਾਅ ਹੈ। ਹੁਣੇ ਹਵਾਈ ਲਫ਼ੜਾ ਹੋਇਆ, ਝੱਟ ਹਵਾਈ ਟਿਕਟ ਵਧਾ ਦਿੱਤੀ। ਕੀ ਪੰਜਾਬੀ ਆਪਣੀ ਫਸਲ ਦਾ ਭਾਅ ਵਧਾ ਸਕਦੇ ਹਨ। ਨਹੀਂ, ਕਦਾਚਿੱਤ ਨਹੀਂ। ਮੌਜੂਦਾ ਸਰਕਾਰ ਦੇ ਨਿਵੇਸ਼ ਦੇ ਯਤਨ ਜਾਰੀ ਹਨ ਪਰ ਆਰਥਿਕ ਅਤੇ ਸਿਹਤ ਪੱਖੋਂ ਸੂਬਾ ਸਹਿਕਦਾ ਹੈ। ਉਜਰਤਾਂ ਘੱਟ ਹਨ। ਇਸ ਸਮੁੱਚੇ ਜ਼ੁਲਮ ਵਿਰੁੱਧ ਪੰਜਾਬੀ ਨੌਜਵਾਨ ਬੇਵੱਸ ਹਨ। ਪਿਛਲੀਆਂ ਸਰਕਾਰਾਂ ਪ੍ਰਵਾਸ ਨੂੰ ਰੋਕਣ ਲਈ ਠੋਸ ਉਪਰਾਲੇ ਨਹੀਂ ਕਰ ਸਕੀਆਂ। ਹੁਣ ਤਾਂ ਪੰਜਾਬੀ ਪ੍ਰਵਾਸ ਲੋਚਦੇ ਹਨ। ਪੰਜਾਬ ਨੂੰ ਹਮੇਸ਼ਾ ਛੱਡਦੇ ਹੋਏ ਕਿਸੇ ਸ਼ਾਇਰ ਦੀ ਜ਼ਬਾਨੀ ਇਹ ਗਵਾਹੀ ਭਰਦੇ ਹਨ:

**ਅਸੀਂ ਹਵਾਈ ਅੱਡਿਆਂ 'ਤੇ ਖੜੇ ਹਾਂ,**
**ਅਸੀਂ ਵਾਪਸ ਨਹੀਂ ਆਉਣਾ,**
**ਇਹ ਨਾੜੂ ਅਸੀਂ ਵੱਢ ਦਿੱਤਾ ਏ,**
**ਅਸੀਂ ਪ੍ਰਦੇਸ ਜਾਵਾਂਗੇ,**
**ਪਿੰਡ ਆਪਣੇ ਉੱਥੇ ਵਸਾਵਾਂਗੇ,**
**ਗੁਰੂ ਘਰ ਬਣਾ ਅਰਦਾਸ ਕਰਾਂਗੇ,**
**ਪਿੰਡ ਪਿਛਲਾ ਵਸਦਾ ਰਹੇ,**
**ਗੁਆਂਢੀਆਂ ਦਾ ਬਾਪੂ ਹੱਸਦਾ ਰਹੇ,**
**ਸਾਡੇ ਨਾਲ ਨਾਰਾਜ਼ ਨਾ ਹੋਣਾ,**
**ਬਿਰਖ ਤੋਂ ਵੱਖ ਹੋ ਰਹੇ ਪੱਤੇ ਹਾਂ ਅਸੀਂ,**
**ਭੰਗੜੇ ਪਾ ਪਾ ਸਭ ਦਾ ਧਿਆਨ ਖਿੱਚਦੇ,**
**ਥਈਆ ਥਈਆ ਨੱਚਦੇ,**
**ਅਸੀਂ ਬਹੁਤ ਕੁੱਝ ਭੁੱਲਣਾ ਚਾਹੁੰਦੇ ਹਾਂ,**
**ਗ਼ਦਰੀ ਬਾਬੇ, ਜਲਿਆਂਵਾਲਾ ਬਾਗ਼,**
**ਰਬਾਬ ਚੋਂ ਉੱਠਦੇ ਰਾਗ,**
**ਕੋਈ ਕਿੰਨਾ ਕੁਝ ਯਾਦ ਰੱਖੇ?**
**ਦੁੱਖ ਕਿੰਨਾ ਵੰਡਾਏ ਕੋਈ?**
**ਅਸੀਂ ਜਾ ਰਹੇ ਹਾਂ...**

# ਵਿਕਾਸ ਦੇ ਦਾਅਵਿਆਂ ਦੀ ਪੋਲ ਖੋਲ੍ਹਦੀ ਹੈ 'ਵਿਸ਼ਵ ਨਾਬਰਾਬਰੀ ਰਿਪੋਰਟ'

ਲੇਖਕ : ਬੂਟਾ ਸਿੰਘ ਮਹਿਮੂਦਪੁਰ

ਆਰ.ਐੱਸ.ਐੱਸ.-ਭਾਜਪਾ ਸਰਕਾਰ ਵੱਲੋਂ ਦਾਅਵੇ ਕੀਤੇ ਜਾ ਰਹੇ ਹਨ ਕਿ ਉਨ੍ਹਾਂ ਦੀ 'ਆਤਮ-ਨਿਰਭਰ ਭਾਰਤ' ਦੀ ਦ੍ਰਿਸ਼ਟੀ ਕਾਰਨ ਮੁਲਕ ਛੜੱਪੇ ਮਾਰ ਕੇ ਤਰੱਕੀ ਕਰ ਰਿਹਾ ਹੈ। ਕੀ 2025 'ਚ ਭਾਰਤ ਜਪਾਨ ਨੂੰ ਪਿੱਛੇ ਧੱਕ ਕੇ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਆਰਥਿਕਤਾ ਬਣ ਗਿਆ ਹੈ ਅਤੇ 2030 ਤੱਕ 7.3 ਖ਼ਰਬ ਜੀਡੀਪੀ (ਕੁਲ ਘਰੇਲੂ ਪੈਦਾਵਾਰ) ਦਾ ਟੀਚਾ ਹਾਸਲ ਕਰਕੇ ਤੀਜੀ ਸਭ ਤੋਂ ਵੱਡੀ ਆਰਥਕਤਾ ਬਣਨ ਦੇ ਰਾਹ 'ਤੇ ਚੱਲ ਰਿਹਾ ਹੈ। ਇਹ ਵੀ ਦਾਅਵੇ ਕੀਤੇ ਜਾਂਦੇ ਹਨ ਕਿ ਉਹ ਦਿਨ ਦੂਰ ਨਹੀਂ ਜਦੋਂ ਭਾਰਤ 'ਵਿਸ਼ਵ-ਗੁਰੂ' ਬਣ ਕੇ ਤਰੱਕੀ ਵਿਚ 'ਪੂਰੀ ਦੁਨੀਆ' ਦਾ ਮਾਰਗ-ਦਰਸ਼ਨ ਕਰੇਗਾ!

ਜੁਲਾਈ 2025 ਵਿਚ, ਜਦੋਂ ਵਿਸ਼ਵ ਬੈਂਕ ਦੀ ਪਾਵਰਟੀ ਐਂਡ ਇਕੁਇਟੀ ਬ੍ਰੀਫ ਨੇ ਖ਼ਪਤ ਖ਼ਰਚ ਦੇ ਆਧਾਰ 'ਤੇ ਭਾਰਤ ਨੂੰ ਦੁਨੀਆ ਦਾ ਚੌਥਾ ਸਭ ਤੋਂ ਬਰਾਬਰੀ ਵਾਲਾ ਮੁਲਕ ਦੱਸਿਆ ਤਾਂ ਭਾਰਤ ਸਰਕਾਰ ਦੀ ਪ੍ਰੈੱਸ ਇਨਫਰਮੇਸ਼ਨ ਬਿਊਰੋ ਨੇ ਇਸਨੂੰ 'ਵਰਨਣਯੋਗ ਪ੍ਰਾਪਤੀ' ਕਰਾਰ ਦਿੰਦਿਆਂ ਦੇਰ ਨਹੀਂ ਕੀਤੀ। ਸਰਕਾਰ ਨੇ ਇਸਦਾ ਸਿਹਰਾ ਗ਼ਰੀਬੀ ਘਟਾਉਣ, ਵਿੱਤੀ ਸਮਾਵੇਸ਼ ਵਧਾਉਣ ਅਤੇ ਕਲਿਆਣਕਾਰੀ ਯੋਜਨਾਵਾਂ ਉੱਪਰ ਲਗਾਤਾਰ ਧਿਆਨ ਦਿੱਤੇ ਜਾਣ ਨੂੰ ਦਿੱਤਾ। ਇਹ ਸਰਕਾਰੀ ਬਿਰਤਾਂਤ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਨੀਤੀਆਂ ਦੇ ਜ਼ਰੀਏ ਨਾਬਰਾਬਰੀ 'ਤੇ ਕਾਬੂ ਪਾਇਆ ਜਾ ਰਿਹਾ ਹੈ।

ਪਰ ਸਿਰਫ਼ ਪੰਜ ਮਹੀਨੇ ਬਾਅਦ ਹੀ, 10 ਦਸੰਬਰ ਨੂੰ ਜਾਰੀ ਹੋਈ ਵਰਲਡ ਇਨਇਕੁਐਲਿਟੀ ਰਿਪੋਰਟ 2026 ਨੇ ਇਸਦੇ ਉਲਟ ਤਸਵੀਰ ਪੇਸ਼ ਕੀਤੀ, ਜੋ 200 ਆਰਥਕ ਖੋਜਕਾਰਾਂ ਦੇ ਨੈੱਟਵਰਕ ਵੱਲੋਂ ਤਿਆਰ ਕੀਤੀ ਗਈ ਹੈ ਅਤੇ ਜਿਸਦਾ ਸੰਪਾਦਨ ਪੈਰਿਸ ਸਥਿਤ ਵਿਸ਼ਵ ਨਾਬਰਾਬਰੀ ਲੈਬ ਦੇ ਮਸ਼ਹੂਰ ਅਰਥਸ਼ਾਸਤਰੀਆਂ ਲੁਕਾਸ ਸ਼ਾਂਸਲ, ਰਿਕਾਰਡੋ ਗੋਮੇਜ਼-ਕਾਰੇਰਾ, ਰੋਵੈਦਾ ਮੋਸ਼ਿਰਫ਼ ਅਤੇ ਥੌਮਸ ਪਿਕਟੀ ਨੇ ਕੀਤਾ ਹੈ। ਰਿਪੋਰਟ ਅਨੁਸਾਰ ਭਾਰਤ ਵਿਚ ਨਾਬਰਾਬਰੀ 'ਦੁਨੀਆ ਵਿਚ ਸਭ ਤੋਂ ਉੱਚੇ ਪੱਧਰਾਂ ਵਿਚੋਂ ਇਕ' ਹੈ ਅਤੇ ਪਿਛਲੇ ਕਈ ਸਾਲਾਂ ਦੌਰਾਨ ਇਸ ਵਿਚ ਕੋਈ ਖ਼ਾਸ ਸੁਧਾਰ ਨਹੀਂ ਹੋਇਆ। ਰਿਪੋਰਟ ਦੱਸਦੀ ਹੈ ਕਿ ਮੁਲਕ ਦੀ ਸਿਖਰਲੀ 10% ਆਬਾਦੀ ਦੇ ਕਬਜ਼ੇ 'ਚ 58% ਕੌਮੀ ਆਮਦਨ ਹੈ, ਜਦਕਿ ਹੇਠਲੇ 50% ਕੋਲ ਸਿਰਫ਼ 15% ਹੈ। ਦੌਲਤ ਦੇ ਮਾਮਲੇ ਵਿਚ ਨਾਬਰਾਬਰੀ ਹੋਰ ਵੀ ਗੰਭੀਰ ਹੈ—ਸਿਖਰਲੇ 10% ਦੇ ਹੱਥਾਂ ਵਿਚ ਲਗਭਗ ਦੋ-ਤਿਹਾਈ ਦੌਲਤ ਕੇਂਦਰਤ ਹੋ ਗਈ ਹੈ ਅਤੇ ਸਿਖਰਲੇ 1% ਇਕੱਲੇ ਹੀ 40% ਦੌਲਤ ਦੇ ਮਾਲਕ ਹਨ। ਇਸ ਤੋਂ ਸਪਸ਼ਟ ਹੈ ਕਿ ਇਕ ਪਾਸੇ ਮੁਲਕ ਦੇ 14 ਕਰੋੜ ਲੋਕਾਂ ਨੇ ਮੁਲਕ ਦੀ ਕੁਲ ਦੌਲਤ ਦੇ 65% ਉੱਪਰ ਕਬਜ਼ਾ ਕਰ ਲਿਆ ਹੈ, ਦੂਜੇ ਪਾਸੇ ਮੁਲਕ ਦੇ 1 ਅਰਬ 36 ਕਰੋੜ ਲੋਕਾਂ ਕੋਲ (ਮੌਜੂਦਾ ਆਬਾਦੀ 1 ਅਰਬ 40 ਕਰੋੜ ਦੇ ਆਧਾਰ 'ਤੇ) ਮੁਲਕ ਦੀ ਕੁਲ ਦੌਲਤ ਦਾ ਸਿਰਫ਼ 35% ਹੀ ਹੈ। ਉਪਰੋਕਤ 14 ਕਰੋੜ ਵਿਚ ਆਦਿਵਾਸੀ, ਆਮ ਦਲਿਤ, ਮਜ਼ਦੂਰ ਅਤੇ ਇੱਥੋਂ ਤਕ ਕਿ ਛੋਟੇ ਕਿਸਾਨ, ਛੋਟੇ-ਛੋਟੇ ਕਾਰੋਬਾਰ ਕਰਨ ਵਾਲੇ ਨਹੀਂ ਹਨ ਜੋ ਗ਼ਰੀਬੀ ਅਤੇ ਆਰਥਕ ਮੰਦਹਾਲੀ ਝੱਲ ਰਹੇ ਹਨ। ਇਹ ਨੰਗੇ ਅਨਿਆਂ ਅਤੇ ਲੁੱਟ 'ਤੇ ਆਧਾਰਤ ਪ੍ਰਬੰਧ ਦੀ ਪੈਦਾਵਾਰ ਖ਼ਾਸ ਵਰਗ ਹਨ ਜਿਨ੍ਹਾਂ ਨੂੰ ਆਰਥਕ ਨੀਤੀਆਂ ਦਾ ਲਾਭ ਮਿਲਦਾ ਹੈ।

ਇਨ੍ਹਾਂ ਦੋਹਾਂ ਦਾਅਵਿਆਂ ਦਰਮਿਆਨ ਟਕਰਾਅ ਸਿਰਫ਼ ਰਾਜਨੀਤਿਕ ਨਹੀਂ, ਸਗੋਂ ਵਿਧੀ ਦਾ ਵੀ ਹੈ। ਖ਼ਪਤ-ਆਧਾਰਤ ਅੰਕੜੇ ਅਕਸਰ ਇਸ ਕਰਕੇ ਚੰਗੀ ਤਸਵੀਰ ਦਿਖਾਉਂਦੇ ਹਨ, ਕਿਉਂਕਿ ਸਬਸਿਡੀਆਂ ਅਤੇ ਲੋਕ-ਭਲਾਈ ਯੋਜਨਾਵਾਂ ਗ਼ਰੀਬ ਵਰਗਾਂ ਦੀ ਖ਼ਪਤ ਨੂੰ ਕੁਝ ਹੱਦ ਤੱਕ ਮੈਨੇਜ ਕਰ ਲੈਂਦੀਆਂ ਹਨ, ਭਾਵੇਂ ਉਨ੍ਹਾਂ ਦੀ ਆਮਦਨ ਦੀ ਤਾਕਤ ਜਾਂ ਦੌਲਤ ਦੀ ਮਲਕੀਅਤ ਵਿਚ ਕੋਈ ਢਾਂਚਾਗਤ ਬਦਲਾਅ ਨਾ ਆਵੇ। ਇਸਦੇ ਉਲਟ, ਆਮਦਨ ਅਤੇ ਦੌਲਤ ਦੇ ਅੰਕੜੇ ਇਹ ਦੱਸਦੇ ਹਨ ਕਿ ਵਿਕਾਸ ਦਾ ਫ਼ਲ ਦਰਅਸਲ ਕਿਸ ਦੇ ਹਿੱਸੇ ਆ ਰਿਹਾ ਹੈ। ਅਸਲ ਸਵਾਲ ਇਹ ਹੈ ਕਿ ਅਸਥਾਈ ਰਾਹਤ ਨੂੰ ਮਾਪਿਆ ਜਾ ਰਿਹਾ ਹੈ ਜਾਂ ਡੂੰਘੀ ਨਾਬਰਾਬਰੀ ਨੂੰ।

ਰਿਪੋਰਟ ਅਨੁਸਾਰ ਭਾਰਤ ਵਿਚ ਔਰਤ ਮਜ਼ਦੂਰਾਂ ਦੀ ਹਿੱਸੇਦਾਰੀ ਮਹਿਜ਼ 15.7% ਹੈ, ਜੋ ਪਿਛਲੇ ਇਕ ਦਹਾਕੇ ਤੋਂ ਲਗਭਗ ਉੱਥੇ ਹੀ ਅਟਕੀ ਹੋਈ ਹੈ, ਜਦਕਿ 2024 ਵਿਚ ਵਿਸ਼ਵ ਔਸਤ 49% ਸੀ। ਇਸਦੇ ਉਲਟ ਸਰਕਾਰ 41.7% ਦਾ ਅੰਕੜਾ ਪੇਸ਼ ਕਰਦੀ ਹੈ, ਜਿਸ ਵਿਚ ਖੇਤੀਬਾੜੀ, ਗ਼ੈਰਜਥੇਬੰਦ ਖੇਤਰ ਅਤੇ ਬਿਨਾਂ ਮਜ਼ਦੂਰੀ ਵਾਲਾ ਕੰਮ ਕਰਨ ਵਾਲੀਆਂ ਔਰਤਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਹ ਫ਼ਰਕ ਇਸ ਗੱਲ 'ਤੇ ਵੱਡੀ ਬਹਿਸ ਖੜੀ ਕਰਦਾ ਹੈ ਕਿ ਕੀ ਕਿਸੇ ਵੀ ਕਿਸਮ ਦੀ ਸਰਗਰਮੀ ਨੂੰ 'ਰੁਜ਼ਗਾਰ ਹਿੱਸੇਦਾਰੀ' ਮੰਨਿਆ ਜਾਵੇ ਜਾਂ ਸੁਰੱਖਿਅਤ, ਸਨਮਾਨਜਨਕ ਅਤੇ ਭੁਗਤਾਨ ਵਾਲਾ ਕੰਮ ਹੀ ਅਸਲੀ ਮਾਪਦੰਡ ਹੋਣਾ ਚਾਹੀਦਾ ਹੈ।

ਭਾਰਤ ਦੀ ਸਥਿਤੀ ਵਿਸ਼ਵ ਪੱਧਰ ਦੇ ਰੁਝਾਨਾਂ ਤੋਂ ਅਲੱਗ ਨਹੀਂ ਹੈ। ਰਿਪੋਰਟ ਮੁਤਾਬਕ ਦੁਨੀਆ ਦੇ ਸਿਖਰਲੇ 0.001%, ਯਾਨੀ 60,000 ਤੋਂ ਘੱਟ ਲੋਕਾਂ ਕੋਲ ਦੁਨੀਆ ਦੀ ਹੇਠਲੀ ਅੱਧੀ ਆਬਾਦੀ ਨਾਲੋਂ ਤਿੰਨ ਗੁਣਾ ਵੱਧ ਦੌਲਤ ਹੈ। ਦੁਨੀਆ ਦੇ ਖੇਤਰਾਂ ਦਰਮਿਆਨ ਆਮਦਨੀ ਦਾ ਕਿੰਨਾ ਡੂੰਘਾ ਪਾੜਾ ਹੈ, ਇਸ ਬਾਰੇ ਰਿਪੋਰਟ ਦੱਸਦੀ ਹੈ ਕਿ ਉੱਤਰੀ ਅਮਰੀਕਾ ਅਤੇ ਓਸ਼ੀਨੀਆ ਵਿਚ ਔਸਤ ਰੋਜ਼ਾਨਾਂ ਆਮਦਨੀ ਲਗਭਗ 125 ਯੂਰੋ ਹੈ ਜਦਕਿ ਸਹਾਰਾ ਦੇ ਦੱਖਣ ਵਿਚ ਅਫ਼ਰੀਕਾ ਵਿਚ ਇਹ ਸਿਰਫ਼ 10 ਯੂਰੋ ਹੈ।

ਰਿਪੋਰਟ ਇਹ ਵੀ ਦੱਸਦੀ ਹੈ ਕਿ ਦੁਨੀਆ ਦੀ 50% ਆਬਾਦੀ ਨਿੱਜੀ ਸੰਪਤੀ ਨਾਲ ਜੁੜੇ ਕੁਲ ਕਾਰਬਨ ਨਿਕਾਸੀ ਦਾ ਸਿਰਫ਼ 3% ਕਰਦੀ ਹੈ ਜਦਕਿ 10% ਧਨਾਢ ਲੋਕ 77% ਕਾਰਬਨ ਨਿਕਾਸੀ ਲਈ ਜ਼ਿੰਮੇਵਾਰ ਹਨ। ਇਸਦਾ ਮਤਲਬ ਇਹ ਹੈ ਕਿ ਵਾਤਾਵਰਣ ਨੂੰ ਪ੍ਰਦੂਸ਼ਤ ਕਰਨ ਲਈ ਮੁੱਖ ਜ਼ਿੰਮੇਵਾਰ ਬਹੁਤ ਛੋਟੀ ਗਿਣਤੀ ਧਨਾਢ ਜਮਾਤ ਦੀ ਅੱਯਾਸ਼ੀ ਹੈ ਅਤੇ ਜਿਸਦਾ ਨਤੀਜਾ ਸਾਫ਼-ਸੁਥਰੇ ਵਾਤਾਵਰਣ ਤੋਂ ਵਾਂਝੇ ਹੋ ਰਹੇ, ਸਾਧਨਹੀਣ ਗ਼ਰੀਬ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ, ਕਿਉਂਕਿ ਧਨਾਢ ਲੋਕ ਤਾਂ ਆਪਣੇ ਵਸੀਲਿਆਂ ਦੇ ਜ਼ੋਰ ਪੌਣ-ਪਾਣੀ ਤਬਦੀਲੀਆਂ ਨਾਲ ਹੋਣ ਵਾਲੇ ਨੁਕਸਾਨ ਤੋਂ ਬਹੁਤ ਹੱਦ ਤਕ ਆਪਣਾ ਬਚਾ ਕਰ ਲੈਂਦੇ ਹਨ।

ਭਾਰਤ ਲਈ ਇਸ ਰਿਪੋਰਟ ਦੀ ਮਹੱਤਤਾ ਸਿਰਫ਼ ਰੈਂਕਿੰਗ ਤੱਕ ਸੀਮਿਤ ਨਹੀਂ ਹੈ। ਉੱਚ ਨਾਬਰਾਬਰੀ ਵਿਆਪਕ ਆਰਥਕ ਵਿਕਾਸ ਨੂੰ ਰੋਕਦੀ ਹੈ, ਸਮਾਜਿਕ ਤੌਰ 'ਤੇ ਉੱਪਰ ਉੱਠਣ ਦੇ ਮੌਕੇ ਘਟਾਉਂਦੀ ਹੈ, ਗ਼ਰੀਬਾਂ ਲਈ ਸਿਹਤ ਅਤੇ ਸਿੱਖਿਆ ਦੀ ਹਾਲਤ ਨੂੰ ਹੋਰ ਭੈੜੀ ਬਣਾ ਦਿੰਦੀ ਹੈ ਅਤੇ ਪੀੜ੍ਹੀ ਦਰ ਪੀੜ੍ਹੀ ਵਾਂਝੇਪਣ ਨੂੰ ਪੱਕਾ ਕਰਦੀ ਹੈ। ਦੌਲਤ ਦਾ ਬੇਹੱਦ ਕੇਂਦਰਤ ਹੁੰਦੇ ਜਾਣਾ ਜਮਹੂਰੀ ਸੰਸਥਾਵਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ—ਨੀਤੀਆਂ, ਮੀਡੀਆ, ਨਿਆਂ ਤੱਕ ਪਹੁੰਚ ਅਤੇ ਰਾਜਨੀਤਿਕ ਫ਼ੈਸਲਿਆਂ ਉੱਪਰ ਆਰਥਕ ਤਾਕਤ ਹਾਵੀ ਹੋ ਜਾਂਦੀ ਹੈ।

ਇਹ ਰਿਪੋਰਟ ਕੁਝ ਅਜਾਰੇਦਾਰ ਹੱਥਾਂ ਵਿਚ ਸਨਅਤਾਂ ਦੇ ਕੇਂਦਰਤ ਹੁੰਦੇ ਜਾਣ ਵੱਲ ਵੀ ਧਿਆਨ ਖਿੱਚਦੀ ਹੈ। ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਉੱਪ-ਗਵਰਨਰ ਵਿਰਾਲ ਆਚਾਰੀਆ ਮੁਤਾਬਕ, ਰਿਲਾਇੰਸ, ਟਾਟਾ, ਅਡਾਨੀ, ਆਦਿਤਿਆ ਬਿਰਲਾ ਅਤੇ ਭਾਰਤੀ ਵਰਗੇ ਵੱਡੇ ਸਮੂਹਾਂ ਦੀ ਗ਼ੈਰ-ਵਿੱਤੀ ਖੇਤਰਾਂ ਵਿਚ ਹਿੱਸੇਦਾਰੀ 1991 ਦੇ 10% ਤੋਂ ਵਧ ਕੇ 2021 ਵਿਚ 18% ਹੋ ਗਈ। ਸਨਅਤ ਦੇ ਅੱਠ ਵੱਡੇ ਖੇਤਰਾਂ ਲਈ ਹਰਫਿੰਡਲ-ਹਿਰਸ਼ਮੈਨ ਇੰਡੈਕਸ (ਐੱਚ.ਐੱਚ.ਆਈ.) ਸਕੋਰ 2024-25 ਵਿਚ 2,532 ਤੱਕ ਪਹੁੰਚ ਗਿਆ, ਜੋ ਬਹੁਤ ਉੱਚੇ ਕੇਂਦਰਣ ਦਾ ਸੰਕੇਤ ਹੈ। ਇਹ ਮੰਡੀ ਵਿਚ ਇਕਾਗਰਤਾ ਨੂੰ ਮਾਪਣ ਦਾ ਇਕ ਸੰਦ ਹੈ, ਜਿਸਦੀ ਵਰਤੋਂ ਆਮ ਤੌਰ 'ਤੇ ਟਰੱਸਟ ਵਿਰੋਧੀ ਰੈਗੂਲੇਟਰ ਇਹ ਅੰਦਾਜ਼ਾ ਲਾਉਣ ਲਈ ਕਰਦੇ ਹਨ ਕਿ ਕੋਈ ਮੰਡੀ ਕਿਸ ਹੱਦ ਤਕ ਅਜਾਰੇਦਾਰ ਬਣਦਾ ਜਾ ਰਿਹਾ ਹੈ।

ਮਸ਼ਹੂਰ ਅਰਥਸ਼ਾਸਤਰੀ ਜੈਅਤੀ ਘੋਸ਼ ਆਪਣੀ ਭੂਮਿਕਾ ਵਿਚ ਲਿਖਦੇ ਹਨ ਕਿ ਅੱਜ ਦੀ ਅਤਿ ਨਾਬਰਾਬਰੀ ਹੋਣੀ ਨਹੀਂ, ਸਗੋਂ ਨੀਤੀਗਤ ਫ਼ੈਸਲਿਆਂ ਦਾ ਨਤੀਜਾ ਹੈ। ਅਗਾਂਹਵਧੂ ਟੈਕਸ ਪ੍ਰਣਾਲੀ, ਮਜ਼ਬੂਤ ਸਰਕਾਰੀ ਨਿਵੇਸ਼, ਨਿਆਂਪੂਰਨ ਕਿਰਤ ਕਾਨੂੰਨ ਅਤੇ ਲੋਕਤੰਤਰੀ ਸੰਸਥਾਵਾਂ ਪਹਿਲਾਂ ਵੀ ਨਾਬਰਾਬਰੀ ਘਟਾ ਚੁੱਕੀਆਂ ਹਨ ਅਤੇ ਅੱਗੇ ਵੀ ਕਰ ਸਕਦੀਆਂ ਹਨ। ਪਿਕਟੀ ਅਤੇ ਉਸਦੇ ਸਹਿਯੋਗੀਆਂ ਨੇ ਦੌਲਤ ਅਤੇ ਵਿਰਾਸਤ ਕਰ ਵਰਗੀਆਂ ਨੀਤੀਆਂ ਦੀ ਸਿਫ਼ਾਰਸ਼ ਕੀਤੀ ਹੈ, ਜਿਨ੍ਹਾਂ ਰਾਹੀਂ ਵੱਡੇ ਪੱਧਰ 'ਤੇ ਸਰਕਾਰੀ ਸਿੱਖਿਆ ਅਤੇ ਸਿਹਤ 'ਤੇ ਖ਼ਰਚ ਕੀਤਾ ਜਾ ਸਕਦਾ ਹੈ।

ਇਸ ਕਥਿਤ ਵਿਕਾਸ ਦਾ ਇਕ ਹੋਰ ਵਿਰੋਧਾਭਾਸ ਇਹ ਹੈ ਕਿ ਕਾਰਪੋਰੇਟ ਮੁਨਾਫ਼ੇ ਤੇਜ਼ੀ ਨਾਲ ਵਧੇ ਹਨ ਪਰ ਤਨਖ਼ਾਹਾਂ ਅਤੇ ਨੌਕਰੀਆਂ ਉਸ ਤਰ੍ਹਾਂ ਨਹੀਂ ਵਧੀਆਂ। 2019 ਦੀ ਕਾਰਪੋਰੇਟ ਟੈਕਸ ਕਟੌਤੀ ਤੋਂ ਬਾਅਦ 2023-24 ਵਿਚ ਪਹਿਲੀ ਵਾਰ ਨਿੱਜੀ ਆਮਦਨ ਕਰ ਨੇ ਕਾਰਪੋਰੇਟ ਕਰ ਨੂੰ ਪਿੱਛੇ ਛੱਡਿਆ। ਮੁਨਾਫ਼ੇ ਅਤੇ ਕਾਰਪੋਰੇਟ-ਟੂ-ਜੀਡੀਪੀ ਅਨੁਪਾਤ ਰਿਕਾਰਡ ਉੱਚਾਈ 'ਤੇ ਪਹੁੰਚ ਗਏ, ਪਰ ਰੁਜ਼ਗਾਰ ਵਿਚ ਵਾਧਾ ਬਹੁਤ ਮੱਠੀ ਰਫ਼ਤਾਰ ਨਾਲ ਰਿਹਾ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਵਿਕਾਸ ਦਾ ਲਾਭ ਮਜ਼ਦੂਰ ਵਰਗ ਤੱਕ ਨਹੀਂ ਪਹੁੰਚ ਰਿਹਾ।

ਜਿਨ੍ਹਾਂ ਯੋਜਨਾਵਾਂ ਨੂੰ ਸਰਕਾਰ ਨਾਬਰਾਬਰੀ ਘਟਾਉਣ ਦਾ ਆਧਾਰ ਦੱਸਦੀ ਹੈ, ਉਹ ਜ਼ਮੀਨੀ ਪੱਧਰ 'ਤੇ ਅਸਫ਼ਲ ਹਨ। ਜਨਧਨ ਯੋਜਨਾ ਦੇ ਕਈ ਖ਼ਾਤੇ ਕੰਮ ਨਹੀਂ ਕਰ ਰਹੇ ਅਤੇ ਆਯੂਸ਼ਮਾਨ ਭਾਰਤ ਵਰਗੀ ਸਿਹਤ ਯੋਜਨਾ ਵਿਚ ਔਸਤ ਦਾਅਵਾ ਰਕਮ ਕਾਫ਼ੀ ਘੱਟ ਹੈ, ਜਦਕਿ ਦੇਰੀ, ਵਿਵਾਦ, ਧੋਖਾਧੜੀ ਅਤੇ ਫੰਡ ਦੀ ਕਮੀ ਵਰਗੀਆਂ ਸਮੱਸਿਆਵਾਂ ਸਾਹਮਣੇ ਆ ਰਹੀਆਂ ਹਨ।

ਜੁਲਾਈ 2025 ਦਾ ਸਰਕਾਰੀ ਬਿਰਤਾਂਤ ਖ਼ਪਤ-ਆਧਾਰਤ ਬਰਾਬਰੀ 'ਤੇ ਖੜਾ ਸੀ, ਜਦਕਿ ਵਿਸ਼ਵ ਨਾਬਰਾਬਰੀ ਰਿਪੋਰਟ 2026 ਆਮਦਨ ਅਤੇ ਦੌਲਤ-ਆਧਾਰਤ ਨਾਬਰਾਬਰੀ ਨੂੰ ਉਜਾਗਰ ਕਰਦੀ ਹੈ। ਜੇ ਇਕ ਦਹਾਕੇ ਵਿਚ ਨਾਬਰਾਬਰੀ ਬਦਲਦੀ ਨਹੀਂ, ਮੁਨਾਫ਼ੇ ਵਧਦੇ ਹਨ, ਮੰਡੀਆਂ ਹੋਰ ਸੁੰਗੜਦੀਆਂ ਹਨ ਅਤੇ ਰੁਜ਼ਗਾਰ ਨਹੀਂ ਵਧਦਾ, ਤਾਂ 'ਦੁਨੀਆ ਦਾ ਚੌਥਾ ਸਭ ਤੋਂ ਬਰਾਬਰੀ ਵਾਲਾ ਮੁਲਕ' ਹੋਣ ਦਾ ਦਾਅਵਾ ਖੋਖਲਾ ਹੈ। ਜੀਡੀਪੀ ਵਿਚ ਆਪਣੇ ਘਟਦੇ ਯੋਗਦਾਨ ਦੇ ਬਾਵਜੂਦ, ਖੇਤੀਬਾੜੀ ਅਜੇ ਵੀ ਭਾਰਤੀਆਂ ਲਈ ਸਭ ਤੋਂ ਵੱਡਾ ਰੁਜ਼ਗਾਰ ਦੇਣ ਵਾਲਾ ਖੇਤਰ ਹੈ; ਮੁਲਕ ਦੀ ਕੁਲ ਕਿਰਤ ਸ਼ਕਤੀ ਦਾ ਲਗਭਗ 80% ਹਿੱਸਾ ਗ਼ੈਰ-ਜਥੇਬੰਦ ਅਤੇ ਅਸਥਿਰ ਹੈ, ਜਿਸ ਕੋਲ ਨਾ ਤਾਂ ਸਮਾਜਿਕ ਸੁਰੱਖਿਆ ਹੈ ਅਤੇ ਨਾ ਹੀ ਨੌਕਰੀ ਦੀ ਸੁਰੱਖਿਆ, ਅਤੇ ਜੋ ਘੱਟ ਮਜ਼ਦੂਰੀ 'ਤੇ ਕੰਮ ਕਰਦਾ ਹੈ। ਜਿਵੇਂ ਕਿ ਹਾਰਵਰਡ ਬਿਜ਼ਨਸ ਰਿਵਿਊ ਨੇ ਕਿਹਾ ਹੈ, 'ਦੁਨੀਆ ਦੀ ਸਭ ਤੋਂ ਵੱਡੀ ਅਤੇ ਸਭ ਤੋਂ ਨੌਜਵਾਨ ਕਿਰਤ-ਸ਼ਕਤੀ ਵਾਲੇ ਇਸ ਮੁਲਕ ਵਿਚ ਚੰਗੀਆਂ ਨੌਕਰੀਆਂ ਬਹੁਤ ਘੱਟ ਉਪਲਬਧ ਹਨ।' 2024 ਦੇ ਯੂਐਨਡੀਪੀ ਗਲੋਬਲ ਬਹੁ-ਪਾਸਾਰੀ ਗ਼ਰੀਬੀ ਸੂਚਕ-ਅੰਕ ਮੁਤਾਬਕ, ਭਾਰਤ ਵਿਚ ਬਹੁ-ਪਾਸਾਰੀ ਗ਼ਰੀਬੀ ਵਿਚ ਰਹਿਣ ਵਾਲੇ ਲੋਕਾਂ ਦੀ ਗਿਣਤੀ ਸਭ ਤੋਂ ਵੱਧ ਹੈ—23.4 ਕਰੋੜ, ਜੋ ਦੁਨੀਆ ਦੇ 1.1 ਅਰਬ ਗ਼ਰੀਬਾਂ ਦਾ ਲਗਭਗ ਚੌਥਾ ਹਿੱਸਾ ਹੈ। ਆਲਮੀ ਭੁੱਖਮਰੀ ਸੂਚਕ-ਅੰਕ (ਗਲੋਬਲ ਹੰਗਰ ਇੰਡੈਕਸ) 2025 ਭਾਰਤ ਦੇ ਕਥਿਤ ਵਿਕਾਸ ਨੂੰ ਬੇਪਰਦ ਕਰਦੀ ਹੈ ਜਿਸ ਵਿਚ ਹਾਲਤ 'ਗੰਭੀਰ' ਦੱਸੀ ਗਈ ਹੈ। ਇਸ ਸੂਚਕ-ਅੰਕ ਅਨੁਸਾਰ 123 ਮੁਲਕਾਂ ਵਿਚ ਭਾਰਤ ਦਾ ਦਰਜਾ 102ਵਾਂ ਹੈ ਅਤੇ ਉਹ ਪਾਕਿਸਤਾਨ (94), ਬੰਗਲਾਦੇਸ਼ (88) ਅਤੇ ਸ਼੍ਰੀਲੰਕਾ (66) ਤੋਂ ਵੀ ਹੇਠਾਂ ਹੈ। ਲਗਭਗ 80.6 ਕਰੋੜ ਲੋਕ, ਜੋ ਭਾਰਤ ਦੀ ਆਬਾਦੀ ਦਾ ਲਗਭਗ 55% ਬਣਦੇ ਹਨ, ਸਰਕਾਰੀ ਆਟਾ-ਦਾਲ ਸਕੀਮਾਂ ਉੱਪਰ ਨਿਰਭਰ ਹਨ।

ਅਸਲੀ ਬਹਿਸ ਇਹ ਨਹੀਂ ਕਿ ਵਿਕਾਸ ਹੋ ਰਿਹਾ ਹੈ ਜਾਂ ਨਹੀਂ, ਸਗੋਂ ਇਹ ਹੈ ਕਿ ਵਿਕਾਸ ਕਿਸ ਲਈ ਹੋ ਰਿਹਾ ਹੈ, ਉਸਦਾ ਮੁੱਲ ਕੌਣ ਤਾਰ ਰਿਹਾ ਹੈ ਅਤੇ ਇਸ ਵਧ ਰਹੀ ਨਾਬਰਾਬਰੀ ਨੂੰ ਠੱਲ ਪਾਉਣਾ ਕਥਿਤ ਲੋਕਤੰਤਰੀ ਪ੍ਰਣਾਲੀ ਦੀ ਮਨਸ਼ਾ ਨਹੀਂ ਹੈ।

ਇਸੇ ਤਰ੍ਹਾਂ ਰਿਪੋਰਟ ਦੁਨੀਆ ਵਿਚ ਵਧ ਰਹੀ ਨਾਬਰਾਬਰੀ ਬਾਰੇ ਚੇਤਾਵਨੀ ਦੇਣ ਵਾਲੇ ਖ਼ੁਲਾਸੇ ਕਰਦੀ ਹੈ ਕਿ ਦੁਨੀਆ ਭਰ ਦੇ ਕਮਾਉਣ ਵਾਲਿਆਂ ਵਿੱਚੋਂ ਸਭ ਤੋਂ ਉੱਪਰਲੇ 10% ਲੋਕ ਬਾਕੀ ਦੇ 90% ਦੀ ਮਿਲੀ-ਜੁਲੀ ਆਮਦਨ ਤੋਂ ਵੀ ਵੱਧ ਕਮਾਈ ਕਰਦੇ ਹਨ, ਜਦਕਿ ਦੁਨੀਆ ਦੀ ਸਭ ਤੋਂ ਗ਼ਰੀਬ 50% ਆਬਾਦੀ ਨੂੰ ਕੁਲ ਆਮਦਨ ਦਾ 10% ਤੋਂ ਵੀ ਘੱਟ ਹਿੱਸਾ ਮਿਲਦਾ ਹੈ।

ਰਿਪੋਰਟ ਦੱਸਦੀ ਹੈ ਕਿ ਦੌਲਤ ਦਾ ਕੇਂਦਰਤ ਹੋਣਾ ਇਸ ਤੋਂ ਵੀ ਜ਼ਿਆਦਾ ਗੰਭੀਰ ਹੈ। ਸਭ ਤੋਂ ਅਮੀਰ 10% ਕੋਲ ਦੁਨੀਆ ਦੀ ਕੁਲ ਦੌਲਤ ਦਾ 75% ਹਿੱਸਾ ਹੈ, ਜਦਕਿ ਹੇਠਲੇ 50% ਕੋਲ ਸਿਰਫ਼ 2% ਦੌਲਤ ਹੈ। ਰਿਪੋਰਟ ਮੁਤਾਬਕ, ਲਗਭਗ ਹਰ ਖੇਤਰ ਵਿਚ ਸਭ ਤੋਂ ਉੱਪਰਲੇ 1% ਕੋਲ ਹੇਠਲੇ 90% ਦੀ ਮਿਲੀ-ਜੁਲੀ ਦੌਲਤ ਤੋਂ ਵੀ ਵੱਧ ਦੌਲਤ ਹੈ, ਅਤੇ ਦੁਨੀਆ ਭਰ ਵਿਚ ਦੌਲਤ ਦੀ ਨਾਬਰਾਬਰੀ ਤੇਜ਼ੀ ਨਾਲ ਵਧ ਰਹੀ ਹੈ।

ਰਿਪੋਰਟ ਦੇ ਲੇਖਕ, ਜਿਨ੍ਹਾਂ ਦੀ ਅਗਵਾਈ ਪੈਰਿਸ ਸਕੂਲ ਆਫ਼ ਇਕਨਾਮਿਕਸ ਦੇ ਰਿਕਾਰਡੋ ਗੋਮੇਜ਼-ਕਰੇਰਾ ਨੇ ਕੀਤੀ, ਲਿਖਦੇ ਹਨ: 'ਨਤੀਜਾ ਇਹ ਹੈ ਕਿ ਦੁਨੀਆ ਇਕ ਅਜਿਹੇ ਦੌਰ ਵਿਚ ਦਾਖ਼ਲ ਹੋ ਚੁੱਕੀ ਹੈ ਜਿੱਥੇ ਬਹੁਤ ਛੋਟੀ ਜਿਹੀ ਗਿਣਤੀ ਅਦੁੱਤੀ ਵਿੱਤੀ ਤਾਕਤ 'ਤੇ ਕਾਬਜ਼ ਹੈ, ਜਦਕਿ ਅਰਬਾਂ ਲੋਕ ਬੁਨਿਆਦੀ ਆਰਥਕ ਸਥਿਰਤਾ ਤੋਂ ਵੀ ਵਾਂਝੇ ਹਨ।'

ਦੁਨੀਆ ਦੀ ਕੁਲ ਆਬਾਦੀ ਲਗਭਗ 8.2 ਅਰਬ ਹੈ। ਪੂਰੀ ਦੁਨੀਆ ਵਿਚ ਸਿਰਫ਼ 60000 ਵਿਅਕਤੀਆਂ ਕੋਲ ਦੁਨੀਆ ਦੀ ਅੱਧੀ ਆਬਾਦੀ ਯਾਨੀ ਲਗਭਗ 4.1 ਅਰਬ ਲੋਕਾਂ ਦੀ ਧਨ-ਦੌਲਤ ਤੋਂ ਤਿੰਨ ਗੁਣਾਂ ਜ਼ਿਆਦਾ ਧਨ-ਦੌਲਤ ਹੈ। ਵਿਸ਼ਵ ਦੌਲਤ ਵਿਚ ਸਭ ਤੋਂ ਉੱਪਰਲੇ 0.001% ਦਾ ਹਿੱਸਾ 1995 ਵਿਚ ਲਗਭਗ 4% ਤੋਂ ਵੱਧ ਕੇ ਅੱਜ 6% ਤੋਂ ਵੀ ਜ਼ਿਆਦਾ ਹੋ ਗਿਆ ਹੈ, ਜਦਕਿ ਬਹੁ-ਕਰੋੜਪਤੀਆਂ ਦੀ ਜਾਇਦਾਦ 1990 ਦੇ ਦਹਾਕੇ ਤੋਂ ਹਰ ਸਾਲ ਲਗਭਗ 8% ਦੀ ਦਰ ਨਾਲ ਵਧੀ ਹੈ, ਜੋ ਆਬਾਦੀ ਦੇ ਹੇਠਲੇ ਅੱਧੇ ਹਿੱਸੇ ਵੱਲੋਂ ਹਾਸਲ ਕੀਤੀ ਗਈ ਵਾਧੇ ਦੀ ਦਰ ਤੋਂ ਲਗਭਗ ਦੁੱਗਣੀ ਹੈ।

ਦੁਨੀਆ ਵਿਚ ਮੌਜੂਦ ਵਿਕਾਸ ਦੇ ਅਸਾਵੇਂਪਣ ਦੀ ਗੱਲ ਕਰਦਿਆਂ ਰਿਪੋਰਟ ਕਹਿੰਦੀ ਹੈ: 'ਮੌਜੂਦਾ ਅੰਤਰਰਾਸ਼ਟਰੀ ਵਿੱਤੀ ਢਾਂਚਾ ਇਸ ਤਰ੍ਹਾਂ ਬਣਾਇਆ ਗਿਆ ਹੈ ਕਿ ਇਸ ਨਾਲ ਅਮੀਰ ਮੁਲਕਾਂ ਨੂੰ ਫ਼ਾਇਦਾ ਹੁੰਦਾ ਹੈ। ਜਿਨ੍ਹਾਂ ਮੁਲਕਾਂ ਦੀ ਮੁਦਰਾ ਨੂੰ ਰਿਜ਼ਰਵ ਕਰੰਸੀ ਵਜੋਂ ਮੰਨਿਆ ਜਾਂਦਾ ਹੈ, ਉਹ ਘੱਟ ਵਿਆਜ ਦਰਾਂ 'ਤੇ ਕਰਜ਼ਾ ਲੈ ਸਕਦੇ ਹਨ, ਉੱਚੀਆਂ ਦਰਾਂ 'ਤੇ ਉਧਾਰ ਦੇ ਸਕਦੇ ਹਨ ਅਤੇ ਵਿਸ਼ਵ ਪੱਧਰੀ ਬਚਤ ਨੂੰ ਆਕਰਸ਼ਿਤ ਕਰ ਸਕਦੇ ਹਨ। ਇਸਦੇ ਉਲਟ, ਵਿਕਾਸਸ਼ੀਲ ਮੁਲਕਾਂ ਨੂੰ ਮਹਿੰਗੇ ਕਰਜ਼ੇ, ਘੱਟ ਮੁਨਾਫ਼ੇ ਅਤੇ ਸਰਮਾਏ ਦੇ ਪਲਾਇਨ ਦਾ ਸਾਹਮਣਾ ਕਰਨਾ ਪੈਂਦਾ ਹੈ।'

ਦੁਨੀਆ ਦੇ ਉੱਘੇ ਅਰਥਸ਼ਾਸਤਰੀ ਥੌਮਸ ਪਿਕਟੀ ਸਮੇਤ ਲੇਖਕ ਦਲੀਲ ਦਿੰਦੇ ਹਨ ਕਿ ਭਾਵੇਂ ਨਾਬਰਾਬਰੀ ਲੰਮੇ ਸਮੇਂ ਤੋਂ ਆਲਮੀ ਆਰਥਿਕਤਾ ਨੂੰ ਆਕਾਰ ਦਿੰਦੀ ਆ ਰਹੀ ਹੈ, ਪਰ 2025 ਤੱਕ ਇਹ ਅਜਿਹੀ ਹੱਦ 'ਤੇ ਪਹੁੰਚ ਚੁੱਕੀ ਹੈ ਜੋ ਤੁਰੰਤ ਵਿਸ਼ਵ ਪੱਧਰੀ ਧਿਆਨ ਦੀ ਮੰਗ ਕਰਦੀ ਹੈ।

ਸਮੁੱਚੀ ਚਰਚਾ ਦਾ ਨਿਚੋੜ ਇਹ ਹੈ ਕਿ ਜਿਸ ਕਥਿਤ ਉਦਾਰ (ਖੁੱਲ੍ਹੀ ਮੰਡੀ) ਆਰਥਕ ਮਾਡਲ ਦੇ ਧਾੜਵੀ ਮਨੋਰਥ ਉੱਪਰ ਪਰਦਾ ਪਾ ਕੇ ਸਾਮਰਾਜੀ ਸਰਮਾਏਦਾਰੀ ਵੱਲੋਂ ਇਸਨੂੰ ਆਰਥਕ ਵਿਕਾਸ ਅਤੇ ਜਮਹੂਰੀਅਤ ਦਾ ਸਭ ਤੋਂ ਢੁੱਕਵਾਂ ਆਰਥਕ ਬਦਲ ਦੱਸਿਆ ਜਾ ਰਿਹਾ ਹੈ, ਉਹ ਦਰਅਸਲ ਦੁਨੀਆ ਭਰ ਦੇ ਕੁਦਰਤੀ ਵਸੀਲਿਆਂ ਅਤੇ ਮਨੁੱਖੀ ਕਿਰਤ ਸ਼ਕਤੀ ਨੂੰ ਵੱਧ ਕਰੂਰਤਾ ਨਾਲ ਨਿਚੋੜ ਕੇ ਆਲਮੀ ਅਜਾਰੇਦਾਰੀ ਸਰਮਾਏਦਾਰੀ ਨੂੰ ਸੁਪਰ-ਮੁਨਾਫ਼ੇ ਮੁਹੱਈਆ ਕਰਾਉਣ ਵਾਲਾ ਘੋਰ ਲੋਕ-ਵਿਰੋਧੀ ਮਾਡਲ ਹੈ। ਇਹ ਨਾਬਰਾਬਰੀ, ਬੇਰੁਜ਼ਗਾਰੀ ਅਤੇ ਵਾਂਝੇਪਣ ਨੂੰ ਜ਼ਰਬਾਂ ਦੇ ਰਿਹਾ ਹੈ ਅਤੇ ਦੁਨੀਆ ਦੇ ਜ਼ਿਆਦਾਤਰ ਲੋਕਾਂ ਨੂੰ ਬੁਨਿਆਦੀ ਮਨੁੱਖੀ ਲੋੜਾਂ ਤੋਂ ਵੀ ਵਾਂਝੇ ਕਰ ਰਿਹਾ ਹੈ। ਕਰੂਰ ਲੁੱਟ-ਖਸੁੱਟ ਦੇ ਰਾਹ ਦੇ ਅੜਿੱਕੇ ਦੂਰ ਕਰਨ ਲਈ ਉਹ ਸਾਰੇ ਕਿਰਤ ਕਾਨੂੰਨ ਤੇਜ਼ੀ ਨਾਲ ਬਦਲੇ ਜਾ ਰਹੇ ਹਨ ਜੋ ਦੁਨੀਆ ਭਰ ਦੇ ਕਿਰਤੀਆਂ ਦੇ ਲਹੂ-ਡੋਲ੍ਹਵੇਂ ਸੰਘਰਸ਼ਾਂ ਦਾ ਨਤੀਜਾ ਸਨ ਅਤੇ ਜੋ ਕਿਰਤੀਆਂ ਨੂੰ ਸੁਰੱਖਿਆ ਤੇ ਕਾਨੂੰਨੀ ਹੱਕ ਦਿੰਦੇ ਹਨ। ਅਮਰੀਕਾ ਤੇ ਹੋਰ ਪੱਛਮੀ ਮੁਲਕਾਂ ਵਿਚ ਇਸ ਆਰਥਕ ਮਾਡਲ ਦੇ ਸਤਾਏ ਲੋਕਾਂ ਵਿਚ ਬੇਚੈਨੀ ਦੇ ਪ੍ਰਗਟਾਵੇ ਵਾਰ-ਵਾਰ ਹੋ ਰਹੇ ਹਨ। ਮਾਨਵਤਾ ਦਾ ਭਲਾ ਇਸ ਵਿਚ ਹੀ ਹੈ ਕਿ ਕੁਲ ਦੁਨੀਆ ਦੇ ਲੋਕ ਜਾਗਰੂਕ ਹੋਕੇ ਇਸ ਮਾਨਵਤਾ ਵਿਰੋਧੀ ਆਰਥਕ ਮਾਡਲ ਨੂੰ ਪੂਰੀ ਤਰ੍ਹਾਂ ਰੱਦ ਕਰਾਉਣ ਲਈ ਲੜਨ ਅਤੇ ਜਿੰਨੀ ਛੇਤੀ ਹੋ ਸਕੇ ਆਪੋ-ਆਪਣੇ ਮੁਲਕਾਂ ਦੀ ਸਰਕਾਰਾਂ ਨੂੰ ਇਹ ਕਥਿਤ ਉਦਾਰ ਆਰਥਕ ਨੀਤੀਆਂ ਰੱਦ ਕਰਾਉਣ ਲਈ ਦਬਾਅ ਪਾਉਣ।



# ਪੰਜਾਬੀਆਂ ਦਾ ਬਦਲ ਰਿਹਾ ਸਰੂਪ

ਲੇਖਕ: ਡਾ. ਸੁਖਦੇਵ ਸਿੰਘ
ਸੰਪਰਕ: 81464-84447

ਵਰਤਮਾਨ ਸਮੇਂ ਵਿਸ਼ਵੀਕਰਨ ਅਜਿਹੇ ਵਰਤਾਰੇ ਵਜੋਂ ਸਥਾਪਿਤ ਹੋ ਚੁੱਕਾ ਹੈ ਜਿਸ ਤੋਂ ਨਿਰਲੇਪ ਰਹਿ ਕੇ ਜੀਵਨ ਜਿਉਣਾ ਨਾਮੁਮਕਿਨ ਤਾਂ ਨਹੀਂ ਪਰ ਬੇਹੱਦ ਮੁਸ਼ਕਿਲ ਜ਼ਰੂਰ ਹੈ। ਵਿਸ਼ਵੀਕਰਨ ਦੇ ਵਰਤਾਰੇ ਕਰਕੇ ਵਿਸ਼ਵ ਇੱਕ ਗਲੋਬਲ ਪਿੰਡ ਵਜੋਂ ਸਥਾਪਿਤ ਹੋ ਚੁੱਕਾ ਹੈ। ਅਤਿਅੰਤ ਵਿਕਸਿਤ ਹੋ ਚੁੱਕੀ ਸੂਚਨਾ ਤਕਨਾਲੋਜੀ, ਹੱਦ ਮੁਕਤ ਵਪਾਰ ਅਤੇ ਬਹੁ-ਰਾਸ਼ਟਰੀ ਕੰਪਨੀਆਂ ਦੀ ਹੋਂਦ ਕਾਰਨ ਸੰਸਾਰ ਦੀਆਂ ਭੂਗੋਲਿਕ ਹੱਦਾਂ ਬੇਮਾਅਨੀਆਂ ਹੋ ਗਈਆਂ ਹਨ ਅਤੇ ਇਹ ਹੱਦ ਮੁਕਤ ਹੋ ਕੇ ਇੱਕ ਵਿਸ਼ਵੀ ਪਿੰਡ ਵਜੋਂ ਸਥਾਪਿਤ ਹੋ ਗਿਆ ਹੈ। ਵਿਸ਼ਵੀਕਰਨ ਦੇ ਸਿੱਟੇ ਵਜੋਂ ਇੱਕ ਅਜਿਹੇ ਮਾਇਆਵੀ ਸੰਸਾਰ ਦੀ ਸਿਰਜਣਾ ਹੋਈ ਹੈ ਜੋ ਹਕੀਕਤਾਂ ਤੋਂ ਦੂਰ ਅਜਿਹਾ ਸੁਪਨ ਸੰਸਾਰ ਸਿਰਜਦਾ ਹੈ ਜਿਸ ਵਿੱਚ ਰੰਗ-ਬਿਰੰਗੀਆਂ ਵਸਤਾਂ ਦੀ ਬਹੁਤਾਤ ਅਤੇ ਸਹੂਲਤਾਂ ਨਾਲ ਲੈਸ ਜ਼ਿੰਦਗੀ ਤਾਂ ਹੈ ਪ੍ਰੰਤੂ ਇਸ ਵਿੱਚ ਮਾਨਸਿਕ ਸਕੂਨ ਦੀ ਅਣਹੋਂਦ ਹੈ । ਪਦਾਰਥਾਂ ਨੂੰ ਇਕੱਤਰ ਕਰਨ ਦੀ ਅਮੁੱਕ ਦੌੜ ਅਤੇ ਇਕੱਠੇ ਹੋਏ ਪਦਾਰਥਾਂ ਨੂੰ ਆਪਣੇ ਕਬਜ਼ੇ ਹੇਠ ਰੱਖਣ ਦਾ ਸੰਘਰਸ਼ ਵਿਸ਼ਵੀਕਰਨ ਦੇ ਵਰਤਾਰੇ ਵਿੱਚ ਵਿਚਰ ਰਹੇ ਮਨੁੱਖ ਦੀ ਹੋਣੀ ਹੈ।

ਵਿਸ਼ਵੀਕਰਨ ਅਜੋਕੇ ਸਮੇਂ ਦਾ ਅਜਿਹਾ ਮਹੱਤਵਪੂਰਨ ਵਰਤਾਰਾ ਹੈ ਜਿਸ ਦੇ ਪ੍ਰਭਾਵ ਨੂੰ ਵਰਤਮਾਨ ਵਿੱਚ ਵਿਚਰ ਰਿਹਾ ਵਿਅਕਤੀ ਚਾਹੁੰਦੇ ਹੋਏ ਵੀ ਆਪਣੀ ਜ਼ਿੰਦਗੀ ਵਿੱਚੋਂ ਮਨਫ਼ੀ ਨਹੀਂ ਕਰ ਸਕਦਾ। ਇਸ ਵਰਤਾਰੇ ਦਾ ਮੁੱਖ ਸਰੋਕਾਰ ਭਾਵੇਂ ਆਰਥਿਕਤਾ ਨਾਲ ਹੈ ਪਰੰਤੂ ਇਸ ਨੇ ਜੀਵਨ ਦੇ ਹੋਰ ਅਹਿਮ ਪੱਖਾਂ ਨੂੰ ਵੀ ਵੱਡੀ ਪੱਧਰ 'ਤੇ ਪ੍ਰਭਾਵਿਤ ਕੀਤਾ ਹੈ। ਵਰਤਮਾਨ ਸਮੇਂ ਆਰਥਿਕਤਾ ਦਾ ਪਹਿਲੂ ਜੀਵਨ ਦੇ ਹੋਰਨਾਂ ਪੱਖਾਂ ਨੂੰ ਪ੍ਰਭਾਵਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਜਿਸ ਕਿਸਮ ਦੀ ਕਿਸੇ ਵਿਅਕਤੀ ਅਤੇ ਸਮਾਜ ਦੀ ਆਰਥਿਕਤਾ ਹੋਵੇਗੀ ਉਹੋ ਜਿਹਾ ਹੀ ਉਸ ਵਿਅਕਤੀ ਅਤੇ ਸਮਾਜ ਦਾ ਜੀਵਨ ਪੱਧਰ ਹੋਵੇਗਾ। ਵਿਸ਼ਵੀਕਰਨ ਦੇ ਸਿੱਟੇ ਵਜੋਂ ਇੱਕ ਅਜਿਹਾ ਸਭਿਆਚਾਰ ਵਿਕਸਿਤ ਹੋਇਆ ਹੈ ਜਿਸ ਨੂੰ ਉਪਭੋਗੀ ਅਥਵਾ ਖ਼ਪਤ ਸੱਭਿਆਚਾਰ ਦਾ ਨਾਂ ਦਿੱਤਾ ਜਾ ਸਕਦਾ ਹੈ। ਵਿਸ਼ਵੀਕਰਨ ਦੇ ਵਰਤਾਰੇ ਵਜੋਂ ਵਸਤਾਂ ਦੀ ਭਰਮਾਰ ਹੋ ਗਈ ਹੈ। ਮਾਨਵੀ ਸਰੋਕਾਰਾਂ ਦੀ ਅਣਹੋਂਦ ਵਿੱਚ ਨਿੱਜਵਾਦ ਮਾਨਵੀ ਸੋਚ ਉੱਪਰ ਭਾਰੂ ਹੋ ਗਿਆ ਹੈ। ਪੰਜਾਬੀ ਸਭਿਆਚਾਰ ਜਿਸ ਵਿੱਚ ਮਾਨਵੀ ਸਰੋਕਾਰਾਂ, ਨੈਤਿਕ ਕਦਰਾਂ-ਕੀਮਤਾਂ ਦਾ ਵਿਸ਼ੇਸ਼ ਸਥਾਨ ਸੀ ਨੂੰ ਵਿਸ਼ਵੀਕਰਨ ਦੇ ਸਿੱਟੇ ਵਜੋਂ ਵਿਕਸਿਤ ਹੁੰਦੇ ਉਪਭੋਗੀ ਸੱਭਿਆਚਾਰ ਨੇ ਤਕੜੀ ਢਾਹ ਲਾਈ ਹੈ। ਵਿਸ਼ਵੀਕਰਨ ਦੇ ਵਰਤਾਰੇ ਦੇ ਪ੍ਰਚੱਲਿਤ ਹੋਣ ਦੇ ਸਿੱਟੇ ਵਜੋਂ ਪੰਜਾਬੀ ਸਭਿਆਚਾਰ ਉੱਪਰ ਅਨੇਕਾਂ ਪ੍ਰਤੀਕੂਲ ਪ੍ਰਭਾਵ ਪਏ ਹਨ। ਇਹਨਾਂ ਪ੍ਰਭਾਵਾਂ ਦੇ ਨਾਲ ਪੰਜਾਬੀ ਸਭਿਆਚਾਰ ਵਿੱਚ ਰੂਪਾਂਤਰਣ ਦਾ ਅਮਲ ਬੜੀ ਤੇਜ਼ੀ ਨਾਲ ਵਾਪਰਿਆ ਹੈ। ਪੰਜਾਬੀ ਸਭਿਆਚਾਰ ਵਿੱਚ ਰੂਪਾਂਤਰਣ ਦਾ ਇਹ ਅਮਲ ਇੰਨਾ ਵਿਆਪਕ ਅਤੇ ਡੂੰਘਾ ਹੈ ਕਿ ਸਾਡੇ ਪਹਿਰਾਵੇ, ਬੋਲੀ, ਸਾਹਿਤ, ਜੀਵਨ, ਕੀਮਤਾਂ, ਵਿਹਾਰਕ ਪੈਟਰਨ ਇਥੋਂ ਤੱਕ ਕਿ ਰਿਸ਼ਤੇ ਵੀ ਬਦਲ ਗਏ ਹਨ। ਇਹਨਾਂ ਪ੍ਰਭਾਵਾਂ ਦੇ ਕਾਰਨ ਪਰੰਪਰਾਗਤ ਪੰਜਾਬੀ ਵਿਅਕਤੀ ਦੇ ਸਰੂਪ ਵਿੱਚ ਬਦਲਾਓ ਆਇਆ ਹੈ। ਨਵੇਂ ਵਿਕਸਿਤ ਹੋਏ ਉਪਭੋਗੀ ਅਤੇ ਖ਼ਪਤ ਸੱਭਿਆਚਾਰ ਦੇ ਸਿੱਟੇ ਵਜੋਂ ਪੰਜਾਬੀ ਮਨੁੱਖ ਵਿੱਚ ਆਈਆਂ ਅਨੇਕਾਂ ਤਬਦੀਲੀਆਂ ਸਾਹਮਣੇ ਆਉਂਦੀਆਂ ਹਨ।

ਵਿਸ਼ਵੀਕਰਨ ਨੇ ਪੰਜਾਬੀ ਜੀਵਨ ਨੂੰ ਗਹਿਰੇ ਰੂਪ ਵਿੱਚ ਪ੍ਰਭਾਵਿਤ ਕੀਤਾ ਹੈ। ਇਸ ਦੇ ਪੰਜਾਬੀ ਜੀਵਨ ਵਿਹਾਰ ਉੱਪਰ ਪਏ ਪ੍ਰਭਾਵ ਵਿਅਕਤੀ ਦੀ ਸੋਚ ਅਤੇ ਉਸ ਦੇ ਵਿਹਾਰ ਨੂੰ ਵੀ ਪ੍ਰਭਾਵਿਤ ਕਰਦੇ ਹਨ। ਵਿਸ਼ਵੀਕਰਨ ਦੇ ਪ੍ਰਭਾਵਾਂ ਅਧੀਨ ਪੰਜਾਬੀ ਬੰਦੇ ਦੀ ਸੋਚ ਵਿੱਚ ਵੀ ਅਹਿਮ ਤਬਦੀਲੀਆਂ ਆਈਆਂ ਹਨ ਭਾਵੇਂ ਕਿ ਦਿੱਖ ਦੀ ਪੱਧਰ 'ਤੇ ਪੰਜਾਬੀ ਬੰਦੇ ਦੀ ਸੋਚ ਵਿਸ਼ਾਲ ਅਤੇ ਅਖੌਤੀ ਵਿਕਸਿਤ ਹੋਈ ਦਿਖਾਈ ਦਿੰਦੀ ਹੈ। ਭਾਵੇਂ ਕਿ ਅਜੋਕੇ ਪੰਜਾਬੀ ਮਨੁੱਖ ਦੀ ਵਿਗਿਆਨਿਕ ਦ੍ਰਿਸ਼ਟੀ ਵਧੀ ਹੈ ਪ੍ਰੰਤੂ ਇਸ ਦੇ ਨਾਲ ਹੀ ਪਦਾਰਥਵਾਦੀ ਸੋਚ ਵੀ ਪਨਪੀ ਹੈ। ਇਸ ਦੇ ਸਿੱਟੇ ਵਜੋਂ ਮਾਨਸਿਕ ਸਕੂਨ ਖਤਮ ਹੋਇਆ ਹੈ ਅਤੇ ਮਾਨਸਿਕ ਪਰੇਸ਼ਾਨੀਆਂ ਕਾਰਨ ਦਬਾਓ ਵੀ ਵਧਿਆ ਹੈ। ਇੱਕ ਪਾਸੇ ਮਨੁੱਖ ਨੇ ਵਿਆਪਕ ਮਸ਼ੀਨੀ ਯੰਤਰ ਸਿਰਜ ਕੇ ਜੀਵਨ ਦੀ ਵਿਕਾਸ ਗਤੀ ਨੂੰ ਬਹੁਤ ਤੀਬਰ ਕੀਤਾ ਹੈ ਪ੍ਰੰਤੂ ਦੂਜੇ ਪਾਸੇ ਉਹ ਆਪ ਇਸ ਅਸਾਵੇਂ ਤੇਜ਼ ਵਿਕਾਸ ਕਾਰਨ ਖਿੰਡਦਾ ਜਾ ਰਿਹਾ ਹੈ ਅਤੇ ਨਿਰੋਲ ਪੈਸਾ ਕੇਂਦਰਿਤ ਵਿਵਸਥਾ ਸਿਰਜਦਾ ਹੋਇਆ ਵਿਅਕਤੀਵਾਦੀ ਰੁਚੀਆਂ ਦਾ ਸ਼ਿਕਾਰ ਬਣਦਾ ਜਾ ਰਿਹਾ ਹੈ। ਪ੍ਰੰਤੂ ਉਹ ਇਸ ਨੂੰ ਮਾਣ ਨਾਲ ਆਧੁਨਿਕਤਾ ਅਤੇ ਅਤਿ-ਆਧੁਨਿਕਤਾ ਦਾ ਨਾਂ ਦਿੰਦਾ ਹੈ। ਜਦੋਂ ਅਤਿ ਦੀ ਆਧੁਨਿਕਤਾ ਨੂੰ ਵਿਹਾਰ ਦੀ ਪੱਧਰ ਉੱਪਰ ਵੇਖਿਆ ਜਾਂਦਾ ਹੈ ਤਾਂ ਭੱਜ-ਦੌੜ ਭਰੀ ਜੀਵਨ ਸ਼ੈਲੀ ਅਤੇ ਇਸ ਦੇ ਕਾਰਨ ਉਪਜੀਆਂ ਬਿਮਾਰੀਆਂ, ਗਿਜ਼ਮੋ ਸਭਿਆਚਾਰ ਵਿੱਚ ਹੋਇਆ ਵਾਧਾ ਅਤੇ ਇਸ ਦੇ ਸਿੱਟੇ ਵਜੋਂ ਪ੍ਰਦੂਸ਼ਿਤ ਹੋਇਆ ਸਮਾਜਿਕ ਪ੍ਰਬੰਧ ਅਤੇ ਵਾਤਾਵਰਨ ਵਿਸ਼ਵੀਕਰਨ ਦੇ ਮਾਰੂ ਪ੍ਰਭਾਵਾਂ ਨੂੰ ਪ੍ਰਗਟਾਉਂਦਾ ਹੈ।

ਜੇਕਰ ਪੰਜਾਬੀ ਮਨੁੱਖ ਦੇ ਪਰੰਪਰਾਗਤ ਸਰੂਪ ਬਾਰੇ ਜਾਨਣਾ ਹੋਵੇ ਤਾਂ ਪੰਜਾਬੀ ਸਾਹਿਤ, ਪੰਜਾਬੀ ਲੋਕ-ਸਾਹਿਤ ਅਤੇ ਪੰਜਾਬੀ ਚੇਤਨਾ ਵਿੱਚ ਵਸੇ ਨਾਇਕਾਂ ਨੂੰ ਸਨਮੁੱਖ ਰੱਖਿਆ ਜਾ ਸਕਦਾ ਹੈ। ਪੰਜਾਬੀ ਮਨੁੱਖ ਮੱਧਕਾਲ ਦੀ ਪ੍ਰਧਾਨ ਚੇਤਨਾ-ਵਿਧੀ ਦਾ ਅਨੁਸਾਰੀ ਹੋ ਕੇ ਧਾਰਮਿਕ ਕਿਸਮ ਦਾ ਮਨੁੱਖ ਤਾਂ ਬਣਦਾ ਹੈ ਪਰ ਉਸ ਵਿੱਚ ਸੰਪਰਦਾਇਕਤਾ ਦੀ ਭਾਵਨਾ ਨਹੀਂ ਆਉਂਦੀ। ਸੂਫ਼ੀ ਕਾਵਿ ਜਿਸ ਨੇ ਪੰਜਾਬੀ ਮਾਨਸਿਕਤਾ ਉੱਪਰ ਗਹਿਰਾ ਪ੍ਰਭਾਵ ਪਾਇਆ ਦੇ ਪ੍ਰਤੀਨਿਧ ਪਾਤਰ ਸ਼ੇਖ ਫਰੀਦ ਦੀ ਪੰਜਾਬੀ ਲੋਕਾਂ ਵਿੱਚ ਲੋਕਪ੍ਰਿਅਤਾ, ਅਧਿਆਤਮਕਤਾ ਦੇ ਨਾਲ ਨਾਲ ਉਹਨਾਂ ਨੂੰ ਵਿਹਾਰਿਕ ਜੀਵਨ ਵਿੱਚ ਸਬਰ-ਸੰਤੋਖ ਦੇ ਧਾਰਨੀ ਬਣਾਉਣ ਦਾ ਕਾਰਜ ਕਰਦੀ ਹੈ। ਜਦੋਂ ਇੱਕ ਸਮੇਂ ਅਤਿ ਦੀ ਧਾਰਮਿਕਤਾ ਅਕੇਵੇਂ ਵਿੱਚ ਤਬਦੀਲ ਹੋ ਜਾਂਦੀ ਹੈ ਤਾਂ ਕਿੱਸਾ ਕਾਵਿ ਦੇ ਨਾਇਕ ਪੰਜਾਬੀ ਲੋਕਾਂ, ਖ਼ਾਸ ਕਰ ਨੌਜਵਾਨਾਂ ਦੇ ਆਦਰਸ਼ ਹੋ ਨਿੱਬੜਦੇ ਹਨ ਜੋ ਆਪਣੇ ਇਸ਼ਕ ਖ਼ਾਤਿਰ ਤਮਾਮ ਕਿਸਮ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ ਇਸ਼ਕ ਆਦਰਸ਼ ਨੂੰ ਕਾਇਮ ਰੱਖਣ ਹਿਤ ਆਪਣੇ ਜੀਵਨ ਨੂੰ ਕੁਰਬਾਨ ਤੱਕ ਕਰ ਦਿੰਦੇ ਹਨ। ਇਸ ਦੇ ਨਾਲ ਹੀ ਕਿੱਸਾ ਕਾਵਿ ਵਿੱਚ ਪ੍ਰਸਤੁਤ ਹੁੰਦੇ ਸੂਰਮੇ ਅਤੇ ਡਾਕੂ ਜੋ ਭਾਵੇਂ ਹਕੂਮਤਾਂ ਦੀ ਨਜ਼ਰ ਵਿੱਚ ਬਾਗੀ ਅਤੇ ਦੇਸ਼ਧ੍ਰੋਹੀ ਸਨ ਪਰ ਸਥਾਪਿਤ ਰਾਜਨੀਤਕ ਵਿਵਸਥਾ ਤੋਂ ਨਾਬਰੀ ਦੇ ਕਾਰਨ ਅਤੇ ਮਾਨਵੀ ਸਰੋਕਾਰਾਂ ਪ੍ਰਤੀ ਆਪਣੀ ਪਹੁੰਚ ਕਾਰਨ ਉਹ ਜਨਮਾਨਸ ਦੇ ਨਾਇਕਾਂ ਵਜੋਂ ਉਭਰਦੇ ਹਨ। ਇਹਨਾਂ ਨਾਇਕਾਂ ਦੁਆਰਾ ਸਥਾਪਿਤ ਕੀਤੇ ਆਦਰਸ਼ ਪੰਜਾਬੀ ਬੰਦੇ ਲਈ ਖਿੱਚ ਦਾ ਕਾਰਨ ਬਣਦੇ ਹਨ ਅਤੇ ਉਹ ਆਪਣੀ ਜ਼ਿੰਦਗੀ ਵਿੱਚ ਉਹਨਾਂ ਨੂੰ ਆਤਮਸਾਤ ਕਰਨਾ ਚਾਹੁੰਦਾ ਹੈ। ਇਸ ਦੇ ਨਾਲ ਹੀ ਦੇਸ਼ ਭਗਤੀ ਦਾ ਜਜ਼ਬਾ ਵੀ ਪੰਜਾਬੀ ਮਾਨਸਿਕਤਾ ਦਾ ਇੱਕ ਅਨਿੱਖੜਵਾਂ ਅੰਗ ਰਿਹਾ ਹੈ। ਪੰਜਾਬ ਦੇ ਇੱਕ ਸਰਹੱਦੀ ਪ੍ਰਾਂਤ ਹੋਣ ਕਾਰਨ ਇਸ ਨੂੰ ਭਾਰਤ ਦਾ ਪ੍ਰਵੇਸ਼ ਦੁਆਰ ਮੰਨਿਆ ਜਾਂਦਾ ਰਿਹਾ ਹੈ। ਜਦੋਂ ਵੀ ਕੋਈ ਹਮਲਾਵਰ ਭਾਰਤ ਉੱਪਰ ਹਮਲਾ ਕਰਦਾ ਤਾਂ ਪੰਜਾਬ ਦੇ ਲੋਕਾਂ ਨੂੰ ਉਸ ਨਾਲ ਟੱਕਰ ਲੈਣੀ ਹੀ ਪੈਂਦੀ ਸੀ। ਆਪਣੀ ਧਰਤੀ ਨੂੰ ਹਮਲਾਵਰਾਂ ਦੇ ਹੱਲੇ ਤੋਂ ਵਾਰ-ਵਾਰ ਬਚਾਉਣ ਦੇ ਸੰਘਰਸ਼ ਕਾਰਨ ਪੰਜਾਬੀ ਲੋਕਾਂ ਵਿੱਚ ਦੇਸ਼-ਭਗਤੀ ਦਾ ਜਜ਼ਬਾ ਬੇਹੱਦ ਮਜ਼ਬੂਤੀ ਨਾਲ ਭਰਿਆ ਹੋਇਆ ਹੈ। ਸੁਤੰਤਰਤਾ ਸੰਗਰਾਮ ਸਮੇਂ ਪੰਜਾਬੀ ਦੇਸ਼ ਭਗਤ ਸ਼ਹੀਦਾਂ ਦੀ ਪਹਿਲੀ ਕਤਾਰ ਵਿੱਚ ਆਉਂਦੇ ਹਨ। ਪੰਜਾਬੀ ਲੋਕਾਂ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਭਗਤ ਸਿੰਘ ਵਰਗੇ ਦੇਸ਼ ਭਗਤ ਯੋਧੇ ਪੂਜਣਯੋਗ ਦਰਜਾ ਰੱਖਦੇ ਹਨ। ਇਸ ਸਭ ਦੇ ਸਮਾਨਾਂਤਰ ਪੰਜਾਬੀ ਲੋਕਧਾਰਾ ਵਿੱਚ ਪੇਸ਼ ਨਾਇਕ, ਜੋ ਸਦਾਚਾਰਕ ਗੁਣਾਂ ਦਾ ਧਾਰਨੀ ਹੋਣ ਦੇ ਨਾਲ ਨਾਲ ਇੱਕ ਹਿੰਮਤੀ, ਸੁਲਝੇ ਅਤੇ ਸਿਆਣਪ ਭਰਪੂਰ ਨਾਇਕ ਵਜੋਂ ਪੇਸ਼ ਹੁੰਦਾ ਹੈ, ਵੀ ਪੰਜਾਬੀ ਬੰਦੇ ਦੇ ਸੁਭਾਅ ਅਤੇ ਸ਼ਖ਼ਸੀਅਤ ਨੂੰ ਗਹਿਰੇ ਰੂਪ ਵਿੱਚ ਪ੍ਰਭਾਵਿਤ ਕਰਦਾ ਹੈ। ਇਹਨਾਂ ਸਾਰੇ ਤੱਤਾਂ ਦੇ ਸਮਾਵੇਸ਼ ਵਜੋਂ ਪਰੰਪਰਾਗਤ ਪੰਜਾਬੀ ਵਿਅਕਤੀ ਦਾ ਸਰੂਪ ਦ੍ਰਿਸ਼ਟਮਾਨ ਹੁੰਦਾ ਹੈ। ਪਰੰਪਰਾਗਤ ਪੰਜਾਬੀ ਮਨੁੱਖ ਦਾ ਇਹ ਸਰੂਪ ਸਦੀਆਂ ਤੋਂ ਸਮਾਜਿਕ, ਸਭਿਆਚਾਰਕ, ਧਾਰਮਿਕ, ਰਾਜਨੀਤਕ, ਸਾਹਿਤਕ ਤਬਦੀਲੀਆਂ ਕਾਰਨ ਵਾਪਰਦੇ ਪਰਿਵਰਤਨਾਂ ਨਾਲ ਪਰਿਵਰਤਿਤ ਹੁੰਦਾ ਆਇਆ ਹੈ।

ਜਦੋਂ ਵਿਸ਼ਵੀਕਰਨ ਦੇ ਵਰਤਾਰੇ ਦੇ ਪ੍ਰਭਾਵ ਅਧੀਨ ਵਰਤਮਾਨ ਸਥਿਤੀਆਂ ਵਿੱਚ ਪੰਜਾਬੀ ਬੰਦੇ ਦਾ ਸਰੂਪ ਦੇਖਿਆ ਜਾਂਦਾ ਹੈ ਤਾਂ ਇਹ ਪਰੰਪਰਾਗਤ ਪੰਜਾਬੀ ਵਿਅਕਤੀ ਦੇ ਸਰੂਪ ਨਾਲੋਂ ਬਦਲੇ ਹੋਏ ਰੂਪ ਵਿੱਚ ਪੇਸ਼ ਹੁੰਦਾ ਹੈ। ਸਬਰ-ਸੰਤੋਖ ਅਤੇ ਮਾਨਵੀ ਸਰੋਕਾਰਾਂ ਨਾਲ ਭਰਪੂਰ ਪੰਜਾਬੀ ਸਭਿਆਚਾਰ ਵਿਸ਼ਵੀਕਰਨ ਦੇ ਸਿੱਟੇ ਵਜੋਂ ਵਿਕਸਿਤ ਹੋਏ ਪਦਾਰਥਵਾਦੀ, ਭੌਤਿਕਵਾਦੀ ਨਿੱਜਵਾਦੀ ਅਤੇ ਮਾਨਵੀ ਸਰੋਕਾਰਾਂ ਤੋਂ ਵਿਹੂਣੇ ਖ਼ਪਤ ਸਭਿਆਚਾਰ ਦੀਆਂ ਜ਼ਰਬਾਂ ਸਹਿੰਦਾ ਹੈ। ਇਸ ਦੇ ਸਿੱਟੇ ਵਜੋਂ ਪੰਜਾਬੀ ਬੰਦੇ ਵਿੱਚ ਵੀ ਅਨੇਕਾਂ ਤਬਦੀਲੀਆਂ ਆਉਂਦੀਆਂ ਹਨ ਅਤੇ ਇਹ ਆਪਣੇ ਪਰੰਪਰਾਗਤ ਸਰੂਪ ਨਾਲੋਂ ਵੱਖਰਾ ਪ੍ਰਤੀਤ ਹੁੰਦਾ ਹੈ। ਭਾਵੇਂ ਕਿ ਪਰੰਪਰਾਗਤ ਪੰਜਾਬੀ ਬੰਦੇ ਵਾਲੇ ਕਈ ਲੱਛਣ ਵਿਸ਼ਵੀਕਰਨ ਦੇ ਸਿੱਟੇ ਵਜੋਂ ਵਿਕਸਿਤ ਹੋਏ ਉਪਭੋਗੀ ਸਭਿਆਚਾਰ ਵਿੱਚ ਵਿਚਰਦੇ ਪੰਜਾਬੀ ਬੰਦੇ ਵਿੱਚੋਂ ਮਿਲ ਜਾਂਦੇ ਹਨ। ਪ੍ਰੰਤੂ ਇਹਨਾਂ ਵਿੱਚ ਹਕੀਕਤ ਨਾਲੋਂ ਬਨਾਵਟੀਪਨ ਦੀ ਪ੍ਰਵਿਰਤੀ ਵਧੇਰੇ ਕਾਰਜਸ਼ੀਲ ਹੈ। ਵਿਸ਼ਵੀਕਰਨ ਵਿੱਚ ਕਿਸੇ ਵੀ ਤਬਦੀਲੀ ਨੂੰ ਲਿਆਉਣ ਹਿੱਤ ਜਾਂ ਕੋਈ ਬਿੰਬ ਸਿਰਜਣ ਹਿੱਤ ਮੀਡੀਆ ਨੂੰ ਪ੍ਰਮੁੱਖ ਤੌਰ 'ਤੇ ਵਰਤਿਆ ਜਾਂਦਾ ਹੈ। ਨਵ-ਪੂੰਜੀਵਾਦੀ ਸ਼ਕਤੀਆਂ ਦਾ ਹਥਿਆਰ ਮੀਡੀਆ ਵੀ ਪੰਜਾਬੀ ਵਿਅਕਤੀ ਦਾ ਅਜਿਹਾ ਨਕਾਰਾਤਮਕ ਬਿੰਬ ਸਿਰਜਦਾ ਹੈ ਜੋ ਪਰੰਪਰਾਗਤ ਪੰਜਾਬੀ ਮਨੁੱਖ ਤੋਂ ਬਿਲਕੁਲ ਉਲਟ ਹੈ। ਪੰਜਾਬੀ ਬੰਦੇ ਦਾ ਮੀਡੀਆ ਬਿੰਬ ਬੌਧਿਕ ਤੌਰ ਤੇ ਅਵਿਕਸਤ ਅਤੇ ਹੱਸਣ, ਨੱਚਣ ਵਾਲੇ ਜੋਕਰਨੁਮਾ ਵਿਅਕਤੀ ਦਾ ਹੈ ਜੋ ਨਾ ਕਦੇ ਚਿੰਤਤ ਹੁੰਦਾ ਹੈ ਅਤੇ ਨਾ ਹੀ ਕਦੇ ਚਿੰਤਨ ਕਰਦਾ ਹੈ। ਪੰਜਾਬੀ ਬੰਦੇ ਦਾ ਅਜਿਹਾ ਅਕਸ ਭਾਵੇਂ ਕਿਸੇ ਸੋਚੀ ਸਮਝੀ ਸਾਜਿਸ਼ ਅਧੀਨ ਬਣਾਇਆ ਜਾ ਰਿਹਾ ਹੈ ਅਤੇ ਇਸ ਨੂੰ ਸਮੂਹ ਪੰਜਾਬੀਆਂ ਉੱਪਰ ਲਾਗੂ ਨਹੀਂ ਕੀਤਾ ਜਾ ਸਕਦਾ ਪ੍ਰੰਤੂ ਫਿਰ ਵੀ ਵਰਤਮਾਨ ਸਮੇਂ ਬਹੁਗਿਣਤੀ ਪੰਜਾਬੀਆਂ ਦੇ ਵਿਹਾਰ ਵਿੱਚੋਂ ਇਸ ਦੀ ਝਲਕ ਵੇਖੀ ਜਾ ਸਕਦੀ ਹੈ।

ਪੰਜਾਬੀ ਸਭਿਆਚਾਰ ਉੱਪਰ ਗੁਰਬਾਣੀ ਅਥਵਾ ਗੁਰਮਤਿ ਚਿੰਤਨ ਦਾ ਖਾਸਾ ਪ੍ਰਭਾਵ ਰਿਹਾ ਹੈ। ਗੁਰਮਤ ਚਿੰਤਨ ਕੇਵਲ ਇੱਕ ਆਦਰਸ਼ਕ ਵਿਚਾਰਧਾਰਾ ਹੀ ਨਹੀਂ ਸਗੋਂ ਇੱਕ ਵਿਹਾਰਕ ਫ਼ਲਸਫਾ ਵੀ ਹੈ ਜਿਸ ਨੂੰ ਆਪਣੇ ਜੀਵਨ ਢੰਗ ਉੱਪਰ ਲਾਗੂ ਕੀਤਾ ਜਾ ਸਕਦਾ ਹੈ। ਗੁਰਬਾਣੀ ਵਿੱਚ ਇੱਕ ਆਦਰਸ਼ਕ ਮਨੁੱਖ ਲਈ ਗੁਰਮੁਖ ਦਾ ਸੰਕਲਪ ਪੇਸ਼ ਕੀਤਾ ਗਿਆ ਹੈ। ਗੁਰਮੁਖ ਬੁਰਾਈ ਤੋਂ ਰਹਿਤ ਅਜਿਹੇ ਆਦਰਸ਼ਕ ਗੁਣਾਂ ਦਾ ਧਾਰਨੀ ਵਿਅਕਤੀ ਹੈ ਜੋ ਚੰਗੇ ਗੁਣਾਂ ਨੂੰ ਆਪਣੀ ਜੀਵਨ-ਸ਼ੈਲੀ ਦਾ ਅੰਗ ਬਣਾਉਂਦਾ ਹੈ। ਅਜਿਹੇ ਗੁਣਾਂ ਦੇ ਧਾਰਨੀ ਗੁਰਮੁਖ ਵਿਅਕਤੀ ਜਦੋਂ ਸਮੂਹਿਕ ਰੂਪ ਵਿੱਚ ਇਕੱਠੇ ਹੋ ਜਾਂਦੇ ਹਨ ਤਾਂ ਅਜਿਹੇ ਸਮਾਜ ਦਾ ਨਿਰਮਾਣ ਹੁੰਦਾ ਹੈ ਜੋ ਗੁਰਬਾਣੀ ਅਨੁਸਾਰ 'ਬੇਗਮਪੁਰਾ' ਹੁੰਦਾ ਹੈ, ਕਿਉਂਕਿ ਗੁਰਮਤਿ ਚਿੰਤਨ ਦੀ ਕਰਮਭੂਮੀ ਦਾ ਖੇਤਰ ਵਧੇਰੇ ਪੰਜਾਬ ਕੇਂਦਰਿਤ ਹੀ ਰਿਹਾ ਹੈ, ਇਸ ਲਈ ਇਥੋਂ ਦੇ ਵਸਨੀਕਾਂ ਉੱਪਰ ਇਸ ਦਾ ਕਾਫੀ ਪ੍ਰਭਾਵ ਰਿਹਾ ਹੈ। ਪਰੰਪਰਾਗਤ ਪੰਜਾਬੀ ਵਿਅਕਤੀ ਵਿੱਚ ਬਹੁਤ ਸਾਰੇ ਅਜਿਹੇ ਗੁਣ ਹਨ ਜੋ ਗੁਰਮਤਿ ਚਿੰਤਨ ਦੇ ਪਏ ਪ੍ਰਭਾਵਾਂ ਦੀ ਦੇਣ ਹਨ। ਪੰਜਾਬੀ ਬੰਦੇ ਕੋਲੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਗੁਰਮੁਖ ਵਿਅਕਤੀ ਦੇ ਸਾਰੇ ਗੁਣਾਂ ਨੂੰ ਧਾਰਨ ਕਰੇ ਪ੍ਰੰਤੂ ਅਜੋਕੇ ਦੌਰ ਵਿੱਚ ਜਦੋਂ ਵਿਸ਼ਵੀਕਰਨ ਦਾ ਵਰਤਾਰਾ ਤੀਬਰ ਗਤੀ ਨਾਲ ਪੰਜਾਬੀ ਮਨੁੱਖ ਦੀ ਸਮੁੱਚੀ ਸ਼ਖ਼ਸੀਅਤ ਨੂੰ ਪ੍ਰਭਾਵਿਤ ਕਰ ਰਿਹਾ ਹੈ ਤਾਂ ਅਜਿਹੇ ਵਿੱਚ ਗੁਰਮਤਿ ਚਿੰਤਨ ਵਾਲੀ ਅਮੀਰ ਪਰੰਪਰਾ ਨੂੰ ਵਿਸਾਰ ਕੇ ਉਸ ਵਿੱਚ ਸਿਰਜੇ ਆਦਰਸ਼ਕ ਗੁਰਮੁਖ ਮਨੁੱਖ ਅਤੇ ਉਸਦੀ ਗੁਰਮਤਿ ਦੀ ਧਾਰਨੀ ਆਦਰਸ਼ਕ ਜੀਵਨ-ਸ਼ੈਲੀ ਨੂੰ ਛੱਡ ਕੇ ਪੰਜਾਬੀ ਮਨੁੱਖ ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਸਿਰਜੀ ਗਈ ਪੱਛਮੀ ਪ੍ਰਭਾਵਾਂ ਵਾਲੀ ਜੀਵਨ-ਸ਼ੈਲੀ ਦਾ ਧਾਰਨੀ ਬਣ ਰਿਹਾ ਹੈ। ਵਰਤਮਾਨ ਸਮੇਂ ਪੰਜਾਬੀ ਬੰਦੇ ਵਿੱਚ ਉੱਚ ਦਰਜੇ ਦੀ ਸਰਬੱਤ ਦਾ ਭਲਾ ਮੰਗਣ ਵਾਲੀ ਸੋਚ ਨਿੱਜਵਾਦ ਵਿੱਚ ਤਬਦੀਲ ਹੋ ਗਈ ਹੈ। ਉਸ ਵਿਚਲੀ ਸਬਰ, ਸੰਤੋਖ ਦੀ ਪ੍ਰਵਿਰਤੀ ਪਦਾਰਥਕ ਵਸਤਾਂ ਦੀ ਅੰਨ੍ਹੀ ਅਤੇ ਅਮੁੱਕ ਦੌੜ ਵਿੱਚ ਪਰਿਵਰਤਿਤ ਹੋ ਗਈ ਹੈ। ਇਸ ਸਮੁੱਚੀ ਤਬਦੀਲੀ ਦਾ ਸਿੱਟਾ ਇਹ ਨਿਕਲਿਆ ਹੈ ਕਿ ਪਰੰਪਰਾਗਤ ਪੰਜਾਬੀ ਮਨੁੱਖ ਇਕ ਉੱਤਰ- ਆਧੁਨਿਕਤਾਵਾਦੀ ਬੰਦੇ ਵਿੱਚ ਬਦਲ ਗਿਆ ਹੈ। ਭਾਵੇਂ ਕਿ ਤਬਦੀਲੀ ਕੁਦਰਤ ਦਾ ਨਿਯਮ ਹੈ ਅਤੇ ਸਮੇਂ ਨਾਲ ਇਸ ਵਰਤਾਰੇ ਨੇ ਵਾਪਰਨਾ ਹੀ ਹੈ ਪ੍ਰੰਤੂ ਜੇਕਰ ਇਸ ਤਬਦੀਲੀ ਦੀ ਦਿਸ਼ਾ ਸਕਾਰਾਤਮਕ ਦੀ ਜਗ੍ਹਾ ਨਕਾਰਾਤਮਕ ਪ੍ਰਵਿਰਤੀਆਂ ਵੱਲ ਜਾਂਦੀ ਹੋਵੇ ਤਾਂ ਅਜਿਹੇ ਪਰਿਵਰਤਨਾਂ ਨੂੰ ਸਵੀਕਾਰ ਕਰਨ ਉੱਪਰ ਪ੍ਰਸ਼ਨ-ਚਿੰਨ੍ਹ ਲੱਗਣੇ ਸੁਭਾਵਿਕ ਹਨ। ਪ੍ਰੰਤੂ ਵਿਸ਼ਵੀਕਰਨ ਦਾ ਵਰਤਾਰਾ ਆਪਣੇ ਸਾਰੇ ਸਾਧਨਾਂ ਅਤੇ ਵਿਸ਼ੇਸ਼ ਤੌਰ 'ਤੇ ਮੀਡੀਆ ਰਾਹੀਂ ਅਜਿਹਾ ਭਰਮਜਾਲ ਸਿਰਜਦਾ ਹੈ ਕਿ ਪਰੰਪਰਾਗਤ ਪੰਜਾਬੀ ਬੰਦੇ ਨੂੰ ਆਪਣੀ ਅਮੀਰ ਅਤੇ ਸਕਾਰਾਤਮਕ ਗੁਣਾਂ ਨਾਲ ਭਰਪੂਰ ਪਰੰਪਰਾ ਨੂੰ ਛੱਡਣ ਲੱਗਿਆਂ ਅਤੇ ਇਸ ਦੀ ਜਗ੍ਹਾ ਨਕਾਰਾਤਮਕ ਭਾਂਤ ਦੇ ਨਵੇਂ ਰੁਝਾਨਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣ ਲੱਗਿਆਂ ਕੋਈ ਅਹਿਸਾਸ ਨਹੀਂ ਹੁੰਦਾ। ਇਸ ਦੇ ਫ਼ਲਸਰੂਪ ਉਹ ਵਿਸ਼ਵੀਕਰਨ ਦੁਆਰਾ ਸਿਰਜੇ ਭਰਮਜਾਲ ਵਿੱਚ ਲਗਾਤਾਰ ਫਸਦਾ ਚਲਿਆ ਜਾਂਦਾ ਹੈ।

ਪੰਜਾਬੀ ਬੰਦੇ ਦੀਆਂ ਵਿਸ਼ੇਸ਼ਤਾਵਾਂ ਵਿੱਚ ਉਸ ਦਾ ਹਿੰਮਤੀ ਹੋਣਾ, ਹਰੇਕ ਮੁਸ਼ਕਲ ਉੱਪਰ ਕਾਬੂ ਪਾਉਣ ਦੀ ਸਮਰੱਥਾ ਰੱਖਣਾ, ਸਿਆਣਪ ਅਤੇ ਪ੍ਰਤੀਕੂਲ ਸਥਿਤੀਆਂ ਨੂੰ ਆਪਣੇ ਅਨੁਕੂਲ ਢਾਲਣ ਦੀ ਯੋਗਤਾ ਅਤੇ ਸਕਾਰਾਤਮਕ ਨਜ਼ਰੀਆ ਰੱਖਣਾ ਸ਼ਾਮਿਲ ਹੈ। ਪੰਜਾਬੀ ਲੋਕਧਾਰਾ ਅਤੇ ਇਸ ਦੇ ਤਹਿਤ ਆਉਂਦੇ ਲੋਕ ਸਾਹਿਤ ਵਿੱਚ ਪ੍ਰਸਤੁਤ ਹੁੰਦੇ ਨਾਇਕਾਂ ਵਿੱਚੋਂ ਇਹ ਗੁਣ ਆਸਾਨੀ ਨਾਲ ਮਿਲ ਜਾਂਦੇ ਹਨ । ਜਦੋਂ ਬਚਪਨ ਵਿੱਚ ਇੱਕ ਪੰਜਾਬੀ ਬੱਚਾ ਇਹ ਲੋਕ-ਕਹਾਣੀਆਂ, ਲੋਕ-ਕਾਵਿ ਆਦਿ ਸੁਣਦਾ ਸੀ ਤਾਂ ਉਸ ਦੀ ਸ਼ਖ਼ਸੀਅਤ ਵਿੱਚ ਇਹ ਗੁਣ ਸਹਿਜ, ਸੁਭਾਵਿਕ ਪ੍ਰਵੇਸ਼ ਕਰ ਜਾਂਦੇ ਸਨ। ਇਸ ਦੇ ਸਿੱਟੇ ਵਜੋਂ ਸਿਰਜਿਤ ਹੁੰਦਾ ਪੰਜਾਬੀ ਮਨੁੱਖ ਉਪਰੋਕਤ ਸਦਗੁਣਾਂ ਦਾ ਧਾਰਨੀ ਬਣਦਾ ਸੀ। ਪ੍ਰੰਤੂ ਵਿਸ਼ਵੀਕਰਨ ਦੇ ਸਿੱਟੇ ਵਜੋਂ ਬਦਲੇ ਹਾਲਾਤ ਅਤੇ ਬੱਚਿਆਂ ਦੇ ਪਾਲਣ-ਪੋਸ਼ਣ ਦੇ ਬਦਲੇ ਢੰਗ-ਤਰੀਕਿਆਂ ਕਾਰਨ ਵਿਸ਼ਵੀਕਰਨ ਦੇ ਯੁੱਗ ਵਿੱਚ ਵਿਚਰਦੇ ਪੰਜਾਬੀ ਬੰਦੇ ਵਿੱਚੋਂ ਇਹਨਾਂ ਗੁਣਾਂ ਦੀ ਆਸ ਰੱਖਣੀ ਗ਼ੈਰ-ਯਥਾਰਥਕ ਲੱਗਦੀ ਹੈ।

ਵਰਤਮਾਨ ਸਮੇਂ ਪੰਜਾਬੀ ਨੌਜਵਾਨਾਂ ਵਿੱਚ ਵਿਦੇਸ਼

ਲੇਖਕ : ਸਵਰਾਜਬੀਰ

# ਲੇਖਕਾਂ ਦੇ ਦਰ 'ਤੇ ਸੱਤਾ ਦੀ ਦਸਤਕ



ਮੋਹਨ ਰਾਕੇਸ਼ ਦੇ ਨਾਟਕ 'ਆਸ਼ਾੜ ਕਾ ਏਕ ਦਿਨ' ਵਿੱਚ ਮਹਾਕਵੀ ਕਾਲੀਦਾਸ ਸੱਤਾ ਦੀ ਬੁੱਕਲ ਵਿੱਚ ਸਮਾ ਜਾਂਦਾ ਹੈ। ਸੱਤਾ ਦਾ ਆਪਣਾ ਜਲੌਅ ਹੁੰਦਾ ਹੈ। ਇੱਕ ਦਿਨ ਰਾਜਧਾਨੀ ਉਜੈਨ ਤੋਂ ਰਾਜ ਦਰਬਾਰ ਤੋਂ ਸਰਪ੍ਰਸਤੀ ਪਾਉਣ ਵਾਲੇ ਕਲਾਕਾਰ, ਵਿਦਵਾਨ, ਰਾਜ-ਕਰਮੀ, ਸਭ ਕਾਲੀਦਾਸ ਦੇ ਪਿੰਡ, ਉੱਥੋਂ ਦੀਆਂ ਵਸਤਾਂ, ਸੱਭਿਆਚਾਰ, ਮਨੁੱਖੀ ਰਿਸ਼ਤਿਆਂ, ਕੁਦਰਤੀ ਸੁੰਦਰਤਾ, ਸਭ ਦਾ ਅਧਿਐਨ ਕਰਨ ਆਉਂਦੇ ਹਨ, ਉਸ ਸਮੇਂ ਕਾਲੀਦਾਸ ਦੀ ਪ੍ਰੇਮਿਕਾ ਮਲਿਕਾ ਦੀ ਮਾਂ ਅੰਬਿਕਾ ਸੱਤਾ ਦੇ ਦੰਭ ਨੂੰ ਪਛਾਣਨ ਤੇ ਉਸ ਵਿਰੁੱਧ ਆਵਾਜ਼ ਉਠਾਉਣ ਵਾਲੇ ਕਿਰਦਾਰ ਵਜੋਂ ਉੱਭਰਦੀ ਹੈ; ਉਹ ਬਾਹਰ ਜਾ ਕੇ ਰਾਜ-ਕਰਮੀਆਂ ਨੂੰ ਖ਼ਰੀਆਂ-ਖ਼ਰੀਆਂ ਸੁਣਾਉਣਾ ਚਾਹੁੰਦੀ ਹੈ; ਉਸ ਪਲ ਵਿਲੋਮ, ਉਹ ਕਿਰਦਾਰ, ਜਿਸ ਨੂੰ ਮੋਹਨ ਰਾਕੇਸ਼ ਨੇ ਕਾਲੀਦਾਸ ਦੇ ਪ੍ਰਤਿਰੂਪ (ਗੂੜ੍ਹਾ ਮਿੱਤਰ ਤੇ ਕਾਲੀਦਾਸ ਦੇ ਮਨ ਵਿਚਲੇ ਹਨੇਰਿਆਂ ਨੂੰ ਜ਼ੁਬਾਨ ਦੇਣ ਵਾਲਾ) ਵਜੋਂ ਸਿਰਜਿਆ ਹੈ, ਕਹਿੰਦਾ ਹੈ, ''ਬੈਠ ਜਾਓ ਅੰਬਿਕਾ! ਅੱਜ ਪਿੰਡ ਕੋਲ ਤੇਰੀ ਗੱਲ ਸੁਣਨ ਦਾ ਵੀ ਸਮਾਂ ਨਹੀਂ ਐ।''

ਹਾਂ, ਪਿੰਡ ਕੋਲ ਸੱਤਾ ਦੇ ਜਲੌਅ-ਮਈ ਦੰਭ ਵਿਰੁੱਧ ਗੱਲ ਸੁਣਨ ਦਾ ਸਮਾਂ ਨਹੀਂ ਹੈ। ਸੱਤਾ ਕੋਲ ਵੀ ਲੋਕਾਂ ਲਈ ਸਮਾਂ ਬਹੁਤ ਘੱਟ ਹੁੰਦਾ ਹੈ। ਸੱਤਾ ਨੇ ਮਹਾਕਵੀ ਕਾਲੀਦਾਸ ਨੂੰ ਤਾਂ ਆਪਣੀ ਬੁੱਕਲ ਵਿੱਚ ਸਮੇਟ ਲਿਆ ਹੈ; ਹੁਣ ਸੱਤਾ ਉਸ ਦੀ ਰਹਿਤਲ, ਵਸੇਬ, ਰਿਸ਼ਤਿਆਂ ਸਭ 'ਤੇ ਕਬਜ਼ਾ ਕਰਨਾ ਲੋਚਦੀ ਹੈ। ਨਾਟਕ ਵਿੱਚ ਵਰ੍ਹਿਆਂ ਬਾਅਦ ਕਾਲੀਦਾਸ ਆਪਣੇ ਪਿੰਡ ਵਾਪਸ ਆਉਂਦਾ ਹੈ ਤੇ ਮਹਿਸੂਸ ਕਰਦਾ ਹੈ ਕਿ ਉਸ ਨੇ ਆਪਣੀ ਰਹਿਤਲ ਨੂੰ ਤਿਆਗ ਕੇ ਕੀ ਗਵਾਇਆ, ਕੀ ਖੋਇਆ।

ਸਦੀਆਂ ਤੋਂ ਕਲਾਕਾਰ, ਸੰਗੀਤਕਾਰ, ਕਵੀ, ਵਿਦਵਾਨ, ਲੇਖਕ, ਸ਼ਿਲਪੀ, ਸਭ ਇਸ ਦਵੰਧ ਦਾ ਸਾਹਮਣਾ ਕਰਦੇ ਆਏ ਹਨ ਕਿ ਕਿਵੇਂ ਸੱਤਾ ਤੇ ਸਥਾਪਤੀ ਤੋਂ ਪਛਾਣ ਹਾਸਿਲ ਕਰਨ ਦੇ ਨਾਲ ਨਾਲ ਆਪਣੀ ਗੱਲ ਕਹਿ ਸਕਣ ਦੀ ਖ਼ੁਦਮੁਖ਼ਤਿਆਰੀ ਕਾਇਮ ਰੱਖੀ ਜਾਵੇ। ਕਾਲੀਦਾਸ ਤੋਂ ਲੈ ਕੇ ਮੋਜ਼ਾਰਟ, ਗ਼ਾਲਿਬ ਤੇ ਹੋਰ ਅਨੇਕ ਕਲਾਕਾਰਾਂ ਤੇ ਲੇਖਕਾਂ ਦੇ ਨਾਂ ਮਨ 'ਚ ਉੱਭਰਦੇ ਹਨ। ਉਨ੍ਹਾਂ ਦੇ ਮਨਾਂ ਵਿੱਚ ਸੱਤਾ ਦੁਆਰਾ ਪਛਾਣੇ ਜਾਣ ਦੀ ਲੋਚਾ ਤੇ ਕਲਾਕਾਰਾਂ ਦੀ ਆਜ਼ਾਦੀ ਵਿਚਲੇ ਦਵੰਧ 'ਚੋਂ ਉੱਭਰੀ ਪੀੜ ਤੇ ਦੁਖਾਂਤ ਦੀਆਂ ਆਪਣੀਆਂ ਕਹਾਣੀਆਂ ਹਨ। ਵੱਖ-ਵੱਖ ਸਮਿਆਂ ਵਿੱਚ ਕਲਾਕਾਰ ਤੇ ਚਿੰਤਕ ਆਪਣੇ ਸਮੇਂ ਦੀਆਂ ਸੱਤਾਸ਼ੀਲ ਸ਼ਕਤੀਆਂ ਤੇ ਵਿਚਾਰਾਂ ਨਾਲ ਅਸਹਿਮਤ ਵੀ ਹੁੰਦੇ ਰਹੇ, ਅਸਹਿਮਤੀ ਦੀਆਂ ਆਵਾਜ਼ਾਂ ਬਣ ਕੇ ਉੱਭਰੇ ਤੇ ਆਵਾਜ਼ ਉਠਾਉਣ ਦੀ ਕੀਮਤ ਵੀ ਚੁਕਾਈ। ਸੁਕਰਾਤ ਤੋਂ ਲੈ ਕੇ ਮਨਸੂਰ ਤੇ ਬਰੂਨੋ ਤੱਕ ਅਨੇਕ ਚਿੰਤਕਾਂ, ਵਿਗਿਆਨੀਆਂ, ਵਿਦਵਾਨਾਂ ਤੇ ਕਲਾਕਾਰਾਂ ਦੇ ਨਾਂ ਇਤਿਹਾਸ ਦੇ ਪੱਤਰਿਆਂ 'ਤੇ ਦਰਜ ਹਨ। ਉਨ੍ਹਾਂ ਨੇ ਆਪਣੇ ਵਿਚਾਰਾਂ ਦੀ ਆਜ਼ਾਦੀ ਦੀ ਕੀਮਤ ਆਪਣੀ ਜਾਨ ਦੇ ਕੇ ਅਦਾ ਕੀਤੀ। ਮਹਾਰਾਸ਼ਟਰ ਵਿੱਚ ਤੇਰ੍ਹਵੀਂ ਸਦੀ ਵਿੱਚ ਭਗਤੀ ਲਹਿਰ ਦੀ ਮਹਾਅਨੁਭਵ ਪਰੰਪਰਾ (ਵੈਸ਼ਨਵ ਪੰਥ ਦੀ ਇੱਕ ਸ਼ਾਖ) ਦੇ ਸਵਾਮੀ ਚੱਕਰਧਰ ਨੂੰ ਇਸ ਲਈ ਕਤਲ ਕਰ ਦਿੱਤਾ ਗਿਆ ਕਿ ਉਹ ਦਲਿਤਾਂ ਤੇ ਔਰਤਾਂ ਨੂੰ ਸੰਨਿਆਸੀ ਬਣਨ ਦੇ ਹੱਕ ਦੇ ਰਿਹਾ ਸੀ। ਕਿਤਾਬਾਂ ਤੇ ਵਿਚਾਰਾਂ 'ਤੇ ਬੰਦਿਸ਼ਾਂ ਲਾਉਣ ਦੀ ਕਹਾਣੀ ਵੀ ਬਹੁਤ ਲੰਮੀ ਹੈ। ਲਗਭਗ 2800-2900 ਸਾਲ ਪਹਿਲਾਂ ਯੂਨਾਨੀ ਚਿੰਤਕ ਪਰੋਟਾਗੋਰਸ ਦੀਆਂ ਦੇਵਤਿਆਂ ਦੀ ਹੋਂਦ 'ਤੇ ਸਵਾਲ ਕਰਨ ਵਾਲੀਆਂ ਲਿਖਤਾਂ 'ਤੇ ਪਾਬੰਦੀ ਲੱਗੀ ਤੇ ਉਸ ਨੂੰ ਜਲਾਵਤਨ ਕਰ ਦਿੱਤਾ ਗਿਆ। ਫਰਾਂਸ ਵਿੱਚ ਮਾਰਗਰੀਟ ਪੋਰੈਟ (Marguerite Porete) ਦੀਆਂ ਲਿਖਤਾਂ 'ਤੇ ਪਾਬੰਦੀ ਲੱਗੀ ਤੇ 1310 ਵਿੱਚ ਉਸ ਨੂੰ ਜਿਊਂਦਿਆਂ ਸਾੜ ਦਿੱਤਾ ਗਿਆ। ਸਤਾਰ੍ਹਵੀਂ ਸਦੀ ਵਿੱਚ ਇੰਗਲੈਂਡ ਦੀ ਸਟੇਟ, ਚਰਚ ਤੇ ਯੂਨੀਵਰਸਿਟੀਆਂ, ਜਿਨ੍ਹਾਂ ਵਿੱਚ ਔਕਸਫੋਰਡ ਯੂਨੀਵਰਸਿਟੀ ਵੀ ਸ਼ਾਮਿਲ ਸੀ, ਨੇ ਥਾਮਸ ਹੌਬਜ਼ ਦੀ ਕਿਤਾਬ ਲੈਵੀਆਥਾਨ (Leviathan) ਵਿਰੁੱਧ ਫ਼ਤਵੇ ਦਿੰਦਿਆਂ ਕਿਤਾਬ ਨੂੰ ਸਾੜਨ ਦੇ ਹੁਕਮ ਦਿੱਤੇ।

ਸੱਤਾ ਨਾਲ ਲੇਖਕਾਂ ਦੇ ਸਬੰਧਾਂ ਦੇ ਆਧੁਨਿਕ ਸਮਿਆਂ ਦੇ ਇਤਿਹਾਸ ਵਿੱਚ ਇੱਕ ਦਿਲਚਸਪ ਵਾਕਿਆ ਇੰਗਲੈਂਡ ਦਾ ਹੈ। ਵਿਲੀਅਮ ਵਰਜਡਜ਼ਰਥ ਜੁਝਾਰੂ ਵਿਚਾਰਾਂ ਅਤੇ ਸੱਤਾ ਨਾਲ ਅਸਹਿਮਤੀ ਰੱਖਣ ਵਾਲਾ ਕਵੀ ਸੀ; ਉਹ ਫਰਾਂਸੀਸੀ ਇਨਕਲਾਬ ਵਿਚਲੀਆਂ ਘਟਨਾਵਾਂ ਤੋਂ ਨਿਰਾਸ਼ ਹੋਇਆ ਤੇ ਸੱਤਾ ਦੇ ਨਜ਼ਦੀਕ ਸਰਕਣ ਲੱਗਾ ਤੇ 1843 ਵਿੱਚ ਇੰਗਲੈਂਡ ਦਾ ਰਾਜ-ਕਵੀ (Poet Laureate) ਬਣ ਗਿਆ; ਉਸ ਸਮੇਂ ਸਮਕਾਲੀ ਸ਼ਾਇਰ ਰੋਬਰਟ ਬਰਾਊਨਿੰਗ (Robert Browning) ਨੇ ਲਿਖਿਆ, ''ਮੁੱਠੀ ਭਰ ਚਾਂਦੀ ਲਈ ਉਹ ਸਾਨੂੰ ਛੱਡ ਗਿਆ/ ਆਪਣੇ ਕੋਟ 'ਤੇ ਇੱਕ ਸਨਮਾਨ-ਰਿਬਨ ਲਗਵਾਉਣ ਲਈ।''

ਪੁਰਾਣੇ ਸਮਿਆਂ ਵਾਂਗ ਆਧੁਨਿਕ ਸਮਿਆਂ ਵਿੱਚ ਵੀ ਸੱਤਾ ਬੁੱਧੀਜੀਵੀਆਂ ਨੂੰ ਆਪਣੀਆਂ ਸੰਸਥਾਵਾਂ ਵਿੱਚ ਹਿੱਸੇਦਾਰ ਬਣਾਉਣ ਲਈ ਕਈ ਢੰਗ-ਤਰੀਕੇ ਅਪਣਾਉਂਦੀ ਰਹੀ ਹੈ। ਇਨ੍ਹਾਂ ਸਮਿਆਂ ਵਿੱਚ ਵੱਡੇ ਪੱਧਰ 'ਤੇ ਫੈਲੀਆਂ ਤੇ ਵਧੀਆਂ-ਫੁੱਲੀਆਂ ਜਮਹੂਰੀ ਲਹਿਰਾਂ ਦੇ ਵੱਖ ਵੱਖ ਸਰਕਾਰਾਂ 'ਤੇ ਪਾਏ ਦਬਾਅ ਕਾਰਨ ਸਰਕਾਰਾਂ ਨੂੰ ਯੂਨੀਵਰਸਿਟੀਆਂ, ਆਰਟ ਅਕੈਡਮੀਆਂ ਤੇ ਕਲਾ ਤੇ ਗਿਆਨ ਨਾਲ ਸਬੰਧਿਤ ਹੋਰ ਅਦਾਰੇ ਬਣਾਉਣੇ ਪਏ ਜਿਨ੍ਹਾਂ ਵਿੱਚ ਵਿਦਵਾਨਾਂ ਤੇ ਸਿਰਜਕਾਂ ਨੂੰ ਕਾਫ਼ੀ ਹੱਦ ਤੱਕ ਅਲੱਗ ਵਿਚਾਰ ਰੱਖਣ ਦੀ ਆਜ਼ਾਦੀ ਤੇ ਖ਼ੁਦਮੁਖ਼ਤਿਆਰੀ ਦਿੱਤੀ ਗਈ; ਅਜਿਹੇ ਅਦਾਰੇ ਦਾਨਿਸ਼ਵਰਾਂ ਤੇ ਸੱਤਾ ਵਿਚਕਾਰ ਬਹੁ-ਪਰਤੀ ਰਿਸ਼ਤਿਆਂ ਦੇ ਵਾਹਕ ਬਣੇ। ਵੀਹਵੀਂ ਸਦੀ ਨੇ ਲਿਖਾਰੀਆਂ, ਸਿਰਜਕਾਂ, ਕਲਾਕਾਰਾਂ ਤੇ ਚਿੰਤਕਾਂ ਦਾ ਦਮਨ ਵੀ ਵੇਖਿਆ। ਇਟਲੀ ਤੇ ਜਰਮਨੀ ਦੀਆਂ ਫਾਸ਼ੀਵਾਦੀ ਸਰਕਾਰਾਂ ਨੇ ਸੈਂਕੜੇ ਲੇਖਕਾਂ ਤੇ ਚਿੰਤਕਾਂ ਨੂੰ ਆਪਣਾ ਨਿਸ਼ਾਨਾ ਬਣਾਇਆ; ਗਾਰਸੀਆ ਲੋਰਕਾ ਤੇ ਜੂਲੀਅਸ ਫਿਊਚਕ ਜਿਹੇ ਲੇਖਕਾਂ ਦੇ ਕਤਲਾਂ ਤੇ ਫਾਂਸੀਆਂ ਦੀ ਇਹ ਕਹਾਣੀ ਬਹੁਤ ਲੰਮੀ ਹੈ; ਗ੍ਰਾਮਸ਼ੀ ਜਿਹੇ ਚਿੰਤਕ ਜੇਲ੍ਹਾਂ ਵਿੱਚ ਸੜੇ। ਸੋਵੀਅਤ ਯੂਨੀਅਨ ਵਿੱਚ ਲੋਕ ਕਲਾਵਾਂ, ਕਲਾਕਾਰਾਂ ਤੇ ਸਥਾਨਕ ਭਾਸ਼ਾਵਾਂ ਨੂੰ ਤਾਂ ਉਤਸ਼ਾਹਿਤ ਕੀਤਾ ਗਿਆ ਪਰ ਨਾਲ ਨਾਲ ਅਸਹਿਮਤੀ ਰੱਖਣ ਵਾਲੇ ਲੇਖਕਾਂ ਨੂੰ ਸਾਇਬੇਰੀਆ ਦੀ ਜਲਾਵਤਨੀ ਭੋਗਣੀ ਪਈ। ਅਜਿਹੇ ਇੱਕ ਕਵੀ ਓਸਿਪ ਮੈਂਡਲਸਟਾਮ ਨੇ ਲਿਖਿਆ ਸੀ, ''ਸ਼ਾਇਦ ਤੇਰੀ ਗੱਲ ਮੇਰੇ ਹੋਠਾਂ ਤੋਂ ਪਹਿਲਾਂ ਹੀ ਪੈਦਾ ਹੋ ਗਈ ਸੀ... ਮੈਂ ਆਪਣੀ ਗ਼ਰੀਬੜੀ ਧਰਤੀ ਨੂੰ ਪਿਆਰ ਕਰਦਾ ਹਾਂ/ ਕਿਉਂਕਿ ਮੈਂ ਹੋਰ ਕੋਈ ਧਰਤੀ ਵੇਖੀ ਹੀ ਨਹੀਂ।'' ਉਹਨੇ ਲਿਖਿਆ, ''ਲੋਕਾਂ ਨੂੰ ਕਵਿਤਾ ਚਾਹੀਦੀ ਹੈ ਜਿਹੜੀ ਉਨ੍ਹਾਂ ਦਾ ਭੇਤ ਬਣੇ/ ਜਿਹੜੀ ਉਨ੍ਹਾਂ ਨੂੰ ਜਾਗਦਿਆਂ ਰੱਖੇ...।'' ਉਨ੍ਹਾਂ ਸਮਿਆਂ ਵਿੱਚ ਹੀ ਗੋਰਕੀ ਨੇ ਲਿਖਿਆ ਸੀ, ''ਪ੍ਰੈੱਸ ਆਗੂਆਂ ਦਾ ਜਸ ਗਾਉਣ ਵਾਲਾ ਸੰਦ ਬਣਦਾ ਜਾ ਰਿਹਾ ਹੈ।''

ਆਜ਼ਾਦੀ ਤੋਂ ਪਹਿਲਾਂ ਪੰਜਾਬ ਦੇ ਕਈ ਲੇਖਕਾਂ ਨੇ ਬਸਤੀਵਾਦੀ ਹਕੂਮਤ ਵਿਰੁੱਧ ਆਵਾਜ਼ ਉਠਾਈ ਤੇ ਜੇਲ੍ਹ ਕੱਟੀ। ਗ਼ਦਰੀ ਕਵੀ, ਗੁਰਮੁਖ ਸਿੰਘ ਮੁਸਾਫ਼ਿਰ, ਫ਼ੀਰੋਜ਼ਦੀਨ ਸ਼ਰਫ, ਨਾਨਕ ਸਿੰਘ ਤੇ ਹੋਰ ਲੇਖਕ ਤੇ ਕਵੀ ਗ੍ਰਿਫ਼ਤਾਰ ਕੀਤੇ ਗਏ। ਆਜ਼ਾਦੀ ਤੋਂ ਬਾਅਦ ਚੜ੍ਹਦੇ ਪੰਜਾਬ ਵਿੱਚ ਸੋਹਣ ਸਿੰਘ ਜੋਸ਼, ਸੰਤੋਖ ਸਿੰਘ ਧੀਰ, ਪਾਸ਼, ਅਮਰਜੀਤ ਚੰਦਨ, ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ, ਹਰਭਜਨ ਹਲਵਾਰਵੀ, ਹਰਭਜਨ ਹੁੰਦਲ, ਗੁਰਸ਼ਰਨ ਸਿੰਘ, ਵਰਿਆਮ ਸੰਧੂ, ਦਰਸ਼ਨ ਖਟਕੜ ਤੇ ਹੋਰ ਲੇਖਕ ਤੇ ਕਵੀ ਨਜ਼ਰਬੰਦ ਕੀਤੇ ਗਏ। ਲਹਿੰਦੇ ਪੰਜਾਬ ਵਿੱਚ ਲੇਖਕਾਂ ਤੇ ਕਵੀਆਂ ਦੀਆਂ ਲਿਖਤਾਂ 'ਤੇ ਬੰਦਸ਼ਾਂ ਲਗਾਉਣ ਤੇ ਉਨ੍ਹਾਂ ਨੂੰ ਜੇਲ੍ਹ ਭੇਜਣ ਦਾ ਸਿਲਸਿਲਾ ਪਹਿਲੀ ਫ਼ੌਜੀ ਹਕੂਮਤ ਦੇ ਆਉਣ ਨਾਲ ਸ਼ੁਰੂ ਹੋਇਆ। ਫ਼ੈਜ਼ ਅਹਿਮਦ ਫ਼ੈਜ਼, ਇਸਹਾਕ ਮੁਹੰਮਦ, ਉਸਤਾਦ ਦਾਮਨ, ਅਹਿਮਦ ਸਲੀਮ, ਅਹਿਮਦ ਫਰਾਜ਼, ਹਬੀਬ ਜਾਲਿਬ ਤੇ ਹੋਰਨਾਂ ਨੂੰ ਬੰਦੀਵਾਨ ਬਣਾਇਆ ਗਿਆ।

ਇਸ ਸਭ ਕੁਝ ਦੇ ਬਾਵਜੂਦ ਆਜ਼ਾਦੀ ਤੋਂ ਬਾਅਦ ਹੋਰ ਆਧੁਨਿਕ ਰਿਆਸਤਾਂ/ਸਟੇਟਾਂ ਵਾਂਗ ਭਾਰਤੀ ਸਟੇਟ ਨੇ ਵੀ ਯੂਨੀਵਰਸਿਟੀਆਂ ਤੇ ਕਲਾ ਨਾਲ ਸਬੰਧਿਤ ਅਦਾਰੇ ਬਣਾਏ। ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਸਟੇਟ ਤੋਂ ਫੰਡ ਹਾਸਲ ਕਰਨ ਵਾਲੇ ਅਦਾਰੇ ਕਦੀ ਵੀ ਪੂਰੀ ਤਰ੍ਹਾਂ ਆਜ਼ਾਦ ਨਹੀਂ ਹੋ ਸਕਦੇ। ਪਰ ਇਹ ਗੱਲ ਵੀ ਯਾਦ ਰੱਖਣ ਵਾਲੀ ਹੈ ਕਿ ਸਟੇਟ ਕੋਲ ਕੋਈ ਆਪਣਾ ਧਨ ਨਹੀਂ ਹੁੰਦਾ; ਉਸ ਦਾ ਧਨ ਦੇਸ਼ ਦੇ ਕਿਰਤੀਆਂ ਦੀ ਕਿਰਤ-ਕਮਾਈ 'ਚੋਂ ਪੈਦਾ ਹੁੰਦਾ ਹੈ। ਆਧੁਨਿਕ ਸਮਿਆਂ ਵਿੱਚ ਅਵਾਮ ਵਿੱਚ ਫੈਲੀ ਜਮਹੂਰੀਅਤ ਨੇ ਸੱਤਾ ਨੂੰ ਮਜਬੂਰ ਕੀਤਾ ਹੈ ਕਿ ਉਹ ਵਿੱਦਿਆ ਤੇ ਕਲਾ ਲਈ ਜਮਹੂਰੀ ਅਦਾਰੇ ਬਣਾਏ ਤੇ ਉਨ੍ਹਾਂ ਨੂੰ ਖ਼ੁਦਮੁਖ਼ਤਿਆਰੀ ਦੇਵੇ। ਖ਼ੁਦਮੁਖ਼ਤਿਆਰੀ ਸੀਮਤ, ਤਸੱਲੀਬਖਸ਼ ਜਾਂ ਜ਼ਿਆਦਾ, ਜਿਸ ਤਰ੍ਹਾਂ ਦੀ ਵੀ ਹੋਵੇ, ਸੰਘਰਸ਼ ਰਾਹੀਂ ਹੀ ਮਿਲਦੀ ਹੈ। ਭਾਰਤ ਦੇ ਵਿਦਿਆ, ਵਿਗਿਆਨ, ਸੱਭਿਆਚਾਰ ਤੇ ਕਲਾ ਨਾਲ ਸਬੰਧਿਤ ਅਦਾਰਿਆਂ ਨੂੰ ਮਿਲੀ ਖ਼ੁਦਮੁਖ਼ਤਿਆਰੀ ਤੇ ਜਮਹੂਰੀਅਤ ਵੀ ਆਜ਼ਾਦੀ ਸੰਘਰਸ਼ ਦੀਆਂ ਜਮਹੂਰੀ ਕਦਰਾਂ-ਕੀਮਤਾਂ, ਉਨ੍ਹਾਂ ਦੇ ਆਧਾਰ 'ਤੇ ਬਣੇ ਸੰਵਿਧਾਨ ਤੇ ਜਮਹੂਰੀ ਦਬਾਅ 'ਚੋਂ ਜਨਮੀਆਂ-ਪਣਪੀਆਂ ਹਨ।

ਅਦਾਰਿਆਂ ਦੀ ਇਸ ਖ਼ੁਦਮੁਖ਼ਤਿਆਰੀ ਤੇ ਜਮਹੂਰੀਅਤ ਨੂੰ ਕੁਝ ਸਾਲਾਂ ਤੋਂ ਖੋਰਾ ਲੱਗ ਰਿਹਾ ਹੈ। ਮੌਜੂਦਾ ਭਾਰਤੀ ਸਟੇਟ ਚਾਹੁੰਦੀ ਹੈ ਕਿ ਹਰ ਵਿਅਕਤੀ ਤੇ ਅਦਾਰਾ ਕੇਂਦਰ ਵਿੱਚ ਸੱਤਾਧਾਰੀ ਪਾਰਟੀ ਦੀ ਬੇਪਨਾਹ ਤਾਕਤ ਨੂੰ ਸਵੀਕਾਰ ਕਰੇ ਅਤੇ ਇਸ ਦੀ ਵਿਚਾਰਧਾਰਾ ਨੂੰ ਅਪਣਾਏ ਤੇ ਆਤਮਸਾਤ ਕਰੇ। ਹੁਣ ਸੱਤਾ ਹਰ ਵਿਅਕਤੀ ਤੇ ਹਰ ਸੰਸਥਾ ਦਾ ਸੰਪੂਰਨ ਸਮਰਪਣ ਚਾਹੁੰਦੀ ਹੈ। ਪਿਛਲੇ ਸਾਲਾਂ ਵਿੱਚ ਭਾਰਤੀ ਸੱਤਾ-ਢਾਂਚੇ (ਸਟੇਟ) ਦੀ ਨੌਈਅਤ ਵਿੱਚ ਵੱਡੀਆਂ ਤਬਦੀਲੀਆਂ ਆਈਆਂ ਹਨ।

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਕੇਂਦਰੀ ਯੂਨੀਵਰਸਿਟੀਆਂ ਤੇ ਹੋਰ ਵਿਦਿਅਕ ਅਦਾਰਿਆਂ ਦੀ ਅੰਦਰੂਨੀ ਜਮਹੂਰੀਅਤ ਤੇ ਖ਼ੁਦਮੁਖ਼ਤਿਆਰੀ ਨੂੰ ਘਟਾਉਣ ਤੋਂ ਬਾਅਦ ਹੁਣ ਕੇਂਦਰ ਸਰਕਾਰ ਨੇ ਸਾਹਿਤ ਅਕੈਡਮੀ ਦੀ ਖ਼ੁਦਮੁਖ਼ਤਿਆਰੀ 'ਤੇ ਹੱਲਾ ਬੋਲਿਆ ਹੈ। ਇਸ ਅਕੈਡਮੀ ਨੂੰ ਭਾਰਤ ਵਿੱਚ ਬੋਲੀਆਂ ਜਾਂਦੀਆਂ ਵੱਖ ਵੱਖ ਭਾਸ਼ਾਵਾਂ ਦੇ ਲੇਖਕਾਂ ਦੀਆਂ ਲਿਖਤਾਂ ਛਾਪਣ ਤੇ ਅਨੁਵਾਦ ਕਰਨ, ਲੇਖਕਾਂ ਨੂੰ ਵਿਚਾਰਾਂ ਦੇ ਅਦਾਨ-ਪ੍ਰਦਾਨ ਲਈ ਮੰਚ ਮੁਹੱਈਆ ਕਰਵਾਉਣ ਤੇ ਉਨ੍ਹਾਂ ਨੂੰ ਸਨਮਾਨਿਤ ਕਰਨ ਵਾਲੀ ਸੰਸਥਾ ਵਜੋਂ ਸਥਾਪਿਤ ਕੀਤਾ ਗਿਆ ਸੀ। ਜਵਾਹਰ ਲਾਲ ਨਹਿਰੂ, ਜੋ ਖ਼ੁਦ 'ਡਿਸਕਵਰੀ ਆਫ ਇੰਡੀਆ' ਜਿਹੀ ਕਲਾਸਿਕ ਲਿਖਤ ਦਾ ਲੇਖਕ ਸੀ, ਨੇ ਇਸ ਸੰਸਥਾ ਨੂੰ ਬਣਾਉਣ ਤੇ ਇਸ ਨੂੰ ਇੱਕ ਖ਼ੁਦਮੁਖ਼ਤਿਆਰ ਮੰਚ ਵਜੋਂ ਪਕਿਆਈ ਦੇਣ ਵਿੱਚ ਅਹਿਮ ਭੂਮਿਕਾ ਨਿਭਾਈ। ਇੱਕ ਲੇਖਕ ਵਜੋਂ ਉਹ ਇਸ ਦਾ ਪਹਿਲਾ ਪ੍ਰਧਾਨ ਬਣਿਆ ਤੇ 1954 ਤੋਂ 1964 ਤੱਕ ਇਸ ਅਹੁਦੇ 'ਤੇ ਰਿਹਾ। ਅਕੈਡਮੀ ਵਿੱਚ ਦਿੱਤੇ ਇੱਕ ਭਾਸ਼ਨ ਵਿੱਚ ਉਸ ਨੇ ਕਿਹਾ, ''ਇਸ ਅਕੈਡਮੀ ਦੇ ਪ੍ਰਧਾਨ ਵਜੋਂ ਮੈਂ ਤੁਹਾਨੂੰ ਸਾਫ਼-ਸਾਫ਼ ਦੱਸਣਾ ਚਾਹਵਾਂਗਾ ਕਿ ਮੈਂ ਨਹੀਂ ਚਾਹੁੰਦਾ ਕਿ ਪ੍ਰਧਾਨ ਮੰਤਰੀ ਇਸ ਦੇ ਕੰਮ-ਕਾਜ ਵਿੱਚ ਦਖ਼ਲ ਦੇਵੇ।

ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਨਹਿਰੂ ਦੇ ਅਕੈਡਮੀ ਦੇ ਪ੍ਰਧਾਨ ਬਣਨ ਅਤੇ ਉਸ ਦੀ ਤੇ ਇਸ ਅਕੈਡਮੀ ਦੀ ਖ਼ੁਦਮੁਖ਼ਤਿਆਰੀ ਦੀ ਹਮਾਇਤ ਕਰਨ ਵਿੱਚ ਇੱਕ ਤਰ੍ਹਾਂ ਦਾ ਵਿਰੋਧਾਭਾਸ ਸੀ, ਕਿਉਂਕਿ ਇੱਕ ਪਾਸੇ ਤਾਂ ਉਹ ਖ਼ੁਦ ਸਰਕਾਰ ਦਾ ਮੁਖੀ ਸੀ ਤੇ ਦੂਸਰੇ ਪਾਸੇ ਅਕੈਡਮੀ ਦੇ ਪ੍ਰਧਾਨ ਵਜੋਂ ਉਹ ਇਸ ਦੀ ਖ਼ੁਦਮੁਖ਼ਤਿਆਰੀ ਮੰਗ ਰਿਹਾ ਸੀ। ਇਸ ਦੀ ਵਿਰੋਧੀ ਦਲੀਲ ਇਹ ਹੈ ਕਿ ਉਸ ਦਾ ਅਕੈਡਮੀ ਦਾ ਪ੍ਰਧਾਨ ਬਣਨਾ ਸਰਕਾਰ ਤੇ ਸੱਭਿਆਚਾਰ ਸਬੰਧੀ ਮੰਤਰਾਲੇ ਤੇ ਉਸ ਦੇ ਅਧਿਕਾਰੀਆਂ ਨੂੰ ਇੱਕ ਚਿਤਾਵਨੀ ਵਾਂਗ ਸੀ ਕਿ ਉਹ ਅਕੈਡਮੀ ਦੇ ਕੰਮਾਂ ਵਿੱਚ ਦਖ਼ਲ ਨਾ ਦੇਣ। ਪੁਰਾਣੇ ਲੇਖਕ ਨਹਿਰੂ ਨੂੰ ਬੜੇ ਪ੍ਰੇਮ ਨਾਲ ਯਾਦ ਕਰਦੇ ਰਹੇ ਹਨ। ਰਾਮਧਾਰੀ ਸਿੰਘ ਦਿਨਕਰ ਨੇ ਨਹਿਰੂ ਬਾਰੇ ਕਿਤਾਬ 'ਲੋਕਦੇਵ ਨਹਿਰੂ' ਵਿੱਚ ਆਪਣੀਆਂ ਯਾਦਾਂ ਲਿਖੀਆਂ। ਅਗੇਯ, ਲੋਕ ਸੁੰਦਰਮ ਤੇ ਕਈ ਹੋਰ ਪ੍ਰਮੁੱਖ ਲੇਖਕਾਂ ਤੇ ਚਿੰਤਕਾਂ ਨੇ ਵੀ ਲਿਖਿਆ। ਇਨ੍ਹਾਂ ਯਾਦਾਂ ਵਿੱਚ ਦਰਜ ਹੈ ਕਿ ਨਹਿਰੂ ਕਿਵੇਂ ਸ਼ਖ਼ਸੀ ਪੂਜਾ ਦੇ ਵਿਰੁੱਧ ਸੀ।

ਸਾਹਿਤ ਅਕੈਡਮੀ ਦੇ ਪ੍ਰਧਾਨ ਦੀ ਚੋਣ ਜਮਹੂਰੀ ਤਰੀਕੇ ਨਾਲ ਹੁੰਦੀ ਰਹੀ ਹੈ। 2003 ਵਿੱਚ ਇੱਕ ਮਸ਼ਹੂਰ ਮੁਕਾਬਲਾ ਮਹਾਸ਼ਵੇਤਾ ਦੇਵੀ ਤੇ ਗੋਪੀ ਚੰਦ ਨਾਰੰਗ ਵਿਚਕਾਰ ਹੋਇਆ। ਵੱਖ ਵੱਖ ਭਾਸ਼ਾਵਾਂ ਵਿੱਚ ਕਿਤਾਬਾਂ ਦੇ ਛਪਵਾਉਣ, ਅਨੁਵਾਦ ਤੇ ਸਮਾਗਮ ਕਰਨ ਲਈ ਬੋਰਡ ਹਨ; ਇਸੇ ਤਰ੍ਹਾਂ ਹਰ ਭਾਸ਼ਾ ਵਿੱਚ ਸਾਹਿਤ ਅਕੈਡਮੀ ਪੁਰਸਕਾਰ ਦਾ ਫ਼ੈਸਲਾ ਉਸ ਭਾਸ਼ਾ ਦੇ ਲੇਖਕਾਂ ਦੀ ਜਿਊਰੀ ਕਰਦੀ ਹੈ। ਕੁਝ ਵਿਵਾਦਾਂ ਦੇ ਬਾਵਜੂਦ ਇਨ੍ਹਾਂ ਪੁਰਸਕਾਰਾਂ ਦੀ ਮਾਣ-ਮਰਿਆਦਾ ਕਾਇਮ ਰਹੀ ਹੈ। ਇਨਾਮ ਦੇਣ ਵਿੱਚ ਸਰਕਾਰ ਦਾ ਕੋਈ ਦਖ਼ਲ ਨਹੀਂ ਹੁੰਦਾ। ਅਕੈਡਮੀ ਦਾ ਸਕੱਤਰ ਅਕੈਡਮੀ ਵੱਲੋਂ ਕੀਤੀ ਗਈ ਚੋਣ ਨੂੰ ਨੋਟੀਫਾਈ ਕਰਦਾ ਹੈ ਤਾਂ ਇਨਾਮਾਂ ਦੇ ਐਲਾਨ ਦੀ ਪ੍ਰਕਿਰਿਆ ਪੂਰੀ ਹੋ ਜਾਂਦੀ ਹੈ। ਇਨ੍ਹਾਂ ਇਨਾਮਾਂ ਦਾ ਮਾਣ-ਸਨਮਾਨ ਕਾਇਮ ਰਹਿਣ ਦਾ ਪ੍ਰਮੁੱਖ ਕਾਰਨ ਅਕੈਡਮੀ ਦਾ ਖ਼ੁਦਮੁਖ਼ਤਿਆਰ ਕਿਰਦਾਰ ਤੇ ਇਸ ਦੀ ਕਾਰਗੁਜ਼ਾਰੀ ਤੇ ਅਗਵਾਈ ਵਿੱਚ ਲੇਖਕਾਂ ਦੀ ਹਿੱਸੇਦਾਰੀ ਹੈ।

ਹੁਣ ਉਹ ਖ਼ੁਦਮੁਖ਼ਤਿਆਰੀ ਖ਼ਤਰੇ ਵਿੱਚ ਹੈ। ਇਸ ਸਾਲ ਭਾਸ਼ਾਵਾਂ ਦੀਆਂ ਜਿਊਰੀਆਂ ਨੇ ਇਨਾਮ ਦੇਣ ਲਈ ਲੇਖਕਾਂ ਦੀ ਚੋਣ ਕਰ ਲਈ ਹੈ। ਪਰ ਅਕੈਡਮੀ ਦੀ ਸਕੱਤਰ ਉਨ੍ਹਾਂ ਨੂੰ ਨੋਟੀਫਾਈ ਨਹੀਂ ਕਰ ਰਹੀ। ਉਸ ਅਨੁਸਾਰ ਹੁਣ ਇਨ੍ਹਾਂ ਇਨਾਮਾਂ ਦੀ ਘੋਸ਼ਣਾ ਤੋਂ ਪਹਿਲਾਂ ਸੱਭਿਆਚਾਰ ਮੰਤਰਾਲੇ ਦੀ ਮਨਜ਼ੂਰੀ ਲੈਣੀ ਪਵੇਗੀ।

ਪਿਛਲੇ ਕੁਝ ਵਰ੍ਹਿਆਂ ਦੌਰਾਨ ਲੇਖਕਾਂ, ਕਲਾਕਾਰਾਂ, ਚਿੰਤਕਾਂ, ਵਿਦਵਾਨਾਂ ਤੇ ਸਮਾਜਿਕ ਕਾਰਕੁਨਾਂ ਦੇ ਸਰਕਾਰ ਨਾਲ ਰਿਸ਼ਤਿਆਂ ਵਿੱਚ ਵੱਡੇ ਵਿਗਾੜ ਆਏ ਹਨ। ਵਰਵਰਾ ਰਾਓ ਜਿਹੇ ਕਵੀ, ਆਨੰਦ ਤੈਲਤੁੰਬੜੇ ਜਿਹੇ ਚਿੰਤਕ, ਕਬੀਰ ਕਲਾ ਮੰਚ ਦੇ ਕਲਾਕਾਰ ਤੇ ਕਈ ਹੋਰ ਲੇਖਕ ਬੰਦੀ ਬਣਾਏ ਗਏ ਹਨ। ਲੇਖਕਾਂ ਦੀ ਸੰਸਥਾ ਸਾਹਿਤ ਅਕੈਡਮੀ ਦੀ ਖ਼ੁਦਮੁਖ਼ਤਿਆਰੀ 'ਤੇ ਛਾਪਾ ਇੱਕ ਵੱਡੇ ਹਿੰਦੂਤਵੀ ਪ੍ਰੋਜੈਕਟ ਦਾ ਹਿੱਸਾ ਹੈ ਪਰ ਨਾਲ ਨਾਲ ਇਹ ਵੀ ਸਪੱਸ਼ਟ ਹੈ ਕਿ ਲੇਖਕ ਦਰਬਾਰ ਦੇ ਗ਼ੁਲਾਮ ਨਹੀਂ ਹੁੰਦੇ; ਲੇਖਕਾਂ ਦਾ ਸਰਕਾਰੀ ਸੰਸਥਾਵਾਂ ਨਾਲ ਸਬੰਧਿਤ ਹੋਣਾ ਜਾਂ ਸਰਕਾਰੀ ਨੌਕਰੀਆਂ ਕਰਨ ਦਾ ਮਤਲਬ ਨਹੀਂ ਕਿ ਉਨ੍ਹਾਂ ਨੇ ਆਤਮਾ ਵੇਚ ਦਿੱਤੀ ਹੈ। ਲੇਖਕ ਅਜਿਹੇ ਵਰਤਾਰਿਆਂ ਵਿਰੁੱਧ ਲੜਦੇ ਆਏ ਹਨ ਤੇ ਉਨ੍ਹਾਂ ਨੂੰ ਹੁਣ ਵੀ ਇਸ ਸੰਸਥਾ ਦੀ ਖ਼ੁਦਮੁਖ਼ਤਿਆਰੀ ਕਾਇਮ ਰੱਖਣ ਲਈ ਲੜਨਾ ਪੈਣਾ ਹੈ। ਸੱਤਾ ਲੇਖਕਾਂ ਦੇ ਦਰ ਬਹੁਤ ਖ਼ਤਰਨਾਕ ਤਰੀਕੇ ਨਾਲ ਦਸਤਕ ਦੇ ਰਹੀ ਹੈ।

ਆਪਣੀ ਸਿਰਜਣਾ ਦੇ ਪੰਧ 'ਤੇ ਤੁਰ ਰਿਹਾ ਲੇਖਕ ਸਿਰਜਣਾ ਦੇ ਨਾਲ ਨਾਲ ਸਮਾਜ ਵਿੱਚ ਜਮਹੂਰੀ ਸਪੇਸ (Space) ਬਣਾਉਣ ਤੇ ਉਸ ਨੂੰ ਬਚਾਉਣ ਲਈ ਲਿਖਦਾ ਤੇ ਲੜਦਾ ਹੈ। ਇਸ ਲੜਾਈ ਵਿੱਚ ਉਸ ਨੂੰ ਸੱਤਾ ਨਾਲ ਆਢਾ ਵੀ ਲਾਉਣਾ ਪੈਂਦਾ ਹੈ। ਇਸ ਸਮੇਂ ਲੋੜ ਹੈ ਕਿ ਲੇਖਕ ਸਮਾਜ ਵਿਚਲੀ ਜਮਹੂਰੀ ਸਪੇਸ ਨੂੰ ਬਚਾਉਣ ਲਈ ਆਪਣੀ ਆਵਾਜ਼ ਬੁਲੰਦ ਕਰਨ। ਪੰਜਾਬੀ ਲੇਖਕ ਹਮੇਸ਼ਾ ਆਜ਼ਾਦੀ ਦੀ ਭਾਸ਼ਾ ਵਿੱਚ ਹੀ ਸਿਰਜਣਾ ਕਰਦਾ ਰਿਹਾ ਹੈ। ਉਸ ਨੂੰ ਆਜ਼ਾਦੀ ਤੇ ਨਾਬਰੀ ਦੇ ਆਪਣੇ ਹੱਕ ਤੇ ਭਾਸ਼ਾ ਦੀ ਰਾਖੀ ਕਰਨੀ ਪੈਣੀ ਹੈ।






# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਸ ਰੂਪ 'ਖ਼ਾਲਸਾ'

**ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼**

ਸਾਹਿਬ-ਏ-ਕਮਾਲਿ, ਨੂਰ-ਏ-ਇਲਾਹੀ, ਬਾਦਸ਼ਾਹ ਦਰਵੇਸ਼, ਸਰਬੰਸਦਾਨੀ, ਨਾਸਰੋ-ਮਨਸੂਰ ਦਸਮ ਪਿਤਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖ ਲਹਿਰ ਦਾ ਇਕ ਅਜਿਹਾ ਸਿਖ਼ਰ ਸਨ, ਜਿਨ੍ਹਾਂ ਦੀ ਸ਼ਖ਼ਸੀਅਤ ਵਿਚ ਇਕੋ ਸਮੇਂ ਬੇਅੰਤ ਗੁਣਾਂ ਦਾ ਅਕਸ ਸਮਾਇਆ ਪਿਆ ਹੈ। ਉਹ ਮਿਕਨਾਤੀਸ਼ੀ ਸ਼ਖ਼ਸੀਅਤ, ਅਕਾਲ ਪੁਰਖ ਦੀ ਪ੍ਰਤੱਖ ਜੋਤ, ਜਿਸ ਵਿਚੋਂ ਫ਼ਕੀਰੀ ਅਤੇ ਬਾਦਸ਼ਾਹੀ ਇਕੋ ਸਮੇਂ ਝਲਕਦੀ ਹੈ। ਉਹ ਬਾਗ਼ੀ ਵੀ ਹੈ ਤੇ ਬੈਰਾਗੀ ਵੀ। ਕਵੀ ਵੀ ਹੈ ਤੇ ਤਲਵਾਰ ਦਾ ਧਨੀ ਵੀ। ਸੰਤ ਵੀ ਤੇ ਸਿਪਾਹੀ ਵੀ। ਜਦ ਉਹ ਸਿੰਘਾਸਣ 'ਤੇ ਬਿਰਾਜਦੇ ਹਨ ਉਨ੍ਹਾਂ ਜੇਵਡ ਬਾਦਸ਼ਾਹ ਕੋਈ ਨਹੀਂ, ਤੇ ਜਦ ਉਹ ਕਰਮ ਭੂਮੀ 'ਤੇ ਤੁਰਦੇ ਹਨ ਤਾਂ ਉਨ੍ਹਾਂ ਤੁਲ ਦਰਵੇਸ਼ ਵੀ ਕੋਈ ਨਹੀਂ ਹੈ।

ਜਦੋਂ ਵੀ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਲਾਹੀ ਜੀਵਨ ਦੀ ਗੱਲ ਤੁਰਦੀ ਹੈ ਤਾਂ, ਖ਼ਾਲਸੇ ਦੀ ਸਿਰਜਣਾ ਉਨ੍ਹਾਂ ਦੇ ਜੀਵਨ ਦੀ ਉਚਤਮ, ਅਗੰਮੀ ਅਤੇ ਨਿਰੰਕਾਰ ਅਵਸਥਾ ਦੀ ਸਭ ਤੋਂ ਵੱਡੀ ਮਿਸਾਲ ਬਣ ਕੇ ਸਾਹਮਣੇ ਆਏ। ਜੇਕਰ ਗੁਰੂ ਸਾਹਿਬ ਦੇ ਜੀਵਨ ਦੀਆਂ ਉਚਤਮ ਅਵਸਥਾਵਾਂ ਨੂੰ ਸਮਝਣਾ ਹੈ ਤਾਂ ਸਾਨੂੰ ਖ਼ਾਲਸੇ ਦੀ ਸ਼ਖ਼ਸੀਅਤ ਦੇ ਦਰਸ਼ਨ ਕਰਨੇ ਪੈਣਗੇ। ਖ਼ਾਲਸਾ, ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਸ ਰੂਪ, ਜਿਸ ਵਿਚੋਂ ਉਨ੍ਹਾਂ ਦੀ ਸ਼ਖ਼ਸੀਅਤ ਅਤੇ ਆਚਾਰ ਦੇ ਪ੍ਰਤੱਖ ਦਰਸ਼ਨ ਹੋ ਸਕਦੇ ਹਨ। ਪਰ ਸਾਨੂੰ ਖ਼ਾਲਸੇ ਨੂੰ ਸਮਝਣ ਤੋਂ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਅਕਤੀਤਵ ਨੂੰ ਸਮਝਣਾ ਤੇ ਜਾਨਣਾ ਪਵੇਗਾ।

ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀਆਂ ਵੱਖ-ਵੱਖ ਪੱਧਤੀਆਂ, ਉਚਤਮ ਆਚਾਰ ਅਤੇ ਪੱਖਾਂ ਤੋਂ ਜਾਣੂ ਹੋਣ ਲਈ ਭਾਈ ਨੰਦ ਲਾਲ ਜੀ ਸਾਡੇ ਕੋਲ ਮੁੱਢਲਾ ਸਰੋਤ ਹਨ। ਭਾਈ ਨੰਦ ਲਾਲ ਜੀ ਗੁਰੂ ਸਾਹਿਬ ਦੀ ਸਰਬਪੱਖੀ ਮਾਨਵਤਾ ਦੇ ਰਹਿਬਰ ਦੀ ਤਸਵੀਰ ਨੂੰ 'ਤੋਸੀਫ਼ੋਸਨਾ' ਗ੍ਰੰਥ ਵਿਚ ਬਿਆਨ ਕਰਦੇ ਹਨ। ਭਾਈ ਨੰਦ ਲਾਲ ਜੀ ਫ਼ਾਰਸੀ ਭਾਸ਼ਾ ਵਿਚ 53 ਬੰਦਾਂ ਦੇ ਗ੍ਰੰਥ ਵਿਚ ਗੁਰੂ ਸਾਹਿਬ ਦੀ ਉਸਤਤਿ ਕਰਦੇ ਹਨ। ਉਨ੍ਹਾਂ ਅਨੁਸਾਰ ਗੁਰੂ ਗੋਬਿੰਦ ਸਿੰਘ ਅਕਾਲ ਪੁਰਖ ਦੁਆਰਾ ਇਸ ਯੁੱਗ ਵਿਚ ਭੇਜੇ ਵਿਸ਼ੇਸ਼ ਦੈਵੀ ਦੂਤ ਸਨ। ਉਨ੍ਹਾਂ ਵਿਚੋਂ ਇਕੋ ਸਮੇਂ ਫ਼ਕੀਰੀ ਅਤੇ ਬਾਦਸ਼ਾਹੀ ਝਲਕਦੀ ਸੀ। ਗੁਰੂ ਸਾਹਿਬ ਸਹੀ ਅਰਥਾਂ ਵਿਚ ਅਜਿਹੇ ਇਕੋ-ਇਕ ਪੈਗੰਬਰ ਸਨ, ਜਿਨ੍ਹਾਂ ਦੀ ਰੂਹਾਨੀ ਸ਼ਖ਼ਸੀਅਤ ਦੀ ਸਿਫ਼ਤ ਵਿਚ ਸਿੱਖ ਹੀ ਨਹੀਂ, ਅੰਗਰੇਜ਼ ਮੁਸਲਮਾਨ ਅਤੇ ਹਿੰਦੂ ਇਤਿਹਾਸਕਾਰਾਂ ਨੇ ਵੀ ਬੇਅੰਤ ਵਰਣਨ ਕੀਤਾ ਹੈ।

ਅੰਗਰੇਜ਼ ਇਤਿਹਾਸਕਾਰ ਜੇ.ਡੀ. ਕਨਿੰਘਮ ਲਿਖਦੇ ਹਨ : "ਗੁਰੂ ਗੋਬਿੰਦ ਸਿੰਘ ਸਾਹਿਬ ਇਕ ਨਿਡਰ, ਦਲੇਰ, ਨਿਯਮਬੱਧ ਢੰਗ ਨਾਲ ਕੰਮ ਕਰਨ ਵਾਲੇ ਸਿਆਣੇ ਵਿਅਕਤੀ ਸਨ, ਜਿਨ੍ਹਾਂ ਨੇ ਆਮ ਸੰਸਾਰ ਦੀ ਡਿੱਗਦੀ ਹੋਈ ਹਾਲਤ ਨੂੰ ਸਮਝਿਆ। ਉਨ੍ਹਾਂ ਨੇ ਜ਼ਬਰ-ਜ਼ੁਲਮ ਦਾ ਮੁਕਾਬਲਾ ਕੀਤਾ। ਮਨੁੱਖਾਂ ਵਿਚ ਮੌਜੂਦ ਅੰਤਰਮੁਖੀ ਸ਼ਕਤੀਆਂ ਨੂੰ ਉਜਾਗਰ ਕਰਨ ਲਈ ਆਗੂ ਅਤੇ ਗੁਰੂ ਦੀ ਜ਼ਿੰਮੇਵਾਰੀ ਨੂੰ ਸਮੇਂ ਸਿਰ ਨਿਭਾਇਆ। ਗੁਰੂ ਦੀ ਸ਼ਖ਼ਸੀਅਤ ਨੂੰ ਪ੍ਰਾਚੀਨ ਵਿਦਵਾਨਾਂ, ਸੰਤਾਂ ਅਤੇ ਨਾਇਕਾਂ ਦੀ ਲੜੀ ਵਿਚ ਰੱਖ ਕੇ ਵੀ ਸਮਝਿਆ ਜਾ ਸਕਦਾ ਹੈ।" ਕਨਿੰਘਮ ਨੇ ਖ਼ਾਲਸੇ ਦੀ ਸਿਰਜਣਾ ਨੂੰ ਗੁਰੂ ਸਾਹਿਬ ਦੁਆਰਾ ਕੀਤੀ ਗਈ ਇਕ ਵਿਸ਼ੇਸ਼ ਪ੍ਰਾਪਤੀ ਦੱਸਿਆ ਹੈ। ਖ਼ਾਲਸੇ ਦੀ ਸਿਰਜਣਾ ਕਰਕੇ ਉਨ੍ਹਾਂ ਨੇ ਹਾਰ ਵਾਲੀ ਮਾਨਸਿਕਤਾ ਵਿਚ ਜਿਉਣ ਵਾਲੇ ਲੋਕਾਂ ਅੰਦਰ ਬਹਾਦਰੀ ਅਤੇ ਕੌਮੀ ਗੌਰਵ ਦੇ ਉਚੇ ਆਦਰਸ਼ਾਂ ਨੂੰ ਭਰ ਦਿੱਤਾ। ਗੁਰੂ ਸਾਹਿਬ ਦੀ ਸ਼ਖ਼ਸੀਅਤ ਨੂੰ ਵਿਸ਼ਵ ਅਤੇ ਭਾਰਤੀ ਸਮਾਜ ਦੀ ਮਨੁੱਖੀ ਸੱਚਾਈ ਅਤੇ ਮਨੁੱਖੀ ਆਜ਼ਾਦੀਆਂ ਦੀ ਲੜੀ ਵਿਚ ਰੱਖ ਕੇ ਵਧੇਰੇ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਬਹਾਦਰੀ, ਜ਼ਬਰ-ਜ਼ੁਲਮ ਕਰਨ ਵਾਲੇ ਲੋਕਾਂ ਉਤੇ ਫ਼ਤਿਹ ਪ੍ਰਾਪਤ ਕਰਕੇ ਅਤੇ ਸਮਾਜ ਨੂੰ ਇਕ ਠੋਸ ਅਗਵਾਈ ਦੇਣ ਵਾਲੇ ਵਗਦੇ ਦਰਿਆ ਦੀ ਵਿਸ਼ਾਲਤਾ ਵਾਂਗ ਹੀ ਗੁਰੂ ਸਾਹਿਬ ਨੇ ਸਦੀਆਂ ਤੋਂ ਲਿਤਾੜੇ ਜਾ ਰਹੇ ਸਮਾਜ ਨੂੰ ਸਵੈਮਾਨ ਨਾਲ ਜਿਊਣ ਦੀ ਜਾਚ ਦੱਸੀ। ਅਜਿਹੀ ਆਗੂ ਸ਼ਖ਼ਸੀਅਤ ਦੇ ਇਤਿਹਾਸ ਵਿਚ ਘੱਟ ਹੀ ਹੋਰ ਸਾਨੀ ਮਿਲਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਦੇ ਕੁਝ ਵਿਸ਼ੇਸ਼ ਗੁਣਾਂ ਦਾ ਬਿਆਨ ਕਰਦਿਆਂ ਪ੍ਰਸਿੱਧ ਮੁਸਲਮਾਨ ਇਤਿਹਾਸਕਾਰ ਸਈਅਦ ਮੁਹੰਮਦ ਲਿਖਦੇ ਹਨ ਕਿ, "ਉਹ ਸੰਯੁਕਤ ਖੂਬੀਆਂ ਦਾ ਅਜਿਹਾ ਮੁਜੱਸਮਾ ਸਨ, ਜਿਸ ਵਿਚ ਇਕੋ ਸਮੇਂ ਧਾਰਮਿਕ ਨੇਤਾ ਤੇ ਯੋਧੇ ਵਾਲੇ ਸਾਰੇ ਗੁਣ ਸਨ। ਉਹ ਨਿਆਂਪਸੰਦ ਆਗੂ ਵੀ ਸਨ, ਯੁੱਧ ਭੂਮੀ ਵਿਚ ਉਹ ਇਕ ਜੇਤੂ ਜਰਨੈਲ ਸਨ, ਰੂਹਾਨੀ ਤਖ਼ਤ 'ਤੇ ਬਿਰਾਜਮਾਨ ਹੁੰਦਿਆਂ ਉਹ ਬਾਦਸ਼ਾਹ ਸਨ ਅਤੇ ਸਮਾਜਿਕ ਜੀਵਨ ਵਿਚ ਉਹ ਇਕ ਫ਼ਕੀਰ ਸਨ।"

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਤਿੰਨ ਕੁ ਦਹਾਕਿਆਂ ਦੀ ਸਰਗਰਮ ਜ਼ਿੰਦਗੀ ਵਿਚ ਮਨੁੱਖਤਾ ਨੂੰ ਇੰਨੀ ਵੱਡੀ ਦੇਣ ਦਿੱਤੀ, ਜਿਸ ਦਾ ਅੰਦਾਜ਼ਾ ਲਾਉਣਾ ਮਨੁੱਖ ਲਈ ਰਹਿੰਦੀ ਦੁਨੀਆ ਤੱਕ ਵੀ ਅਸੰਭਵ ਹੈ। ਉਨ੍ਹਾਂ ਗੁਣਾਂ ਦਾ ਖ਼ਜ਼ਾਨਾ ਹੁੰਦਿਆਂ ਸਮਾਜ ਨੂੰ ਕੀ ਦੇਣ ਦਿੱਤੀ ਤੇ ਉਸ ਦੇਣ ਤੋਂ ਸਿੱਖ ਪੰਥ ਤੇ ਮਨੁੱਖਤਾ ਕੀ ਲਾਭ ਪ੍ਰਾਪਤ ਕਰ ਸਕਦੇ ਹਨ, ਇਸ ਦੀ ਪੂਰਨ ਰੂਪ ਵਿਚ ਵਿਆਖਿਆ ਖੁਦ ਖ਼ਾਲਸਾ ਪੰਥ ਨੇ ਹਾਲੇ ਤੱਕ ਨਹੀਂ ਕੀਤੀ।

ਪ੍ਰਸਿੱਧ ਇਤਿਹਾਸਕਾਰ ਹਰੀ ਰਾਮ ਗੁਪਤਾ ਗੁਰੂ ਸਾਹਿਬ ਦੀ ਸ਼ਖ਼ਸੀਅਤ ਬਾਰੇ ਬਿਆਨ ਕਰਦਿਆਂ ਆਪਣੀ ਪੁਸਤਕ 'ਹਿਸਟਰੀ ਆਫ਼ ਦ ਸਿੱਖਸ ਭਾਗ-1' ਵਿਚ ਗੁਰੂ ਸਾਹਿਬ ਨੂੰ ਇਕ ਸੱਚੇ ਯੋਗੀ, ਮਨੁੱਖਾਂ ਦੇ ਇਕ ਕਿਰਿਆਸ਼ੀਲ ਆਗੂ, ਇਕ ਸੰਤ, ਇਕ ਮਹਾਨ ਮਿਲਟਰੀ ਜਨਰਲ ਅਤੇ ਇਕ ਕਵੀ ਦੇ ਰੂਪ ਵਿਚ ਵੇਖਦੇ ਹਨ, ਜਿਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਭਾਰਤੀ ਇਤਿਹਾਸ ਉਤੇ ਡੂੰਘੀ ਛਾਪ ਛੱਡਦੀਆਂ ਹਨ। ਉਨ੍ਹਾਂ ਦੀ ਮਹਾਨ ਕਰਨੀ ਸਾਡੇ ਵਿਚ ਨਵਾਂ ਜੋਸ਼ ਭਰਦੀ ਹੈ, ਕਿਉਂ ਜੋ ਉਨ੍ਹਾਂ ਨੇ ਦ੍ਰਿੜਤਾ ਨਾਲ ਕਿਹਾ ਸੀ ਕਿ ਜਦੋਂ ਤੱਕ ਉਹ ਚਿੜੀਆ ਤੋਂ ਬਾਜ਼ਾਂ ਦਾ ਮੁਕਾਬਲਾ ਨਹੀਂ ਕਰਵਾਉਂਦੇ, ਉਦੋਂ ਹੀ ਉਹ ਗੁਰੂ ਗੋਬਿੰਦ ਸਿੰਘ ਕਹਾਉਣ ਦੇ ਹੱਕਦਾਰ ਹੋਣਗੇ।

ਗੁਰੂ ਸਾਹਿਬ ਖ਼ਾਲਸੇ ਦੀ ਸ਼ਖ਼ਸੀਅਤ ਦਾ ਖੁਦ ਬਿਆਨ ਕਰਦੇ ਇਸ ਨੂੰ "ਹਉਂ ਖ਼ਾਲਸੇ ਕਾ ਖ਼ਾਲਸਾ ਮੇਰੋ, ਓਤ ਪੋਤ ਸਾਗਰ ਬੂੰਦੇਰੋ" ਕਹਿੰਦੇ ਹਨ ਤਾਂ ਉਹ ਖ਼ਾਲਸੇ ਦੀ ਸਮੂਹਿਕਤਾ ਦੀ ਸ਼ਖ਼ਸੀਅਤ ਵਿਚ ਇਸ ਤਰ੍ਹਾਂ ਸਮੋਏ ਤੇ ਗੁੰਦੇ ਹੋਏ ਹਨ ਕਿ ਖ਼ਾਲਸਾ ਸਮੂਹਿਕਤਾ ਵਿਚੋਂ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਅੱਡ ਕੀਤਾ ਹੀ ਨਹੀਂ ਜਾ ਸਕਦਾ। ਗੁਰੂ ਸਾਹਿਬ ਨੇ ਖ਼ਾਲਸਾ ਪੰਥ ਨੂੰ ਆਪਣੀ ਵੱਖਰੀ ਹੋਂਦ, ਸ਼ਖ਼ਸੀਅਤ ਅਤੇ ਕਿਰਿਆਸ਼ੀਲਤਾ ਦਾ ਨਿਆਰਾਪਣ ਰੱਖਣ ਦੇ ਉਪਦੇਸ਼ ਵਿਚ ਇਹ ਵੀ ਦ੍ਰਿੜ ਕਰਵਾਇਆ ਕਿ ਜਦੋਂ ਤੱਕ ਖ਼ਾਲਸਾ ਆਪਣੀ ਨਿਵੇਕਲੀ ਪਛਾਣ ਬਣਾ ਕੇ ਰੱਖੇਗਾ ਅਤੇ ਉਲਟ ਵਿਚਾਰਾਂ ਦਾ ਧਾਰਨੀ ਨਹੀਂ ਹੋਵੇਗਾ, ਉਦੋਂ ਤੱਕ ਉਹ ਆਪਣਾ ਤੇਜ਼-ਪ੍ਰਤਾਪ, ਸ਼ਕਤੀ ਅਤੇ ਬਖ਼ਸ਼ਿਸ਼ਾਂ ਖ਼ਾਲਸਾ ਪੰਥ ਨੂੰ ਪ੍ਰਦਾਨ ਕਰਦੇ ਰਹਿਣਗੇ। ਇਹ ਗੁਰੂ ਸਾਹਿਬ ਵਲੋਂ ਸਿੱਖ ਪੰਥ ਨੂੰ ਦਿੱਤਾ ਗਿਆ ਸਪੱਸ਼ਟ ਦਿਸ਼ਾ-ਨਿਰਦੇਸ਼ ਸੀ, ਜਿਸ ਦੀ ਪਾਲਣਾ ਕਰਦਿਆਂ ਹੀ ਇਕ ਸਿੱਖ ਦਾ ਜੀਵਨ ਪੰਧ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਦੀ ਸ਼ਖ਼ਸੀਅਤ ਨਾਲ ਇਕ-ਮਿੱਕ ਹੋ ਸਕਦਾ ਹੈ, ਅਤੇ ਇਹ ਖ਼ਾਲਸਾ ਹੀ ਗੁਰੂ ਗੋਬਿੰਦ ਸਿੰਘ ਦੀ ਸ਼ਖ਼ਸੀਅਤ ਅਤੇ ਆਚਾਰ ਦਾ ਬਿੰਬ ਹੈ।

ਵੱਖ-ਵੱਖ ਇਤਿਹਾਸਕ ਸਰੋਤਾਂ ਤੋਂ ਗੁਰੂ ਸਾਹਿਬ ਦੇ ਵਿਅਕਤੀਤਵ ਨੂੰ ਜਾਨਣ ਤੋਂ ਬਾਅਦ ਸਾਡੇ ਅੰਦਰ ਉਤਸੁਕਤਾ ਪੈਦਾ ਹੋਵੇਗੀ ਕਿ ਅੱਜ ਖ਼ਾਲਸਾ ਪੰਥ 'ਚੋਂ ਕਿਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਦੇ ਦਰਸ਼ਨ ਹੋ ਸਕਦੇ ਹਨ? ਸਿੱਖ ਵਿਦਵਾਨ ਅਤੇ ਦਾਰਸ਼ਨਿਕ ਗੁਰਪੁਰਵਾਸੀ ਸਿਰਦਾਰ ਕਪੂਰ ਸਿੰਘ ਨੇ ਖ਼ਾਲਸੇ ਦੀ ਹੋਂਦ ਦੇ ਮੁੱਢਲੇ ਆਧਾਰਾਂ ਬਾਰੇ ਬਹੁਤ ਸਪੱਸ਼ਟਤਾ ਨਾਲ ਲਿਖਿਆ ਹੈ ਕਿ ਜਦੋਂ ਇਕ ਸਿੱਖ ਗੁਰਮਤਿ ਮਾਰਗ ਉਤੇ ਚੱਲਦਿਆਂ ਵਿਸ਼ੇਸ਼ ਮੰਜ਼ਲ ਨੂੰ ਪ੍ਰਾਪਤ ਕਰਦਾ ਹੈ, ਤਦ ਹੀ ਉਹ ਗੁਰੂ ਗੋਬਿੰਦ ਸਿੰਘ ਦੇ ਖ਼ਾਲਸਾ ਪਰਿਵਾਰ ਦਾ ਹਿੱਸਾ ਬਣਨ ਦੇ ਯੋਗ ਹੁੰਦਾ ਹੈ। ਗੁਰੂ ਸਾਹਿਬ ਦੀ ਸ਼ਖ਼ਸੀਅਤ ਨੂੰ ਖ਼ਾਲਸੇ ਰਾਹੀਂ ਅਤੇ ਖ਼ਾਲਸੇ ਦੁਆਰਾ ਗੁਰੂ ਗੋਬਿੰਦ ਸਿੰਘ ਜੀ ਬਾਰੇ ਜਾਨਣਾ, ਆਪਸ ਵਿਚ ਇਕਮਿੱਕ ਹੋਇਆ ਸਿੱਖੀ ਮਾਰਗ ਦਾ ਮੂਲ ਨਿਚੋੜ ਹੈ। ਸਿਰਦਾਰ ਕਪੂਰ ਸਿੰਘ ਦੇ ਇਹ ਵਿਚਾਰ ਸਾਨੂੰ ਇਹ ਸਪੱਸ਼ਟ ਕਰਨ ਦਾ ਯਤਨ ਕਰਦੇ ਹਨ ਕਿ ਇਕ ਸਿੱਖ ਖੰਡੇ ਬਾਟੇ ਦੀ ਪਾਹੁਲ ਛਕਦਿਆਂ ਕਿਵੇਂ ਵਿਸ਼ੇਸ਼ ਰੂਹਾਨੀ ਅਵਸਥਾ ਅਤੇ ਸੱਚਾਈ ਪ੍ਰਾਪਤ ਕਰਦਾ ਹੋਇਆ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਰੂਪ (ਖ਼ਾਲਸਾ) ਹੋ ਨਿਬੜਦਾ ਹੈ। ਸੋ, ਖ਼ਾਲਸਾ ਸਿਧਾਂਤ, ਸੰਸਥਾ ਤੇ ਸੰਗਠਨ ਨੂੰ ਸਮਝ ਕੇ ਹੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਨੂੰ ਸਮਝਿਆ ਜਾ ਸਕਦਾ ਹੈ।

ਅੱਜ ਦੁਨੀਆ ਭਰ 'ਚ ਕਰੋੜਾਂ ਦੀ ਗਿਣਤੀ ਰੱਖਣ ਦੇ ਬਾਵਜੂਦ ਸਾਡੇ ਵਿਚੋਂ ਕਿੰਨੇ ਕੁ ਸਿੱਖ ਹਨ ਜਿਹੜੇ ਉਨ੍ਹਾਂ ਵਿਚ ਸ਼ਾਮਲ ਹਨ, ਜਿਹੜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ 'ਖ਼ਾਲਸਾ ਮੇਰੋ ਰੂਪ ਹੈ ਖ਼ਾਸ, ਖ਼ਾਲਸੇ ਮਹਿ ਹਉ ਕਰਉ ਨਿਵਾਸੁ' ਦੇ ਦਿੱਤੇ ਮਾਣ ਦੇ ਪਾਤਰ ਹਨ।

ਜਿਸ ਸ਼ਖ਼ਸੀ ਰਹਿਣੀ-ਬਹਿਣੀ ਅਤੇ ਆਚਾਰ ਤੋਂ ਸਾਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਦੇ ਝਲਕਾਰੇ ਪੈਂਦੇ ਹੋਣ, ਅੱਜ ਉਹ ਖ਼ਾਲਸੇ ਦਾ ਨਿਆਰਾਪਣ ਕਿਥੇ ਗਿਆ? ਇਹ ਸਮੁੱਚੀ ਸਿੱਖ ਕੌਮ ਲਈ ਚਿੰਤਨ ਦਾ ਵਿਸ਼ਾ ਹੈ। ਇਸੇ ਨਿਆਰੇਪਣ ਨੂੰ ਵਿਸਾਰਨ ਸਦਕਾ ਹੀ ਅੱਜ ਖ਼ਾਲਸਾ ਪੰਥ ਨੂੰ ਵਿਸ਼ਵਵਿਆਪੀ ਖੁਆਰੀਆਂ ਨਾਲ ਜੂਝਣਾ ਪੈ ਰਿਹਾ ਹੈ। ਗੁਰੂ ਸਾਹਿਬ ਨੇ ਸਪੱਸ਼ਟ ਤਾਂ ਕਿਹਾ ਹੈ ਕਿ :

*'ਜਬ ਇਹ ਗਹੈ ਬਿਪਰਨੁ ਕੀ ਰੀਤ*
*ਮੈ ਨ ਕਰਉ ਇਨ ਕੀ ਪਰਤੀਤਿ।''*

ਗੁਰੂ ਸਾਹਿਬਾਨ ਦੇ ਗੁਰਪੁਰਬ ਮਨਾਉਣੇ ਅਤੇ ਪ੍ਰਕਾਸ਼ ਦਿਹਾੜਿਆਂ ਮੌਕੇ ਆਤਿਸ਼ਬਾਜੀਆਂ, ਨਗਰ ਕੀਰਤਨ ਅਤੇ ਧਾਰਮਿਕ ਸਮਾਗਮ, ਬੱਸ ਇਥੋਂ ਤੱਕ ਹੀ ਸੀਮਤ ਰਹਿ ਗਈ ਹੈ ਸਾਡੇ ਅੰਦਰ ਗੁਰੂ ਦੀ ਪ੍ਰਤੀਤ। ਸਾਨੂੰ ਆਪਣੇ ਗੁਰੂ ਪਿਤਾ ਦੀ ਸਿਮਰਤੀ ਵਿਚ ਅੱਜ ਆਪਣੀ ਸਥਿਤੀ ਵੱਲ ਵੀ ਝਾਤ ਮਾਰਨੀ ਚਾਹੀਦੀ ਹੈ। ਕੀ ਅਸੀਂ ਦਸਮ ਪਿਤਾ ਦੇ ਸਾਜੇ ਖ਼ਾਲਸਾ ਪੰਥ ਦੇ ਮੈਂਬਰ ਕਹਾਉਣ ਦੇ ਇਖ਼ਲਾਕੀ ਹੱਕਦਾਰ ਹਾਂ? ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਖ਼ਸ਼ੇ ਖ਼ਾਲਸਾ ਜੀਵਨ ਜਾਚ ਦੇ ਗੁਣ ਸਾਡੇ 'ਚ ਹਨ? ਕਿਉਂ ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਦਿੱਤੇ ਸਪੱਸ਼ਟ ਆਦੇਸ਼ਾਂ ਦੇ ਬਾਵਜੂਦ ਉਨ੍ਹਾਂ ਦੇ ਆਦੇਸ਼ਾਂ ਦੀ ਅਵੱਗਿਆ ਕਰ ਰਹੇ ਹਾਂ? ਆਓ! ਅੱਜ ਦੇ ਦਿਹਾੜੇ ਅਸੀਂ ਆਪਣੇ ਗਿਰੀਵਾਨ ਦੇ ਅੰਦਰ ਝਾਤੀ ਮਾਰੀਏ ਅਤੇ ਸਭ ਤੋਂ ਪਹਿਲਾਂ ਗੁਰੂ ਸਾਹਿਬ ਦੇ ਦਰਸਾਏ ਗੁਰਮਤਿ ਗਾਡੀਰਾਹ ਦੇ ਪਾਂਧੀ ਬਣਨ ਦੇ ਯਤਨ ਕਰੀਏ। ਇਹੀ ਸਾਡੀ ਗੁਰੂ ਸਾਹਿਬ ਪ੍ਰਤੀ ਸੱਚੀ ਸਿਮਰਤੀ ਹੋਵੇਗੀ।

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਸ ਰੂਪ 'ਖ਼ਾਲਸਾ'

ਸਾਹਿਬ-ਏ-ਕਮਾਲਿ, ਨੂਰ-ਏ-ਇਲਾਹੀ, ਬਾਦਸ਼ਾਹ ਦਰਵੇਸ਼, ਸਰਬੰਸਦਾਨੀ, ਨਾਸਰੋ-ਮਨਸੂਰ ਦਸਮ ਪਿਤਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖ ਲਹਿਰ ਦਾ ਇਕ ਅਜਿਹਾ ਸਿਖ਼ਰ ਸਨ, ਜਿਨ੍ਹਾਂ ਦੀ ਸ਼ਖ਼ਸੀਅਤ ਵਿਚ ਇਕੋ ਸਮੇਂ ਬੇਅੰਤ ਗੁਣਾਂ ਦਾ ਅਕਸ ਸਮਾਇਆ ਪਿਆ ਹੈ। ਉਹ ਮਿਕਨਾਤੀਸ਼ੀ ਸ਼ਖ਼ਸੀਅਤ, ਅਕਾਲ ਪੁਰਖ ਦੀ ਪ੍ਰਤੱਖ ਜੋਤ, ਜਿਸ ਵਿਚੋਂ ਫ਼ਕੀਰੀ ਅਤੇ ਬਾਦਸ਼ਾਹੀ ਇਕੋ ਸਮੇਂ ਝਲਕਦੀ ਹੈ। ਉਹ ਬਾਗ਼ੀ ਵੀ ਹੈ ਤੇ ਬੈਰਾਗੀ ਵੀ। ਕਵੀ ਵੀ ਹੈ ਤੇ ਤਲਵਾਰ ਦਾ ਧਨੀ ਵੀ। ਸੰਤ ਵੀ ਤੇ ਸਿਪਾਹੀ ਵੀ। ਜਦ ਉਹ ਸਿੰਘਾਸਣ 'ਤੇ ਬਿਰਾਜਦੇ ਹਨ ਉਨ੍ਹਾਂ ਜੇਵਡ ਬਾਦਸ਼ਾਹ ਕੋਈ ਨਹੀਂ, ਤੇ ਜਦ ਉਹ ਕਰਮ ਭੂਮੀ 'ਤੇ ਤੁਰਦੇ ਹਨ ਤਾਂ ਉਨ੍ਹਾਂ ਤੁਲ ਦਰਵੇਸ਼ ਵੀ ਕੋਈ ਨਹੀਂ ਹੈ।

ਜਦੋਂ ਵੀ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਲਾਹੀ ਜੀਵਨ ਦੀ ਗੱਲ ਤੁਰਦੀ ਹੈ ਤਾਂ, ਖ਼ਾਲਸੇ ਦੀ ਸਿਰਜਣਾ ਉਨ੍ਹਾਂ ਦੇ ਜੀਵਨ ਦੀ ਉਚਤਮ, ਅਗੰਮੀ ਅਤੇ ਨਿਰੰਕਾਰ ਅਵਸਥਾ ਦੀ ਸਭ ਤੋਂ ਵੱਡੀ ਮਿਸਾਲ ਬਣ ਕੇ ਸਾਹਮਣੇ ਆਏ। ਜੇਕਰ ਗੁਰੂ ਸਾਹਿਬ ਦੇ ਜੀਵਨ ਦੀਆਂ ਉਚਤਮ ਅਵਸਥਾਵਾਂ ਨੂੰ ਸਮਝਣਾ ਹੈ ਤਾਂ ਸਾਨੂੰ ਖ਼ਾਲਸੇ ਦੀ ਸ਼ਖ਼ਸੀਅਤ ਦੇ ਦਰਸ਼ਨ ਕਰਨੇ ਪੈਣਗੇ। ਖ਼ਾਲਸਾ, ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਸ ਰੂਪ, ਜਿਸ ਵਿਚੋਂ ਉਨ੍ਹਾਂ ਦੀ ਸ਼ਖ਼ਸੀਅਤ ਅਤੇ ਆਚਾਰ ਦੇ ਪ੍ਰਤੱਖ ਦਰਸ਼ਨ ਹੋ ਸਕਦੇ ਹਨ। ਪਰ ਸਾਨੂੰ ਖ਼ਾਲਸੇ ਨੂੰ ਸਮਝਣ ਤੋਂ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਅਕਤੀਤਵ ਨੂੰ ਸਮਝਣਾ ਤੇ ਜਾਣਨਾ ਪਵੇਗਾ।

ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀਆਂ ਵੱਖ-ਵੱਖ ਪੱਧਤੀਆਂ, ਉਚਤਮ ਆਚਾਰ ਅਤੇ ਪੱਖਾਂ ਤੋਂ ਜਾਣੂ ਹੋਣ ਲਈ ਭਾਈ ਨੰਦ ਲਾਲ ਜੀ ਸਾਡੇ ਕੋਲ ਮੁੱਢਲਾ ਸਰੋਤ ਹਨ। ਭਾਈ ਨੰਦ ਲਾਲ ਜੀ ਗੁਰੂ ਸਾਹਿਬ ਦੀ ਸਰਬਪੱਖੀ ਮਾਨਵਤਾ ਦੇ ਰਹਿਬਰ ਦੀ ਤਸਵੀਰ ਨੂੰ 'ਤੋਸੀਫ਼ੋਸਨਾ' ਗ੍ਰੰਥ ਵਿਚ ਬਿਆਨ ਕਰਦੇ ਹਨ। ਭਾਈ ਨੰਦ ਲਾਲ ਜੀ ਫ਼ਾਰਸੀ ਭਾਸ਼ਾ ਵਿਚ 53 ਬੰਦਾਂ ਦੇ ਗ੍ਰੰਥ ਵਿਚ ਗੁਰੂ ਸਾਹਿਬ ਦੀ ਉਸਤਤਿ ਕਰਦੇ ਹਨ। ਉਨ੍ਹਾਂ ਅਨੁਸਾਰ ਗੁਰੂ ਗੋਬਿੰਦ ਸਿੰਘ ਅਕਾਲ ਪੁਰਖ ਦੁਆਰਾ ਇਸ ਯੁੱਗ ਵਿਚ ਭੇਜੇ ਵਿਸ਼ੇਸ਼ ਦੈਵੀ ਦੂਤ ਸਨ। ਉਨ੍ਹਾਂ ਵਿਚੋਂ ਇਕੋ ਸਮੇਂ ਫ਼ਕੀਰੀ ਅਤੇ ਬਾਦਸ਼ਾਹੀ ਝਲਕਦੀ ਸੀ। ਗੁਰੂ ਸਾਹਿਬ ਸਹੀ ਅਰਥਾਂ ਵਿਚ ਅਜਿਹੇ ਇਕੋ-ਇਕ ਪੈਗੰਬਰ ਸਨ, ਜਿਨ੍ਹਾਂ ਦੀ ਰੂਹਾਨੀ ਸ਼ਖ਼ਸੀਅਤ ਦੀ ਸਿਫ਼ਤ ਵਿਚ ਸਿੱਖ ਹੀ ਨਹੀਂ, ਅੰਗਰੇਜ਼ ਮੁਸਲਮਾਨ ਅਤੇ ਹਿੰਦੂ ਇਤਿਹਾਸਕਾਰਾਂ ਨੇ ਵੀ ਬੇਅੰਤ ਵਰਨਣ ਕੀਤਾ ਹੈ।

ਅੰਗਰੇਜ਼ ਇਤਿਹਾਸਕਾਰ ਜੇ.ਡੀ. ਕਨਿੰਘਮ ਲਿਖਦੇ ਹਨ : "ਗੁਰੂ ਗੋਬਿੰਦ ਸਿੰਘ ਸਾਹਿਬ ਇਕ ਨਿਡਰ, ਦਲੇਰ, ਨਿਯਮਬੱਧ ਢੰਗ ਨਾਲ ਕੰਮ ਕਰਨ ਵਾਲੇ ਸਿਆਣੇ ਵਿਅਕਤੀ ਸਨ, ਜਿਨ੍ਹਾਂ ਨੇ ਆਮ ਸੰਸਾਰ ਦੀ ਡਿੱਗਦੀ ਹੋਈ ਹਾਲਤ ਨੂੰ ਸਮਝਿਆ। ਉਨ੍ਹਾਂ ਨੇ ਜ਼ਬਰ-ਜ਼ੁਲਮ ਦਾ ਮੁਕਾਬਲਾ ਕੀਤਾ। ਮਨੁੱਖਾਂ ਵਿਚ ਮੌਜੂਦ ਅੰਤਰਮੁਖੀ ਸ਼ਕਤੀਆਂ ਨੂੰ ਉਜਾਗਰ ਕਰਨ ਲਈ ਆਗੂ ਅਤੇ ਗੁਰੂ ਦੀ ਜ਼ਿੰਮੇਵਾਰੀ ਨੂੰ ਸਮੇਂ ਸਿਰ ਨਿਭਾਇਆ। ਗੁਰੂ ਦੀ ਸ਼ਖ਼ਸੀਅਤ ਨੂੰ ਪ੍ਰਾਚੀਨ ਵਿਦਵਾਨਾਂ, ਸੰਤਾਂ ਅਤੇ ਨਾਇਕਾਂ ਦੀ ਲੜੀ ਵਿਚ ਰੱਖ ਕੇ ਵੀ ਸਮਝਿਆ ਜਾ ਸਕਦਾ ਹੈ।" ਕਨਿੰਘਮ ਨੇ ਖ਼ਾਲਸੇ ਦੀ ਸਿਰਜਣਾ ਨੂੰ ਗੁਰੂ ਸਾਹਿਬ ਦੁਆਰਾ ਕੀਤੀ ਗਈ ਇਕ ਵਿਸ਼ੇਸ਼ ਪ੍ਰਾਪਤੀ ਦੱਸਿਆ ਹੈ। ਖ਼ਾਲਸੇ ਦੀ ਸਿਰਜਣਾ ਕਰਕੇ ਉਨ੍ਹਾਂ ਨੇ ਹਾਰ ਵਾਲੀ ਮਾਨਸਿਕਤਾ ਵਿਚ ਜਿਊਣ ਵਾਲੇ ਲੋਕਾਂ ਅੰਦਰ ਬਹਾਦਰੀ ਅਤੇ ਕੌਮੀ ਗੌਰਵ ਦੇ ਉਚੇ ਆਦਰਸ਼ਾਂ ਨੂੰ ਭਰ ਦਿੱਤਾ। ਗੁਰੂ ਸਾਹਿਬ ਦੀ ਸ਼ਖ਼ਸੀਅਤ ਨੂੰ ਵਿਸ਼ਵ ਅਤੇ ਭਾਰਤੀ ਸਮਾਜ ਦੀ



**ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼**

ਮਨੁੱਖੀ ਸੱਚਾਈ ਅਤੇ ਮਨੁੱਖੀ ਆਜ਼ਾਦੀਆਂ ਦੀ ਲੜੀ ਵਿਚ ਰੱਖ ਕੇ ਵਧੇਰੇ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਬਹਾਦਰੀ, ਜ਼ਬਰ-ਜ਼ੁਲਮ ਕਰਨ ਵਾਲੇ ਲੋਕਾਂ ਉਤੇ ਫ਼ਤਿਹ ਪ੍ਰਾਪਤ ਕਰਕੇ ਅਤੇ ਸਮਾਜ ਨੂੰ ਇਕ ਠੋਸ ਅਗਵਾਈ ਦੇਣ ਵਾਲੇ ਵਗਦੇ ਦਰਿਆ ਦੀ ਵਿਸ਼ਾਲਤਾ ਵਾਂਗ ਹੀ ਗੁਰੂ ਸਾਹਿਬ ਨੇ ਸਦੀਆਂ ਤੋਂ ਲਿਤਾੜੇ ਜਾ ਰਹੇ ਸਮਾਜ ਨੂੰ ਸਵੈਮਾਨ ਨਾਲ ਜਿਊਣ ਦੀ ਜਾਚ ਦੱਸੀ। ਅਜਿਹੀ ਆਗੂ ਸ਼ਖ਼ਸੀਅਤ ਦੇ ਇਤਿਹਾਸ ਵਿਚ ਘੱਟ ਹੀ ਹੋਰ ਸਾਨੀ ਮਿਲਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਦੇ ਕੁਝ ਵਿਸ਼ੇਸ਼ ਗੁਣਾਂ ਦਾ ਬਿਆਨ ਕਰਦਿਆਂ ਪ੍ਰਸਿੱਧ ਮੁਸਲਮਾਨ ਇਤਿਹਾਸਕਾਰ ਸਈਅਦ ਮੁਹੰਮਦ ਲਿਖਦੇ ਹਨ ਕਿ, "ਉਹ ਸੰਯੁਕਤ ਖ਼ੂਬੀਆਂ ਦਾ ਅਜਿਹਾ ਮੁਜੱਸਮਾ ਸਨ, ਜਿਸ ਵਿਚ ਇਕੋ ਸਮੇਂ ਧਾਰਮਿਕ ਨੇਤਾ ਤੇ ਯੋਧੇ ਵਾਲੇ ਸਾਰੇ ਗੁਣ ਸਨ। ਉਹ ਨਿਆਂਪਸੰਦ ਆਗੂ ਵੀ ਸਨ, ਯੁੱਧ ਭੂਮੀ ਵਿਚ ਉਹ ਇਕ ਜੇਤੂ ਜਰਨੈਲ ਸਨ, ਰੂਹਾਨੀ ਤਖ਼ਤ 'ਤੇ ਬਿਰਾਜਮਾਨ ਹੁੰਦਿਆਂ ਉਹ ਬਾਦਸ਼ਾਹ ਸਨ ਅਤੇ ਸਮਾਜਿਕ ਜੀਵਨ ਵਿਚ ਉਹ ਇਕ ਫ਼ਕੀਰ ਸਨ।"

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਤਿੰਨ ਕੁ ਦਹਾਕਿਆਂ ਦੀ ਸਰਗਰਮ ਜ਼ਿੰਦਗੀ ਵਿਚ ਮਨੁੱਖਤਾ ਨੂੰ ਇੰਨੀ ਵੱਡੀ ਦੇਣ ਦਿੱਤੀ, ਜਿਸ ਦਾ ਅੰਦਾਜ਼ਾ ਲਾਉਣਾ ਮਨੁੱਖ ਲਈ ਰਹਿੰਦੀ ਦੁਨੀਆ ਤੱਕ ਵੀ ਅਸੰਭਵ ਹੈ। ਉਨ੍ਹਾਂ ਗੁਣਾਂ ਦਾ ਖ਼ਜ਼ਾਨਾ ਹੁੰਦਿਆਂ ਸਮਾਜ ਨੂੰ ਕੀ ਦੇਣ ਦਿੱਤੀ ਤੇ ਉਸ ਦੇਣ ਤੋਂ ਸਿੱਖ ਪੰਥ ਤੇ ਮਨੁੱਖਤਾ ਕੀ ਲਾਭ ਪ੍ਰਾਪਤ ਕਰ ਸਕਦੇ ਹਨ, ਇਸ ਦੀ ਪੂਰਨ ਰੂਪ ਵਿਚ ਵਿਆਖਿਆ ਖ਼ੁਦ ਖ਼ਾਲਸਾ ਪੰਥ ਨੇ ਹਾਲੇ ਤੱਕ ਨਹੀਂ ਕੀਤੀ।

ਪ੍ਰਸਿੱਧ ਇਤਿਹਾਸਕਾਰ ਹਰੀ ਰਾਮ ਗੁਪਤਾ ਗੁਰੂ ਸਾਹਿਬ ਦੀ ਸ਼ਖ਼ਸੀਅਤ ਬਾਰੇ ਬਿਆਨ ਕਰਦਿਆਂ ਆਪਣੀ ਪੁਸਤਕ 'ਹਿਸਟਰੀ ਆਫ਼ ਦ ਸਿੱਖਸ ਭਾਗ-1' ਵਿਚ ਗੁਰੂ ਸਾਹਿਬ ਨੂੰ ਇਕ ਸੱਚੇ ਯੋਗੀ, ਮਨੁੱਖਾਂ ਦੇ ਇਕ ਕਿਰਿਆਸ਼ੀਲ ਆਗੂ, ਇਕ ਸੰਤ, ਇਕ ਮਹਾਨ ਮਿਲਟਰੀ ਜਨਰਲ ਅਤੇ ਇਕ ਕਵੀ ਦੇ ਰੂਪ ਵਿਚ ਵੇਖਦੇ ਹਨ, ਜਿਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਭਾਰਤੀ ਇਤਿਹਾਸ ਉਤੇ ਡੂੰਘੀ ਛਾਪ ਛੱਡਦੀਆਂ ਹਨ। ਉਨ੍ਹਾਂ ਦੀ ਮਹਾਨ ਕਰਨੀ ਸਾਡੇ ਵਿਚ ਨਵਾਂ ਜੋਸ਼ ਭਰਦੀ ਹੈ, ਕਿਉਂ ਜੋ ਉਨ੍ਹਾਂ ਨੇ ਦ੍ਰਿੜਤਾ ਨਾਲ ਕਿਹਾ ਸੀ ਕਿ ਜਦੋਂ ਤੱਕ ਉਹ ਚਿੜੀਆ ਤੋਂ ਬਾਜ਼ਾਂ ਦਾ ਮੁਕਾਬਲਾ ਨਹੀਂ ਕਰਵਾਉਂਦੇ,ਪ੍ਰੂਦੋਂ ਹੀ ਉਹ ਗੁਰੂ ਗੋਬਿੰਦ ਸਿੰਘ ਕਹਾਉਣ ਦੇ ਹੱਕਦਾਰ ਹੋਣਗੇ।

ਗੁਰੂ ਸਾਹਿਬ ਖ਼ਾਲਸੇ ਦੀ ਸ਼ਖ਼ਸੀਅਤ ਦਾ ਖ਼ੁਦ ਬਿਆਨ ਕਰਦੇ ਇਸ ਨੂੰ "ਹਉਂ ਖ਼ਾਲਸੇ ਕਾ ਖ਼ਾਲਸਾ ਮੇਰੋ, ਓਤ ਪੋਤ ਸਾਗਰ ਬੂੰਦੇਰੋ" ਕਹਿੰਦੇ ਹਨ ਤਾਂ ਉਹ ਖ਼ਾਲਸੇ ਦੀ ਸਮੂਹਿਕਤਾ ਦੀ ਸ਼ਖ਼ਸੀਅਤ ਵਿਚ ਇਸ ਤਰ੍ਹਾਂ ਸਮੋਏ ਤੇ ਗੁੰਦੇ ਹੋਏ ਹਨ ਕਿ ਖ਼ਾਲਸਾ ਸਮੂਹਿਕਤਾ ਵਿਚੋਂ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਅੱਡ ਕੀਤਾ ਹੀ ਨਹੀਂ ਜਾ ਸਕਦਾ। ਗੁਰੂ ਸਾਹਿਬ ਨੇ ਖ਼ਾਲਸਾ ਪੰਥ ਨੂੰ ਆਪਣੀ ਵੱਖਰੀ ਹੋਂਦ, ਸ਼ਖ਼ਸੀਅਤ ਅਤੇ ਕਿਰਿਆਸ਼ੀਲਤਾ ਦਾ ਨਿਆਰਾਪਣ ਰੱਖਣ ਦੇ ਉਪਦੇਸ਼ ਵਿਚ ਇਹ ਵੀ ਦ੍ਰਿੜ ਕਰਵਾਇਆ ਕਿ ਜਦੋਂ ਤੱਕ ਖ਼ਾਲਸਾ ਆਪਣੀ ਨਿਵੇਕਲੀ ਪਛਾਣ ਬਣਾ ਕੇ ਰੱਖੇਗਾ ਅਤੇ ਉਲਟ ਵਿਚਾਰਾਂ ਦਾ ਧਾਰਨੀ ਨਹੀਂ ਹੋਵੇਗਾ, ਉਦੋਂ ਤੱਕ ਉਹ ਆਪਣਾ ਤੇਜ-ਪ੍ਰਤਾਪ, ਸ਼ਕਤੀ ਅਤੇ ਬਖ਼ਸ਼ਿਸ਼ਾਂ ਖ਼ਾਲਸਾ ਪੰਥ ਨੂੰ ਪ੍ਰਦਾਨ ਕਰਦੇ ਰਹਿਣਗੇ। ਇਹ ਗੁਰੂ ਸਾਹਿਬ ਵਲੋਂ ਸਿੱਖ ਪੰਥ ਨੂੰ ਦਿੱਤਾ ਗਿਆ ਸਪੱਸ਼ਟ ਦਿਸ਼ਾ-ਨਿਰਦੇਸ਼ ਸੀ, ਜਿਸ ਦੀ ਪਾਲਣਾ ਕਰਦਿਆਂ ਹੀ ਇਕ ਸਿੱਖ ਦਾ ਜੀਵਨ ਪੰਧ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਦੀ ਸ਼ਖ਼ਸੀਅਤ ਨਾਲ ਇਕ-ਮਿੱਕ ਹੋ ਸਕਦਾ ਹੈ, ਅਤੇ ਇਹ ਖ਼ਾਲਸਾ ਹੀ ਗੁਰੂ ਗੋਬਿੰਦ ਸਿੰਘ ਦੀ ਸ਼ਖ਼ਸੀਅਤ ਅਤੇ ਆਚਾਰ ਦਾ ਬਿੰਬ ਹੈ।

ਵੱਖ-ਵੱਖ ਇਤਿਹਾਸਕ ਸਰੋਤਾਂ ਤੋਂ ਗੁਰੂ ਸਾਹਿਬ ਦੇ ਵਿਅਕਤੀਤਵ ਨੂੰ ਜਾਣਨ ਤੋਂ ਬਾਅਦ ਸਾਡੇ ਅੰਦਰ ਉਤਸੁਕਤਾ ਪੈਦਾ ਹੋਵੇਗੀ ਕਿ ਅੱਜ ਖ਼ਾਲਸਾ ਪੰਥ 'ਚੋਂ ਕਿਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਦੇ ਦਰਸ਼ਨ ਹੋ ਸਕਦੇ ਹਨ? ਸਿੱਖ ਵਿਦਵਾਨ ਅਤੇ ਦਾਰਸ਼ਨਿਕ ਗੁਰਪੁਰਵਾਸੀ ਸਿਰਦਾਰ ਕਪੂਰ ਸਿੰਘ ਨੇ ਖ਼ਾਲਸੇ ਦੀ ਹੋਂਦ ਦੇ ਮੁੱਢਲੇ ਆਧਾਰਾਂ ਬਾਰੇ ਬਹੁਤ ਸਪੱਸ਼ਟਤਾ ਨਾਲ ਲਿਖਿਆ ਹੈ ਕਿ ਜਦੋਂ ਇਕ ਸਿੱਖ ਗੁਰਮਤਿ ਮਾਰਗ ਉਤੇ ਚੱਲਦਿਆਂ ਵਿਸ਼ੇਸ਼ ਮੰਜ਼ਲ ਨੂੰ ਪ੍ਰਾਪਤ ਕਰਦਾ ਹੈ, ਤਦ ਹੀ ਉਹ ਗੁਰੂ ਗੋਬਿੰਦ ਸਿੰਘ ਦੇ ਖ਼ਾਲਸਾ ਪਰਿਵਾਰ ਦਾ ਹਿੱਸਾ ਬਣਨ ਦੇ ਯੋਗ ਹੁੰਦਾ ਹੈ। ਗੁਰੂ ਸਾਹਿਬ ਦੀ ਸ਼ਖ਼ਸੀਅਤ ਨੂੰ ਖ਼ਾਲਸੇ ਰਾਹੀਂ ਅਤੇ ਖ਼ਾਲਸੇ ਦੁਆਰਾ ਗੁਰੂ ਗੋਬਿੰਦ ਸਿੰਘ ਜੀ ਬਾਰੇ ਜਾਨਣਾ, ਆਪਸ ਵਿਚ ਇਕਮਿੱਕ ਹੋਇਆ ਸਿੱਖੀ ਮਾਰਗ ਦਾ ਮੂਲ ਨਿਚੋੜ ਹੈ। ਸਿਰਦਾਰ ਕਪੂਰ ਸਿੰਘ ਦੇ ਇਹ ਵਿਚਾਰ ਸਾਨੂੰ ਇਹ ਸਪੱਸ਼ਟ ਕਰਨ ਦਾ ਯਤਨ ਕਰਦੇ ਹਨ ਕਿ ਇਕ ਸਿੱਖ ਖੰਡੇ ਬਾਟੇ ਦੀ ਪਾਹੁਲ ਛਕਦਿਆਂ ਕਿਵੇਂ ਵਿਸ਼ੇਸ਼ ਰੂਹਾਨੀ ਅਵਸਥਾ ਅਤੇ ਸੱਚਾਈ ਪ੍ਰਾਪਤ ਕਰਦਾ ਹੋਇਆ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਰੂਪ (ਖ਼ਾਲਸਾ) ਹੋ ਨਿਬੜਦਾ ਹੈ। ਸੋ, ਖ਼ਾਲਸਾ ਸਿਧਾਂਤ, ਸੰਸਥਾ ਤੇ ਸੰਗਠਨ ਨੂੰ ਸਮਝ ਕੇ ਹੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਨੂੰ ਸਮਝਿਆ ਜਾ ਸਕਦਾ ਹੈ।

ਅੱਜ ਦੁਨੀਆ ਭਰ 'ਚ ਕਰੋੜਾਂ ਦੀ ਗਿਣਤੀ ਰੱਖਣ ਦੇ ਬਾਵਜੂਦ ਸਾਡੇ ਵਿਚੋਂ ਕਿੰਨੇ ਕੁ ਸਿੱਖ ਹਨ ਜਿਹੜੇ ਉਨ੍ਹਾਂ ਵਿਚ ਸ਼ਾਮਲ ਹਨ, ਜਿਹੜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ 'ਖ਼ਾਲਸਾ ਮੇਰੋ ਰੂਪ ਹੈ ਖ਼ਾਸ, ਖ਼ਾਲਸੇ ਮਹਿ ਹਓ ਕਰਉ ਨਿਵਾਸੁ' ਦੇ ਦਿੱਤੇ ਮਾਣ ਦੇ ਪਾਤਰ ਹਨ।

ਜਿਸ ਸ਼ਖ਼ਸੀ ਰਹਿਣੀ-ਬਹਿਣੀ ਅਤੇ ਆਚਾਰ ਤੋਂ ਸਾਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਦੇ ਝਲਕਾਰੇ ਪੈਂਦੇ ਹੋਣ, ਅੱਜ ਉਹ ਖ਼ਾਲਸੇ ਦਾ ਨਿਆਰਾਪਣ ਕਿਥੇ ਗਿਆ? ਇਹ ਸਮੁੱਚੀ ਸਿੱਖ ਕੌਮ ਲਈ ਚਿੰਤਨ ਦਾ ਵਿਸ਼ਾ ਹੈ। ਇਸੇ ਨਿਆਰੇਪਣ ਨੂੰ ਵਿਸਾਰਨ ਸਦਕਾ ਹੀ ਅੱਜ ਖ਼ਾਲਸਾ ਪੰਥ ਨੂੰ ਵਿਸ਼ਵਵਿਆਪੀ ਖੁਆਰੀਆਂ ਨਾਲ ਜੂਝਣਾ ਪੈ ਰਿਹਾ ਹੈ। ਗੁਰੂ ਸਾਹਿਬ ਨੇ ਸਪੱਸ਼ਟ ਤਾਂ ਕਿਹਾ ਹੈ ਕਿ :

*'ਜਬ ਇਹ ਗਹੈ ਬਿਪਰਨ ਕੀ ਰੀਤ*
*ਮੈ ਨ ਕਰਉ ਇਨ ਕੀ ਪਰਤੀਤਿ।''*

ਗੁਰੂ ਸਾਹਿਬਾਨ ਦੇ ਗੁਰਪੁਰਬ ਮਨਾਉਣੇ ਅਤੇ ਪ੍ਰਕਾਸ਼ ਦਿਹਾੜਿਆਂ ਮੌਕੇ ਆਤਿਸ਼ਬਾਜ਼ੀਆਂ, ਨਗਰ ਕੀਰਤਨ ਅਤੇ ਧਾਰਮਿਕ ਸਮਾਗਮ, ਬੱਸ ਇਥੋਂ ਤੱਕ ਹੀ ਸੀਮਤ ਰਹਿ ਗਈ ਹੈ ਸਾਡੇ ਅੰਦਰ ਗੁਰੂ ਦੀ ਪ੍ਰਤੀਤ। ਸਾਨੂੰ ਆਪਣੇ ਗੁਰੂ ਪਿਤਾ ਦੀ ਸਿਮਰਤੀ ਵਿਚ ਅੱਜ ਆਪਣੀ ਸਥਿਤੀ ਵੱਲ ਵੀ ਝਾਤ ਮਾਰਨੀ ਚਾਹੀਦੀ ਹੈ। ਕੀ ਅਸੀਂ ਦਸਮ ਪਿਤਾ ਦੇ ਸਾਜੇ ਖ਼ਾਲਸਾ ਪੰਥ ਦੇ ਮੈਂਬਰ ਕਹਾਉਣ ਦੇ ਇਖ਼ਲਾਕੀ ਹੱਕਦਾਰ ਹਾਂ? ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਖ਼ਸ਼ੇ ਖ਼ਾਲਸਾ ਜੀਵਨ ਜਾਚ ਦੇ ਗੁਣ ਸਾਡੇ 'ਚ ਹਨ? ਕਿਉਂ ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਦਿੱਤੇ ਸਪੱਸ਼ਟ ਆਦੇਸ਼ਾਂ ਦੇ ਬਾਵਜੂਦ ਉਨ੍ਹਾਂ ਦੇ ਆਦੇਸ਼ਾਂ ਦੀ ਅਵੱਗਿਆ ਕਰ ਰਹੇ ਹਾਂ? ਆਓ! ਅੱਜ ਦੇ ਦਿਹਾੜੇ ਅਸੀਂ ਆਪਣੇ ਗਿਰੀਵਾਨ ਦੇ ਅੰਦਰ ਝਾਤੀ ਮਾਰੀਏ ਅਤੇ ਸਭ ਤੋਂ ਪਹਿਲਾਂ ਗੁਰੂ ਸਾਹਿਬ ਦੇ ਦਰਸਾਏ ਗੁਰਮਤਿ ਗਾਡੀਰਾਹ ਦੇ ਪਾਂਧੀ ਬਣਨ ਦੇ ਯਤਨ ਕਰੀਏ। ਇਹੀ ਸਾਡੀ ਗੁਰੂ ਸਾਹਿਬ ਪ੍ਰਤੀ ਸੱਚੀ ਸਿਮਰਤੀ ਹੋਵੇਗੀ।




**ਲੇਖਕ : ਗਿਆਨੀ ਬਲਜੀਤ ਸਿੰਘ**

*"ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਨੂੰ ਇਕ ਬਾਟੇ ਵਿੱਚ ਅੰਮ੍ਰਿਤ ਛਕਾ ਕੇ ਸਦੀਆਂ ਤੋਂ ਚਲੀਆਂ ਆ ਰਹੀਆਂ ਊਚ ਨੀਚਤਾ ਦੀਆਂ ਜੜ੍ਹਾਂ ਸਿੱਖ ਸਮਾਜ ਜਾਂ ਮਨੁੱਖਤਾ ਵਿੱਚੋਂ ਪੁੱਟ ਦਿੱਤੀਆ। ਇੱਥੇ ਹੀ ਬੱਸ ਨਹੀਂ ਕੀਤਾ ਫਿਰ ਉਨ੍ਹਾਂ ਹੀ ਪੰਜਾਂ ਪਿਆਰਿਆਂ ਤੋਂ ਆਪ ਅੰਮ੍ਰਿਤ ਛੱਕ ਕੇ 'ਗੁਰੂ' ਤੇ 'ਚੇਲੇ' ਦੇ ਵਿਤਕਰੇ ਨੂੰ ਹੀ ਮਿਟਾ ਕੇ ਖ਼ਾਲਸੇ ਨਾਲ ਅਭੇਦ ਹੋ ਗਏ। ਪੰਥ ਅਤੇ ਸੰਗਤ ਨੂੰ ਆਪਣੇ ਤੋਂ ਉੱਚਾ ਦਰਜਾ ਦਿੱਤਾ ਗਿਆ। ਸੰਗਤ ਦੀ ਉੱਚ ਪਦਵੀ ਹੇਠਾਂ ਅੰਕਿਤ ਸਵਈਏ ਤੋਂ ਪ੍ਰਤੀਤ ਹੋ ਜਾਂਦੀ ਹੈ: "ਸੇਵ ਕਰੀ ਇਨਹੀ ਕੀ ਭਾਵਤ, ਅਉਰ ਕੀ ਸੇਵ ਸੁਹਾਤ ਨ ਜੀਕੋ॥ ਦਾਨ ਦਯੋ ਇਨਹੀ ਕੋ ਭਲੋ, ਅਰੁ ਆਨ ਕੋ ਦਾਨ ਨ ਲਾਗਤ ਨੀਕੋ॥ ਆਗੈ ਫਲੈ ਇਨਹੀ ਕੋ ਦਯੋ, ਜਗ ਮੈ ਜਸੁ ਅਉਰ ਦਯੋ ਸਭ ਫੀਕੋ॥ ਮੋ ਗ੍ਰਿਹ ਮੈ ਤਨ ਤੇ ਮਨ ਤੇ, ਸਿਰ ਲਉ ਧਨ ਹੈ ਸਬ ਹੀ ਇਨਹੀ ਕੋ॥ ੩॥" (ਖ਼ਾਲਸਾ ਮਹਿਮਾ) ਇਸ ਦਾ ਭਾਵ ਬੜਾ ਸਪਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਕਿਸੇ ਤਰ੍ਹਾਂ ਵੀ ਵਿਅਕਤੀਵਾਦ ਨੂੰ ਨਹੀਂ ਚਾਹੁੰਦੇ ਸਨ। ਉਨ੍ਹਾਂ ਮੁਤਾਬਕ ਰਾਜਸੀ ਤੇ ਧਾਰਮਿਕ ਤਾਕਤ ਲੋਕਾਂ ਹੱਥ ਹੀ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਲੋਕਤੰਤ੍ਰ ਦੇ ਹਾਮੀ ਅਤੇ ਇਕ ਪੁਰਖੀ ਰਾਜ ਦੇ ਵਿਰੋਧੀ ਰਹੇ ਹਨ।"*

ਭਾਰਤ ਵਾਸੀ ਸਦੀਆਂ ਤੋਂ ਗੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜੇ ਪਏ ਸਨ ਇਸ ਲਈ ਹੌਲ਼ੀ-ਹੌਲ਼ੀ ਇੱਥੋਂ ਦੀ ਪਰਜਾ ਉੱਤੇ ਵਿਅਕਤੀਵਾਦ ਦਾ ਪ੍ਰਭਾਵ ਪੈਂਦਾ ਗਿਆ ਜਿਸ ਕਰਕੇ ਇਹ ਦੇਸ਼ ਵਿਅਕਤੀਵਾਦ ਦਾ ਹੀ ਹਾਮੀ ਬਣ ਗਿਆ। ਇਕ ਪਾਸੇ ਧਾਰਮਿਕ ਆਗੂਆਂ ਵੱਲੋਂ ਪੁਜਾਰੀਵਾਦ ਅਧੀਨ ਤੇ ਦੂਸਰੇ ਪਾਸੇ ਇਕ ਪੁਰਖੀ ਰਾਜ ਦੀ ਰਾਜਸੀ ਗੁਲਾਮੀ ਇਹਨਾਂ ਨੂੰ ਸਹਿਨ ਕਰਨੀ ਪੈ ਗਈ। ਜਿਸ ਦੇ ਸਿੱਟੇ ਵਜੋਂ ਇੱਥੋਂ ਦੇ ਵਸਨੀਕ ਅਨੇਕਾਂ ਫਿਰਕੇ ਜਾਤਾਂ ਵਿੱਚ ਵੰਡੇ ਗਏ। ਲਾਲਾ ਦੌਲਤ ਰਾਏ ਲਿਖਦੇ ਹਨ:-'ਨ ਖੁਰਾਕ ਏਕ, ਨ ਲਿਬਾਸ ਏਕ, ਨ ਖੁਸ਼ੀ ਏਕ, ਨ ਗ਼ਮੀ ਏਕ, ਨ ਜ਼ੁਬਾਨ ਏਕ, ਨ ਇਖਲਾਕ ਏਕ।'

ਇਕ ਥਾਂ ਬੈਠ ਕੇ ਭੋਜਨ ਛਕਣਾ ਵੀ ਇਨ੍ਹਾਂ ਲਈ ਧਰਮ ਤੋਂ ਹੀਣੀ ਗੱਲ ਸੀ/ਹੈ। ਭਾਰਤ ਵਰਸ਼ ਵਿੱਚੋਂ ਕੌਮੀਅਤ ਦਾ ਜਜ਼ਬਾ ਖੰਭ ਲਾ ਕੇ ਉੱਡ ਚੁੱਕਾ ਸੀ। ਗੁਰਮਤਿ ਨੇ ਅਜਿਹੇ ਵਿਅਕਤੀਵਾਦ ਧਾਰਮਿਕ ਪ੍ਰਬੰਧ (ਰਾਜ) ਦਾ ਖੰਡਨ ਕੀਤਾ ਤੇ ਇਸ ਵਿਰੁਧ ਧਾਰਮਿਕ ਤੇ ਰਾਜਸੀ ਤੌਰ 'ਤੇ ਆਵਾਜ਼ ਬੁਲੰਦ ਕੀਤੀ: "ਮਾਣਸ ਖਾਣੇ ਕਰਹਿ ਨਿਵਾਜ॥ ਛੁਰੀ ਵਗਾਇਨਿ ਤਿਨ ਗਲਿ ਤਾਗ॥ ਤਿਨ ਘਰਿ ਬ੍ਰਹਮਣ ਪੂਰਹਿ ਨਾਦ॥ ਉਨ੍ਹਾ ਭਿ ਆਵਹਿ ਓਈ ਸਾਦ॥ ਕੂੜੀ ਰਾਸਿ ਕੂੜਾ ਵਾਪਾਰੁ॥ ਕੂੜੁ ਬੋਲਿ ਕਰਹਿ ਆਹਾਰੁ॥ ਸਰਮ ਧਰਮ ਕਾ ਡੇਰਾ ਦੂਰਿ॥ ਨਾਨਕ ! ਕੂੜੁ ਰਹਿਆ ਭਰਪੂਰਿ॥ (ਮ:੧/੪੭੧), ਲਬੁ ਪਾਪੁ ਦੁਇ ਰਾਜਾ ਮਹਤਾ, ਕੂੜੁ ਹੋਆ ਸਿਕਦਾਰੁ॥ ਕਾਮੁ ਨੇਬੁ ਸਦਿ ਪੁਛੀਐ, ਬਹਿ ਬਹਿ ਕਰੇ ਬੀਚਾਰੁ॥" (ਮ:੧/੪੬੮), ਆਦਿ।

ਕਲਗੀਧਰ ਪਾਤਿਸ਼ਾਹ ਜੀ ਨੇ ਵੀ ਇਸ ਧਾਰਮਿਕ ਗੁਲਾਮੀ ਤੇ ਰਾਜਨੀਤਿਕ ਜੰਜੀਰਾਂ ਨੂੰ ਤੋੜਨ ਲਈ ਸੰਸਾਰ ਸਾਹਮਣੇ ਇਨ੍ਹਾਂ ਸ਼ਬਦਾਂ ਰਾਹੀਂ ਚਾਨਣ ਬਖ਼ਸ਼ਸ਼ ਕੀਤਾ: "ਸ੍ਰਾਵਗ ਸੁਧ ਸਮੂਹ ਸਿਧਾਨ ਕੇ, ਦੇਖਿ ਫਿਰਿਓ ਘਰਿ ਜੋਗਿ ਜਤੀ ਕੇ॥ ਸੂਰ ਸੁਰਾਰਦਨ ਸੁਧ ਸੁਧਾਦਿਕ, ਸੰਤ ਸਮੂਹ, ਅਨੇਕ ਮਤੀ ਕੇ॥ ਸਾਰੇ ਹੀ ਦੇਸ ਕੋ ਦੇਖਿ ਰਹਿਯੋ ਮਤ, ਕੋਊ ਨ ਦੇਖੀਅਤ ਪ੍ਰਾਨ ਪਤੀ ਕੇ॥ ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂੰ ਤੇ, ਏਕ ਰਤੀ ਬਿਨੁ, ਏਕ ਰਤੀ ਕੇ॥... ਜੀਤ ਫਿਰੇ ਸਭ ਦੇਸ ਦਿਸਾਨ ਕੋ, ਬਾਜਤ ਢੋਲ ਮ੍ਰਿਦੰਗ ਨਗਾਰੇ॥ ਗੁੰਜਤ ਗੂੜ ਗਜਾਨ ਕੇ ਸੁੰਦਰ, ਹਿੰਸਤ ਹੀ ਹਯ ਰਾਜ ਹਜਾਰੇ॥ ਭੂਤ ਭਵਿਖ ਭਵਾਨ ਕੇ ਭੂਪਤਿ, ਕਉਨ ਗਨੈ ਨਹੀ ਜਾਤ ਬਿਚਾਰੇ॥ ਸ੍ਰੀਪਤਿ ਸ੍ਰੀ ਭਗਵਾਨ ਭਜੇ ਬਿਨੁ, ਅੰਤ ਕੋ ਅੰਤ ਕੇ ਧਾਮ ਸਿਧਾਰੇ॥" (ਅਕਾਲ ਉਸਤਤਿ)

'ਪੰਥ' ਸ਼ਬਦ ਦਾ ਅਰਥ ਹੈ: 'ਅਸੀਂ ਸਾਰੇ', ਪਹਿਲਾਂ ਇਹ ਸ਼ਬਦ ਕਿਸੇ ਦੇ ਮੁਖੋਂ ਕਹਿਣ ਸੁਣਨ ਨੂੰ ਨਹੀਂ ਮਿਲਿਆ ਸੀ ਕਿ ਇਹ ਘਰ ਕਿਸ ਦਾ ? ਪੰਥ ਦਾ। ਇਹ ਜ਼ਿੰਦਗੀ ਕਿਸ ਦੀ ? ਪੰਥ ਦੀ। ਇਹ ਹੁਕਮ ਕਿਸ ਦਾ ? ਪੰਥ ਦਾ, ਆਦਿ।

ਗੁਰੂ ਗੋਬਿੰਦ ਸਿੰਘ ਜੀ ਨੇ ਗੁਰਮਤਿ ਸਿਧਾਂਤਾਂ ਰਾਹੀਂ "ਸਾਧ ਸਮੂਹ ਪ੍ਰਸੰਨ ਫਿਰੈ ਜਗਿ, ਸਤ੍ਰ ਸਬੈ ਅਵਿਲੋਕ ਚਪੈਂਗੇ॥" ਅਨੁਸਾਰ ਨਿੱਜੀ ਅਧਿਕਾਰ ਨੂੰ ਕੁਰਬਾਨ ਕਰਕੇ ਸਮੁੱਚੇ ਅਧਿਕਾਰਾਂ ਸਾਂਝੀਵਾਲਤਾ ਉੱਤੇ ਜ਼ੋਰ ਦਿੱਤਾ। ਇਸ ਸਾਂਝੀਵਾਲਤਾ ਵਿੱਚੋਂ ਕੌਮੀਅਤ ਦਾ ਜਜ਼ਬਾ ਪੈਦਾ ਹੋਇਆ। ਇਸ 'ਪੰਥ' ਸ਼ਬਦ ਨੇ ਸਾਡੀ ਮਨੋਵਿਗਿਆਨਕ ਦਸ਼ਾ ਹੀ ਬਦਲ ਦਿੱਤੀ ਤੇ ਸਾਡੇ ਵਿੱਚ ਉਹ ਤਾਕਤ ਆ ਗਈ ਜੋ ਹਿੰਦੁਸਤਾਨ ਵਿੱਚ ਕਦੇ ਦੇਖਣ ਵਿੱਚ ਵੀ ਨਹੀਂ ਮਿਲਦੀ ਸੀ। ਕਲਗੀਧਰ ਜੀ ਨੇ ਇਸ ਪੰਥ ਉੱਤੇ ਇੰਨ੍ਹਾ ਮਾਣ ਕੀਤਾ ਕਿ ਆਪ ਜੀ ਨੇ ਇਸ ਦੀ ਉਸਤਤੀ ਇਨ੍ਹਾਂ ਸ਼ਬਦਾਂ ਰਾਹੀਂ ਕੀਤੀ: "ਜੁਧ ਜਿਤੇ ਇਨਹੀ ਕੇ ਪਰਸਾਦਿ, ਇਨ ਹੀ ਕੇ ਪ੍ਰਸਾਦਿ ਸੁਦਾਨ ਕਰੇ। ਅਘ ਅਉਘ ਟਰੇ ਇਨਹੀ ਕੇ ਪਰਸਾਦਿ, ਇਨ ਹੀ ਕਿ ਕਿਰਪਾ, ਸਭ ਸਤ੍ਰ ਮਰੇ॥" ਸਤਜ ਇਹ ਹੈ ਕਿ ਸਤਿਗੁਰੂ ਜੀ ਨੇ ਇੱਥੋਂ ਤੱਕ ਆਖ ਦਿੱਤਾ: "ਇਨ ਹੀ ਕੀ ਕਿਰਪਾ ਕੇ ਸਜੇ ਹਮ ਹੈਂ, ਨਹੀਂ ਮੋ ਸੋ ਗਰੀਬ ਕਰੋਰ ਪਰੇ॥"

ਸੋ ਇਸ 'ਖ਼ਾਲਸਾ ਪੰਥ' ਦਾ ਸਿੱਖ ਸਭਿਆਚਾਰ, ਵਿਅਕਤੀ ਵਾਦ (ਭਾਵੇਂ ਉਹ ਕਿਸੇ ਰੂਪ ਵਿੱਚ ਹੋਵੇ) ਨੂੰ ਖੰਡਨ ਕਰਦਾ ਹੈ। ਇਸ ਦਾ ਆਦਰਸ਼ ਸਰਬੱਤ ਦਾ ਭਲਾ ਮੰਗਣਾ ਹੈ। ਗੁਰਮਤਿ ਸਿਧਾਂਤਾਂ ਨੂੰ ਇਕ ਫਿਕਰੇ ਵਿੱਚ ਹੀ ਅੰਕਿਤ ਕੀਤਾ ਜਾ ਸਕਦਾ ਹੈ; ਜਿਵੇਂ ਕਿ 'ਕਿਰਤ ਕਰਨਾ, ਨਾਮ ਜਪਣਾ, ਵੰਡ ਛਕਣਾ।'

ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਨੂੰ ਇਕ ਬਾਟੇ ਵਿੱਚ ਅੰਮ੍ਰਿਤ ਛਕਾ ਕੇ ਸਦੀਆਂ ਤੋਂ ਚਲੀਆਂ ਆ ਰਹੀਆਂ ਊਚ ਨੀਚਤਾ ਦੀਆਂ ਜੜ੍ਹਾਂ ਸਿੱਖ ਸਮਾਜ ਜਾਂ ਮਨੁੱਖਤਾ ਵਿੱਚੋਂ ਪੁੱਟ ਦਿੱਤੀਆ। ਇੱਥੇ ਹੀ ਬੱਸ ਨਹੀਂ ਕੀਤਾ ਫਿਰ ਉਨ੍ਹਾਂ ਹੀ ਪੰਜਾਂ ਪਿਆਰਿਆਂ ਤੋਂ ਆਪ ਅੰਮ੍ਰਿਤ ਛੱਕ ਕੇ 'ਗੁਰੂ' ਤੇ 'ਚੇਲੇ' ਦੇ ਵਿਤਕਰੇ ਨੂੰ ਹੀ ਮਿਟਾ ਕੇ ਖਾਲਸੇ ਨਾਲ ਅਭੇਦ ਹੋ ਗਏ। ਪੰਥ ਅਤੇ ਸੰਗਤ ਨੂੰ ਆਪਣੇ ਤੋਂ ਉੱਚਾ ਦਰਜਾ ਦਿੱਤਾ ਗਿਆ। ਸੰਗਤ ਦੀ ਉੱਚ ਪਦਵੀ ਹੇਠਾਂ ਅੰਕਿਤ ਸਵਈਏ ਤੋਂ ਪ੍ਰਤੀਤ ਹੋ ਜਾਂਦੀ ਹੈ: "ਸੇਵ ਕਰੀ ਇਨਹੀ ਕੀ ਭਾਵਤ, ਅਉਰ ਕੀ ਸੇਵ ਸੁਹਾਤ ਨ ਜੀਕੋ॥ ਦਾਨ ਦਯੋ ਇਨਹੀ ਕੋ ਭਲੋ, ਅਰੁ ਆਨ ਕੋ ਦਾਨ ਨ ਲਾਗਤ ਨੀਕੋ॥ ਆਗੈ ਫਲੈ ਇਨਹੀ ਕੋ ਦਯੋ, ਜਗ ਮੈ ਜਸੁ ਅਉਰ ਦਯੋ ਸਭ ਫੀਕੋ॥ ਮੋ ਗ੍ਰਿਹ ਮੈ ਤਨ ਤੇ ਮਨ ਤੇ, ਸਿਰ ਲਉ ਧਨ ਹੈ ਸਬ ਹੀ ਇਨਹੀ ਕੋ॥ ੩॥" (ਖਾਲਸਾ ਮਹਿਮਾ) ਇਸ ਦਾ ਭਾਵ ਬੜਾ ਸਪਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਕਿਸੇ ਤਰ੍ਹਾਂ ਵੀ ਵਿਅਕਤੀਵਾਦ ਨੂੰ ਨਹੀਂ ਚਾਹੁੰਦੇ ਸਨ। ਉਨ੍ਹਾਂ ਮੁਤਾਬਕ ਰਾਜਸੀ ਤੇ ਧਾਰਮਿਕ ਤਾਕਤ ਲੋਕਾਂ ਹੱਥ ਹੀ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਲੋਕਤੰਤ੍ਰ ਦੇ ਹਾਮੀ ਅਤੇ ਇਕ ਪੁਰਖੀ ਰਾਜ ਦੇ ਵਿਰੋਧੀ ਰਹੇ ਹਨ।

ਸੋ ਗੁਰੂ ਗੋਬਿੰਦ ਸਿੰਘ ਜੀ ਦੀ ਵੀਚਾਰਧਾਰਾ ਅਨੁਸਾਰ ਇਹ ਸਿੱਟਾ ਸਾਹਮਣੇ ਆਉਂਦਾ ਹੈ ਕਿ ਲੋਕਤੰਤ੍ਰ ਜਾਂ ਰਾਜ ਸ਼ਕਤੀ ਉਦੋਂ ਤੱਕ ਆਪਣੇ ਆਦਰਸ਼ ਵਿੱਚ ਸਫਲ ਨਹੀਂ ਹੋ ਸਕਦੀ ਜਦੋਂ ਤੱਕ ਆਮ ਇਨਸਾਨ ਦਾ ਆਚਰਨ ਉੱਚਾ ਕਰਨ ਦਾ ਇਹ ਪ੍ਰਣਾਲੀ ਪ੍ਰਬੰਧ ਨਹੀਂ ਕਰਦੀ। ਇਸ ਲਈ ਮਨੁੱਖੀ ਆਚਰਨ ਨੂੰ ਉੱਚਾ ਕਰਨ ਲਈ ਧਰਮ ਜ਼ਰੂਰੀ ਹੈ।

ਆਧੁਨਿਕ ਸਮੇਂ ਵਿੱਚ ਦੂਸਰਾ ਸਿਧਾਂਤ ਰਾਸ਼ਟਰੀਵਾਦ ਹੈ ਇਸ ਵਿੱਚ ਗੁਣ ਤੇ ਔਗੁਣ ਦੋਨੋਂ ਹਨ। ਰਾਸ਼ਟਰਵਾਦ ਦਾ ਭਾਵ ਹੈ, ਕੌਮ ਦੇਸ਼ ਦੀ ਸਾਂਝੇ ਹਿਤਾਂ ਲਈ ਆਪਣੇ ਜਾਤੀ ਹਿਤ ਕੁਰਬਾਨ ਕਰ ਦੇਣਾ ਅਤੇ ਦੇਸ਼ ਰੱਖਿਆ ਲਈ ਆਪਾ ਵਾਰਨਾ। ਰਾਸ਼ਟਰਵਾਦੀ ਬਣਨਾ ਚੰਗੀ ਗੱਲ ਹੈ ਪਰ ਇਸ ਨਾਲ ਵੀ ਕੁਰਾਹੇ ਪਿਆ ਜਾ ਸਕਦਾ ਹੈ, ਇਸ ਨਾਲ ਬੰਦੇ ਦਾ ਝੁਕਾਅ ਕਿਸੇ ਇਕ ਦੇਸ਼ ਵੱਲ ਜਾਂ ਕਿਸੇ ਇੱਕ ਵਿਸ਼ੇਸ਼ ਧੜੇ ਵੱਲ ਹੋ ਸਕਦਾ ਹੈ, ਪਰ ਗੁਰੂ ਜੀ "ਦੇਸ ਔਰ ਨ ਭੇਸ ਜਾਕਰ, ਰੂਪ ਰੇਖ ਨ ਰਾਗ॥ ਜਤ੍ਰ ਤਤ੍ਰ ਦਿਸਾ ਵਿਸਾ, ਹੋਇ ਫੈਲਿਓ ਅਨੁਰਾਗ॥" ਦਾ ਸਿਧਾਂਤ ਮਨੁੱਖਤਾ ਨੂੰ ਦਰਸਾ ਕੇ ਰਾਸ਼ਟਰਵਾਦ ਤੋਂ ਵੀ ਉੱਪਰ ਮਾਨਵਤਾ ਦੇ ਭਲੇ ਵਾਲੀ ਗੱਲ ਬੜੀ ਉਦਾਰਤਾ ਨਾਲ ਕਰਦੇ ਹਨ। ਹਰ ਇੱਕ ਸਮਾਜ ਕੁਝ ਸੰਗਠਨਾਂ ਦਾ ਸੰਗ੍ਰਹਿ ਹੁੰਦਾ ਹੈ; ਜਿਵੇਂ ਕਿ ਪਰਿਵਾਰ, ਕਿਰਤੀ ਸੰਘ, ਧਾਰਮਿਕ ਸੰਪ੍ਰਦਾਵਾਂ ਆਦਿ। ਹਰ ਆਦਮੀ ਇਨ੍ਹਾਂ ਸੰਗਠਨਾਂ ਦਾ ਮੈਂਬਰ ਹੁੰਦਾ ਹੈ ਅਤੇ ਇਨ੍ਹਾਂ ਸੰਗਠਨਾਂ ਦੇ ਨਿਯਮਾਂ ਅਨੁਸਾਰ ਚੱਲਦਾ ਹੈ। ਇਸ ਤਰ੍ਹਾਂ ਉਹ ਆਪਣੇ ਗਰੁੱਪ ਦੀ ਵਫਾਦਾਰੀ ਪਾਲ਼ਦਾ ਹੈ ਫਿਰ ਉਸ ਲਈ ਰਾਜ ਸ਼ਕਤੀ ਦਾ ਵਫ਼ਾਦਾਰ ਹੋਣਾ ਵੀ ਜ਼ਰੂਰੀ ਹੈ, ਪਰ ਇਸ ਤੋਂ ਉੱਪਰ ਫ਼ਰਜ਼ ਮਨੁੱਖਤਾ ਦੀ ਲੁੱਟ ਹੁੰਦਾ ਹੈ ਕਿਉਂਕਿ ਜਦੋਂ ਇਕ ਦੇਸ਼ ਦੂਜੇ ਦੇਸ਼ 'ਤੇ ਹਮਲਾ ਕਰਦਾ ਹੈ, ਅਤਿਆਚਾਰ ਕਰਦਾ ਹੈ ਤਾਂ ਅਜਿਹੇ ਰਾਸ਼ਟਰਵਾਦ ਨੂੰ ਚੰਗਾ ਨਹੀਂ ਕਿਹਾ ਜਾ ਸਕਦਾ ਹੈ, ਇਸ ਲਈ ਇਕ ਤਰ੍ਹਾਂ ਨਾਲ ਇਹ ਵੀ ਮਨੁੱਖਤਾ ਦਾ ਵੈਰੀ ਹੋ ਨਿਬੜਦਾ ਹੈ। ਇਹ ਵੀ ਬਹੁਤ ਲੋਕਾਂ ਦੀ ਅੰਦਰੂਨੀ ਅਜ਼ਾਦੀ ਖੋਹਦਾ ਹੈ। ਇਸ ਕਾਰਨ ਇਸ ਨੂੰ ਵੀ ਜ਼ੁਲਮ ਰਾਜ ਕਹਿਣਾ ਪਏਗਾ।

ਸਤਿਗੁਰੂ ਜੀ ਨੇ "ਗਰਬ ਗੰਜਨ ਦੁਸਟ ਭੰਜਨ, ਮੁਕਤਿ ਦਾਇਕ ਕਾਮ॥" ਨਿਯਮ ਅਨੁਸਾਰ ਆਪਣੀ ਪਹਿਲੀ ਜ਼ਿੰਮੇਵਾਰੀ ਮਨੁੱਖਤਾ ਦੀ ਸੇਵਾ ਵੱਲ ਹਮਦਰਦੀ ਜਤਾਈ ਹੈ। ਗੁਰੂ ਜੀ ਨੇ "ਦੁਸਟ ਸਭਨ ਕੋ ਮੂਲਿ ਉਪਾੜਨ॥" ਦਾ ਨਾਅਰਾ ਲਾ ਕੇ ਹਰ ਤਰ੍ਹਾਂ ਦੇ ਅਤਿਆਚਾਰ ਦੀ ਵਿਰੋਧਤਾ ਕੀਤੀ ਹੈ।

ਗੁਰਮਤਿ ਨੇ ਪਹਿਲਾ ਹੀ "ਏਕ ਪਿਤਾ ਏਕਸ ਕੇ ਹਮ ਬਾਰਿਕ॥" ਜਾਂ "ਬਿਸਰਿ ਗਈ, ਸਭ ਤਾਤਿ ਪਰਾਈ ॥ ਜਬ ਤੇ, ਸਾਧਸੰਗਤਿ ਮੋਹਿ ਪਾਈ ॥੧॥ ਰਹਾਉ ॥ ਨਾ ਕੋ ਬੈਰੀ, ਨਹੀ ਬਿਗਾਨਾ; ਸਗਲ ਸੰਗਿ ਹਮ ਕਉ ਬਨਿ ਆਈ ॥" (ਮ: ੫/੧੨੯੯) ਸ਼ਬਦਾਂ ਰਾਹੀਂ ਮਨੁੱਖੀ ਭਾਈਚਾਰੇ ਨੂੰ ਇਕ ਸੰਗਤ ਅਤੇ ਇੱਕ ਪੰਗਤ ਵਿੱਚ ਜੋੜਿਆ। ਇਨ੍ਹਾਂ ਸਿਧਾਂਤਾਂ ਨੂੰ ਹੀ ਪਰਪੱਕ ਕਰਨ ਲਈ ਕਲਗੀਧਰ ਜੀ ਨੇ "ਕੋਊ ਭਇਓ ਮੁੰਡੀਆ ਸੰਨਿਆਸੀ, ਕੋਊ ਜੋਗੀ ਭਇਓ ਕੋਊ ਬ੍ਰਹਮਚਾਰੀ, ਕੋਊ ਜਤੀ ਅਨੁਮਾਨਬੋ॥ ਹਿੰਦੂ ਤੁਰਕ ਕੋਊ ਰਾਫਿਜੀ ਇਮਾਮ ਸਾਫੀ, ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ॥ ਕਰਤਾ ਕਰੀਮ ਸੋਈ, ਰਾਜਿਕ ਰਹੀਮ ਓਈ, ਦੂਸਰੋ ਨ ਭੇਦ ਕੋਈ, ਭੂਲਿ ਭ੍ਰਮ ਮਾਨਬੋ॥ ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ, ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ ॥੧੫॥ (ਅਕਾਲ ਉਸਤਤਿ) ਵਾਲੀ ਉੱਚੀ-ਸੁੱਚੀ ਨਸੀਹਤ ਬਖ਼ਸ਼ੀ।

ਅੱਜ ਦੀ ਨਵੀਂ ਦੁਨੀਆਂ ਦਾ ਤੀਜਾ ਪੱਖ ਜਾਂ ਸਿਧਾਂਤ ਹੈ: 'ਸਮਾਜਵਾਦ', ਅੱਜ ਦੇ ਪ੍ਰਚਲਿਤ ਸਮਾਜਵਾਦ ਦੇ ਬਾਨੀ ਕਾਰਲ ਮਾਰਕਸ (ਖਓਰਲ ਮਓਰਣ) ਹਨ ਇਸ ਦੇ ਦੋ ਵੱਡੇ ਨਿਸ਼ਾਨੇ ਹਨ ਇਕ 'ਕਿਰਤੀ ਨਾਲ ਇਨਸਾਫ਼' ਦੂਜਾ 'ਦੌਲਤ ਦੀ ਸਮਾਨ ਵੰਡ'। ਕਾਰਲ ਮਾਰਕਸ ਨਾਲੋਂ ਬਹੁਤ ਸਮਾਂ ਪਹਿਲਾਂ ਇਸ ਨਾਲੋਂ ਵਧੀਆ ਸਮਾਜਵਾਦ ਗੁਰਮਤਿ ਨੇ ਅਰੰਭਿਆ ਤੇ ਪਰਚਾਰਿਆ: "ਪ੍ਰਿਥਮੇ ਸਰਬੱਤ ਖਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖਾਲਸਾ ਜੀ ਕੋ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਚਿਤ ਆਵੇ॥ ਚਿਤ ਆਵਨ ਕਾ ਸਦਕਾ, ਸਰਬ ਸੁਖ ਹੋਵੇ॥ .. ਨਾਨਕ ਨਾਮ ਚੜ੍ਹਦੀ ਕਲਾ॥ ਤੇਰੇ ਭਾਣੇ ਸਰਬਤ ਦਾ ਭਲਾ॥"

ਕਲਗੀਧਰ ਸਾਹਿਬ ਇਕ ਵਿਹਲੜ ਜਾਂ ਕਿਰਤ ਵਿਹੂਣੇ ਮਨੁੱਖ ਹੱਥੋਂ ਪਾਣੀ ਪੀਣਾ ਵੀ ਮਨ ਨੂੰ ਅਸ਼ਾਂਤ ਕਰ ਦੇਣ ਵਾਲਾ ਕਾਰਜ ਸਮਝਦੇ ਸਨ। ਗੁਰਮਤਿ ਦੇ ਸਮਾਜਵਾਦ ਵਿੱਚ ਉਹ ਦੋਨੋਂ ਆਦਰਸ਼ ਪ੍ਰਾਪਤ ਹਨ, ਜੋ ਕਾਰਲ ਮਾਰਕਸ ਨੇ ਦਿੱਤੇ ਹਨ, ਪਰ ਇਨ੍ਹਾਂ ਤੋਂ ਇਲਾਵਾ ਇਕ ਹੋਰ ਉੱਚਾ ਆਦਰਸ਼ ਨਾਮ ਜਪਣਾ ਹੈ। ਇਹ ਨਾਮ ਦਾ ਜਾਪ ਹੀ ਹੈ ਜੋ ਮਨੁੱਖੀ ਜੀਵਨ ਵਿੱਚੋਂ ਹਰ ਤਰ੍ਹਾਂ ਦੀ ਮੈਲ਼ ਤੇ ਹਉਮੈ ਕੱਢਦਾ ਹੈ: "ਹਉਮੈ ਬੂਝੈ, ਤਾ ਦਰਿ ਸੂਝੈ॥" ਅਤੇ "ਮਾਤੇ ਮਤੰਗ ਜਰੇ ਜਰ ਸੰਗ, ਅਨੂਪ ਉਤੰਗ ਸੁਰੰਗ ਸਵਾਰੇ॥ ਕੋਟਿ ਤੁਰੰਗ ਕੁਰੰਗ ਸੇ ਕੂਦਤ, ਪਉਨ ਕੇ ਗਉਨ ਕੋ ਜਾਤ ਨਿਵਾਰੇ॥ ਭਾਰੀ ਭੁਜਾਨ ਕੇ ਭੂਪ ਭਲੀ ਬਿਧਿ, ਨਿਆਵਤ ਸੀਸ, ਨ ਜਾਤ ਬਿਚਾਰੇ॥ ਏਤੇ ਭਏ ਤੋ ਕਹਾ ਭਏ ਭੂਪਤਿ ? ਅੰਤ ਕੋ ਨਾਗੇ ਹੀ ਪਾਇ ਪਧਾਰੇ ॥੨॥੨੨॥ (ਅਕਾਲ ਉਸਤਤਿ) ਵਾਲੀ ਬਿਬੇਕਤਾ ਬਖਸ਼ਸ਼ ਕਰਦੇ ਹਨ। ਇਸ ਤਰ੍ਹਾਂ ਮਨੁੱਖ ਉੱਚੀ ਜੀਵਨ ਪਦਵੀ ਪ੍ਰਾਪਤ ਕਰਦਾ ਹੋਇਆ 'ਕਿਰਤ ਕਰਨੀ, ਵੰਡ ਛਕਣ' ਵਾਲੀ ਪ੍ਰੇਰਨਾ 'ਨਾਮ ਜਪਣ' ਤੋਂ ਹੀ ਪ੍ਰਾਪਤ ਕਰਦਾ ਹੈ। 'ਨਾਮ ਜਪਣ' ਨਾਲ ਆਤਮਿਕ ਉੱਨਤੀ ਵੀ ਹੁੰਦੀ ਹੈ। ਇਸ ਦਾ ਭਾਵ ਇਹ ਹੈ ਕਿ ਰਾਜ (ਸ਼ਟਓਟਇ) ਨੂੰ ਸਿਰਫ ਸ਼ਕਤੀ ਦੀ ਪ੍ਰਣਾਲੀ (ਫੋਾਇਰ ਸ਼ੇਸਟਇਮ) ਹੀ ਨਾ ਮੰਨ ਲਿਆ ਜਾਏ ਬਲਕਿ ਇਖ਼ਲਾਕ ਨੂੰ ਹਮੇਸ਼ਾ ਮੁੱਖ ਰੱਖਿਆ ਜਾਏ।

ਅੱਜ ਕਲ੍ਹ ਦੀ ਰਾਜਸੀ ਪ੍ਰਣਾਲੀ ਅਤੇ ਆਰਥਿਕ ਢਾਂਚੇ ਵਿੱਚ ਇਹੋ ਵੱਡੀ ਖਾਮੀ ਹੈ ਕਿ ਸਿਆਸਤ ਅਤੇ ਆਰਥਿਕ ਧੰਦਿਆਂ ਦਾ ਸੰਬੰਧ ਇਖ਼ਲਾਕ ਨਾਲੋਂ ਤੋੜ ਲਿਆ ਗਿਆ ਹੈ। ਇਸ ਲਈ ਅਜੋਕੇ ਲੋਕ ਰਾਜ ਦੇ ਹੁੰਦਿਆਂ ਵੀ ਅਤਿਆਚਾਰ ਲੁੱਟ-ਖਸੁੱਟ ਖ਼ਤਮ ਨਹੀਂ ਹੋਈ। ਭੁਸਿਨਇਸਸਾਂ ਸ ਭੁਸਿਨਇਸਸ ਕਹਿ ਕੇ ਹਰ ਇਕ ਤਰ੍ਹਾਂ ਦੀ ਆਰਥਿਕ ਲੁਟ ਨੂੰ ਜਾਇਜ਼ ਬਣਾ ਲਿਆ ਜਾਂਦਾ ਹੈ। ਸਿਆਸਤ ਜਾਂ ਰਾਜ ਪ੍ਰਬੰਧ ਨੂੰ 'ਧਰਮ' ਤੋਂ ਵੱਖਰਾ ਕਰਕੇ ਰਾਜ ਪ੍ਰਬੰਧ ਵਾਲੀ ਹਰ ਤਰ੍ਹਾਂ ਦੀ ਸ਼ਕਤੀ ਨੂੰ ਜਾਇਜ਼ ਸਮਝਿਆ ਜਾਂਦਾ ਹੈ।

ਰਾਜਨੀਤਿਕ ਲੋਕ ਬਿਨਾਂ ਕਿਸੇ ਸ਼ਰਮ ਦੇ ਹਰ ਰੋਜ਼ ਆਪਣੇ ਅਸੂਲ ਬਦਲਦੇ ਰਹਿੰਦੇ ਹਨ ਅਤੇ ਕਿਸੇ ਵੀ ਕਿਸਮ ਦਾ ਜ਼ੁਲਮ ਕਰਦਿਆਂ ਡਰਦੇ ਨਹੀਂ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੰਗੀ ਲੁੱਟ-ਖਸੁੱਟ ਵਿਰੁੱਧ ਆਵਾਜ਼ ਬੁਲੰਦ ਕੀਤੀ, "ਰਾਜੇ ਚੁਲੀ ਨਿਆਵ ਕੀ..॥" ਵਾਲੇ ਬੁਨਿਆਦੀ ਸਿਧਾਂਤ ਨੂੰ ਅਮਲੀ ਰੂਪ ਵਿੱਚ ਸਮਝਾਇਆ ਅਤੇ "ਇਨ ਹੀ ਸੇ ਰਾਜੇ ਉਪਜਾਉ॥" ਵਾਲੇ ਸਿਧਾਂਤ ਅਨੁਸਾਰ ਰਾਜਸੀ ਸ਼ਕਤੀ ਪ੍ਰਾਪਤ ਕਰਨੀ ਜ਼ਰੂਰੀ ਸਮਝੀ ਤਾਂ ਕਿ ਸਦਾਚਾਰਕ ਗੁਣਾਂ ਦੀ ਰਾਖੀ ਕੀਤੀ ਜਾ ਸਕੇ। ਆਪਣੇ ਧਰਮ ਤੇ ਸਭਿਆਚਾਰ ਦੀ ਰਾਖੀ ਲਈ ਤਲਵਾਰ ਚੁੱਕਣੀ ਇਕ ਆਦਰਸ਼ ਹੈ।

ਕਲਗੀਧਰ ਜੀ ਦਾ ਫ਼ੁਰਮਾਨ ਹੈ: "ਬ-ਲਾਚਾਰਗੀ ਦਰ ਮਿਯਾਂ ਆਮਦਮ॥ ਬ-ਤਦਬੀਰਿ ਤੀਰੋ ਤੁਫ਼ੰਗ ਆਮਦਮ॥" (ਜ਼ਫ਼ਰਨਾਮਾ) ਭਾਵ ਹੇ ਔਰੰਗਜ਼ੇਬ ਮੈਨੂੰ ਮਜਬੂਰਨ ਜੰਗ ਦੇ ਮੈਦਾਨ ਵਿੱਚ ਆਉਣਾ ਪਿਆ, ਤੀਰ ਕਮਾਨਾਂ (ਬੰਦੂਕਾਂ) ਆਦਿ ਸ਼ਸਤਰ ਵਰਤਣੇ ਪਏ ਕਿਉਂਕਿ "ਚੂੰ ਕਾਰ ਅਜ ਹਮਾ ਹੀਲਤੇ ਦਰਿ ਗੁਜਸਤ॥ ਹਲਾਲ ਅਸਤ ਬੁਰਦਨ ਬ-ਸ਼ਮਸ਼ੀਰਿ ਦਸਤ॥" ਭਾਵ ਜਦੋਂ ਕੋਈ ਅਨਿਆਇ (ਅਤਿਆਚਾਰ) ਸਾਰੇ ਹੀਲੇ ਉਪਾਵਾਂ ਤੋਂ ਲੰਘ ਜਾਣ ਤਾਂ ਹੱਥ ਵਿੱਚ ਤਲਵਾਰ ਲੈਣਾ ਜਾਇਜ਼ ਹੀ ਹੁੰਦਾ ਹੈ ਕਿਉਂਕਿ ਹਰ ਇਕ ਆਦਮੀ ਨੂੰ ਪੂਰੀ ਧਾਰਮਿਕ ਅਜ਼ਾਦੀ ਹੋਣੀ ਚਾਹੀਦੀ ਹੈ। ਇਸ ਲਈ ਕਲਗੀਧਰ ਪਾਤਿਸ਼ਾਹ ਜੀ ਵੱਲੋਂ ਦਿੱਤਾ ਲੋਕਤੰਤ੍ਰੀ ਖਾਲਸਾ; ਪੁਜਾਰੀਵਾਦ ਤੇ ਵਿਅਕਤੀਵਾਦ ਭਾਵ ਇਕ ਪੁਰਖੀ ਰਾਜ ਦਾ ਵਿਰੋਧੀ ਹੈ ਅਤੇ ਕਿਰਤੀ, ਨਾਮ-ਜਪਣਾ ਤੇ ਵੰਡ ਛਕਣ ਵਾਲੇ ਸਮਾਜਵਾਦ ਦਾ ਹਾਮੀ ਹੈ। ਅਜਿਹੇ ਲੋਕਤੰਤ੍ਰ ਦਾ ਹਮਾਇਤੀ ਬੰਦਾ ਮਨੁੱਖਤਾ ਦੇ ਸਾਂਝੇ ਹਿੱਤਾਂ ਲਈ ਪੂਰਾ ਪਰਿਵਾਰ ਤੱਕ ਕੁਰਬਾਨ ਕਰ ਦੇਣ ਨੂੰ ਤੁੱਛ ਜਿਹੀ ਗੱਲ ਸਮਝਦਾ ਹੈ ਇਸ ਲਈ ਅੱਜ ਵੀ ਲੋਕਤੰਤ੍ਰੀ-ਢਾਂਚੇ ਜਾਂ ਰਾਜ ਪ੍ਰਬੰਧ ਵਿੱਚ ਇੱਕ ਪੁਰਖੀ ਰਾਜ ਨਹੀਂ ਹੋਣਾ ਚਾਹੀਦਾ।

ਸਿਆਸਤ ਜਾਂ ਰਾਜਨੀਤੀ ਦੀ ਬੁਨਿਆਦ ਜਹੀਰੀ ਇਖ਼ਲਾਖ (ਸ਼ਕਤੀਸ਼ਾਲੀ ਕਿਰਦਾਰ) 'ਤੇ ਹੋਣੀ ਚਾਹੀਦੀ ਹੈ, ਨਹੀਂ ਤਾਂ "ਕੂੜ ਦੀ ਪਾਲਿ॥" ਨੂੰ ਨਹੀਂ ਤੋੜਿਆ ਜਾ ਸਕਦਾ ਹੈ।

ਆਓ, ਸਿਆਸਤ ਤੇ ਪਦਾਰਥਵਾਦ ਦੀ ਅੱਗ ਵਿੱਚ ਸੜ ਰਹੀ ਮਨੁੱਖਤਾ ਦੇ ਭਲੇ ਨੂੰ ਲੋਚਦਿਆਂ ਪਰਮਾਤਮਾ ਅੱਗੇ ਜੋਦੜੀ ਕਰੀਏ ਤੇ ਕਲਗੀਧਰ ਜੀ ਵੱਲੋਂ ਦ੍ਰਿੜ੍ਹਾਈ ਗਈ ਸਾਂਝੀਵਾਲਤਾ ਵਾਲੇ ਨਿਯਮ 'ਤੇ ਪਹਿਰਾ ਦੇਂਦੇ ਹੋਏ ਆਵਾਜ਼ ਬੁਲੰਦ ਕਰੀਏ: "ਏਕੈ ਨੈਨ, ਏਕੈ ਕਾਨ, ਏਕੈ ਦੇਹ, ਏਕੈ ਬਾਨ; ਖਾਕ ਬਾਦ ਆਤਿਸ, ਔ ਆਬ ਕੋ ਰਲਾਉ ਹੈ॥" (ਅਕਾਲ ਉਸਤਤਿ) ਭਾਵ ਸਭ ਦੀਆਂ ਅੱਖਾਂ, ਕੰਨ, ਸਰੀਰ ਤੇ ਬੋਲਣ ਸ਼ਕਤੀ ਇੱਕ ਸਮਾਨ ਹਨ (ਕਿਉਂਕਿ ਸਭ ਦੀ ਰਚਨਾ) ਮਿੱਟੀ (ਧਰਤੀ), ਹਵਾ, ਅੱਗ ਤੇ ਜਲ ਆਦਿ ਤੱਤਾਂ ਤੋਂ ਬਣੀ ਹੋਈ ਹੈ।




# ਸਿੱਖ ਰਾਜ
## ਕਿਵੇਂ ਬਣਿਆ?

**ਲੇਖਕ : ਗਿ: ਸੋਹਨ ਸਿੰਘ 'ਸੀਤਲ'**

ਕਿਸ਼ਤ - 67

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਕਰੋੜਾਂ ਰੁਪੈ ਦਾਸੋਨਾ, ਚਾਂਦੀ, ਗਹਿਣੇ, ਹੀਰੇ, ਮੋਤੀ, ਸਿੰਘਾਂ ਦੇ ਹੱਥ ਲੱਗਾ। ਕਸੂਰ ਦੀ ਲੁੱਟ ਨਾਲ ਸਿੰਘ ਮਾਲਾ ਮਾਲ ਹੋ ਗਏ। ਕਸੂਰ ਦਾ ਦਿਲੇ ਰਾਮ ਸ਼ਾਹਜਹਾਨ ਦੀ ਬੇਗਮ ਦਾ ਦੀਵਾਨ ਰਿਹਾ ਸੀ।ਉਸ ਨੇ ਕਰੋੜਾਂ ਰੁਪੈ ਤੇ ਬੇਗਮ ਦਾ ਗਹਿਣਾ ਕਸੂਰ ਵਿਚ ਦੱਬਿਆ ਹੋਇਆ ਸੀ। ਉਸ ਵੇਲੇ ਉਸ ਦਾ ਪੋਤਰਾ ਹਿਰਦੇ ਰਾਮ ਓਥੇ ਮਾਲਕ ਸੀ। ਉਸ ਦੀ ਹਵੇਲੀ ਨੂੰ ਮਾਲੀ ਸਿੰਘ (ਸ: ਜੱਸਾ ਸਿੰਘ ਰਾਮਗੜ੍ਹੀਏ ਦਾ ਭਰਾ) ਨੇ ਘੇਰ ਲਿਆ ਤੇ ਹਿਰਦੇ ਰਾਮ ਨੂੰ ਫੜ ਲਿਆ।

### ਹਿਰਦੇ ਰਾਮ ਤੇ ਮਾਲੀ ਸਿੰਘ

ਉਸ ਨੇ ਇਹ ਬਚਨ ਲੈ ਕੇ, ਕਿ ਮਾਲੀ ਸਿੰਘ ਉਸ ਨੂੰ ਕਤਲ ਨਹੀਂ ਕਰੇਗਾ, ਪੌੜੀਆਂ ਹੇਠੋਂ ਇਕ ਸੰਦੂਕੜੀ ਕੱਢ ਕੇ ਦਿੱਤੀ, ਜਿਸ ਵਿਚ ਹੀਰੇ ਜਵਾਹਰ ਤੇ ਬੇਗਮ ਦੇ ਗਹਿਣੇ ਸਨ, ਜਿੰਨ੍ਹਾਂ ਦੀ ਕੀਮਤ ਪੰਜਾਹ ਲੱਖ ਤੋਂ ਉਪਰ ਦੱਸਦੇ ਹਨ।

### ਰਾਮਗੜ੍ਹੀਆਂ ਤੇ ਕਨ੍ਹਈਆਂ ਵਿਚ ਵਿਗਾੜ

ਰਾਮਗੜ੍ਹੀਏ ਤੇ ਕਨਈਏ ਕੱਠੇ ਰਹਿੰਦੇ ਸਨ ਤੇ ਲੁੱਟ ਦਾ ਮਾਲ ਅੱਧੋ ਅੱਧ ਕਰ ਲਿਆ ਕਰਦੇ ਸਨ। ਮਾਲੀ ਸਿੰਘ ਧਨ ਵੇਖ ਕੇ ਡੋਲ ਗਿਆ। ਉਹ ਇਕੱਲਾ ਹੀ ਸੰਦੂਕੜੀ ਆਪਣੇ ਡੇਰੇ ਲੈ ਗਿਆ।ਕਨਈਆਂ ਨੂੰ ਪਤਾ ਲਗਾ, ਤਾਂ ਉਹਨਾਂ ਉਸ ਧਨ ਵਿਚੋਂ ਹਿੱਸਾ ਮੰਗਿਆ। ਮਾਲੀ ਸਿੰਘ ਹਿੱਸਾ ਦੇਣ ਵਾਸਤੇ ਤਿਆਰ ਨਾ ਹੋਇਆ, ਤਾਂ ਕਨਈਏ ਲੜਨ ਵਾਸਤੇ ਤਿਆਰ ਹੋ ਗਏ। ਮਾਲੀ ਸਿੰਘ ਨੇ ਹਿਰਦੇ ਰਾਮ ਨਾਲ ਵੀ ਧਰੋਹ ਕੀਤਾ ਤੇ ਉਸ ਨੂੰ ਏਸ ਡਰ ਵਜੋਂ ਮਾਰ ਦਿੱਤਾ, ਕਿ ਉਹ ਸੰਦੂਕੜੀ ਬਾਰੇ ਕਿਸੇ ਨੂੰ ਦੱਸ ਨਾ ਦੇਵੇ। ਬਾਕੀ ਸਰਦਾਰਾਂ (ਖ਼ਾਸ ਕਰ ਚੜ੍ਹਤ ਸਿੰਘ) ਨੇ ਵਿਚ ਪੈ ਕੇ ਸੁਲਾ ਕਰਾ ਦਿੱਤੀ ਤੇ ਕੁਛ ਹਿੱਸਾ ਕਨਈਆਂ ਨੂੰ ਦੁਆ ਦਿੱਤਾ। ਮਾਲੀ ਸਿੰਘ ਦੇ ਮਰਨ ਪਿਛੋਂ ਉਹ ਧਨ ਕਿਸੇ ਢੰਗ ਨਾਲ ਸ: ਚੜ੍ਹਤ ਸਿੰਘ ਦੇ ਕਾਬੂ ਆ ਗਿਆ'1 ਕਸੂਰ ਲੁੱਟ ਕੇ, ਸਿੰਘ ਫ਼ਤਹਿ ਦੇ ਵਾਜੇ ਵਜਾਉਂਦੇ ਅੰਮ੍ਰਿਤਸਰ ਆ ਪੁੱਜੇ

### ਬੁੱਢਾ ਦਲ ਦੁਆਬੇ ਵਿਚ

ਬੁੱਢੇ ਦਲ ਦੀਆਂ ਛੀਏ ਮਿਸਲਾਂ ਦੁਆਬਾ ਜਲੰਧਰ ਉੱਤੇ ਜਾ ਪਈਆਂ। ਜਲੰਧਰ ਦਾ ਫ਼ੌਜਦਾਰ ਸਆਦਤਯਾਰਖ਼ਾਂ ਸਿੰਘਾਂ ਤੋਂ ਡਰਦਾਸ਼ਹਿਰੋਂ ਬਾਹਰ ਨਹੀਂ ਸੀ ਨਿਕਲਦਾ। ਸਾਰਾ ਇਲਾਕਾ ਸਿੱਖ ਸਰਦਾਰਾਂ ਨੇ ਮੱਲ ਲਿਆ। ਆਕੀਆਂ ਨੂੰ ਚੰਗੀ ਤਰਾਂ ਨੁਆਇਆ ਤੇ ਵਿਰੋਧੀਆਂ ਤੋਂ ਬਦਲੇ ਲਏ। ਜੂਨ ਤੋਂ ਸਤੰਬਰ ਤਕ ਬੁੱਢਾ ਦਲ ਏਥੇ ਹੀ ਰਿਹਾ।

### ਜਾਅਫਰਬੇਗ

ਦੀਨਾ ਨਗਰ ਦਾ ਮਾਲਕ ਓਦੋਂ ਅਦੀਨਾਬੇਗ ਦਾ ਪੁੱਤਰ ਜਾਅਫਰਬੇਗ ਸੀ। ਸਿੰਘਾਂ ਦੀ ਚੜ੍ਹਦੀ ਕਲਾ ਵੇਖ ਕੇ ਉਸਨੂੰ ਫ਼ਿਕਰ ਪੈ ਗਿਆ ਤੇ ਉਹ ਲੜਾਈ ਦੀ ਤਿਆਰੀ ਕਰਨ ਲੱਗਾ। ਉਸ ਨੇ ਆਪਣੀ ਮਦਦ ਵਾਸਤੇ ਪਸਰੂਰ ਦੇ ਖ਼ਾਨ ਮੁਹੰਮਦ ਤੇ ਕਲਾਨੌਰ ਦੇ ਨੂਰਦੀਨ ਨੂੰ ਬੁਲਾ ਲਿਆ।ਉਸਦਾ ਵੱਡਾ ਸਲਾਹਕਾਰ ਉਸਦਾ ਦੀਵਾਨ ਸ਼ਿਵ ਦਿਆਲ (ਪੁਰਾਣੇ ਦੀਵਾਨ ਬਿਸ਼ੰਭਰ ਦਾਸ ਦਾ ਪੁੱਤਰ) ਸੀ। ਉਹਨਾਂ ਦੀ ਖ਼ਬਰ ਅੰਮ੍ਰਿਤਸਰ ਪੁੱਜੀ, ਤਾਂ ਤਰਨਾ ਦਲ ਤਿਆਰ ਹੋ ਪਿਆ। ਸਾਵਣ ਦੇ ਮਹੀਨੇ ਦੋਹਾਂ ਦਲਾਂ ਦਾ ਬਟਾਲੇ ਕੋਲ ਟਾਕਰਾ ਹੋ ਗਿਆ। ਬੜੀ

### ਬਟਾਲੇ ਦੀ ਲੜਾਈ

ਲਹੂ ਡੋਲਵੀਂ ਲੜਾਈ ਹੋਈ। ਸ: ਚੜ੍ਹਤ ਸਿੰਘ ਹੱਥੋਂ ਨੂਰਦੀਨ ਤੇ ਸ: ਪਹਾੜਾ ਸਿੰਘ ਦੇ ਹੱਥੋਂ ਦੀਵਾਨ ਸ਼ਿਵ ਦਿਆਲ ਕਤਲ ਹੋ ਗਏ। ਖ਼ਾਨ ਮੁਹੰਮਦ ਵੀ ਏਸੇ ਲੜਾਈ ਵਿਚ ਮਰਿਆ ਗਿਆ। ਜਾਅਫ਼ਰਬੇਗ ਲੜਾਈ ਵਿਚ ਹਾਰ ਕੇ ਤੇ ਜਾਨ ਬਚਾ ਕੇ ਨੱਸ ਗਿਆ। ਸਿੰਘਾਂ ਨੇ ਸਾਰੇ ਇਲਾਕੇ ਉੱਤੇ ਕਬਜ਼ਾ ਕਰ ਲਿਆ।

ਚਾਰ ਨਵੰਬਰ, 1763 ਈ। ਨੂੰ ਦੀਵਾਲੀ ਸੀ। ਦੋਵੇਂ ਦਲ ਅੰਮ੍ਰਿਤਸਰ ਕੱਠੇ ਆ ਹੋਏ। ਸਰੋਵਰ ਸਾਫ਼ ਹੋ ਚੁੱਕਾ ਸੀ, ਤੇ ਹਰਿਮੰਦਰ ਸਾਹਿਬ ਦੀਆਂ ਨੀਂਹਾਂ ਰੱਖਣ ਦੀਆਂ ਸਲਾਹੀ ਹੋ ਰਹੀਆਂ ਸਨ। ਕਈਆਂ ਸਰਦਾਰਾਂ ਦੀ ਸਲਾਹ ਸੀ, ਕਿ ਅਬਦਾਲੀ ਦਾ ਇਕ ਹਮਲਾ ਹੋਰ ਵੇਖ ਕੇ ਹੀ ਹਰਿਮੰਦਰ ਸਾਹਿਬ ਬਣਾਇਆ ਜਾਵੇ, ਪਰ ਬਾਕੀ ਸਰਦਾਰਾਂ ਨੇ ਸਲਾਹ ਦਿੱਤੀ, ਕਿ ਕੰਮ ਆਰੰਭ ਦੇਣਾ ਚਾਹੀਦਾ ਹੈ।

### ਹਰਿਮੰਦਰ ਦੀ ਨੀਂਹ ਰੱਖੀ

ਸਰੋਵਰ ਨੂੰ ਇਸ ਤੋਂ ਪਹਿਲਾਂ ਵੀ ਕਈ ਵਾਰ ਨੁਕਸਾਨ ਪੁਚਾਇਆ ਗਿਆ ਸੀ, ਪਰ ਹਰਿਮੰਦਰ ਸਾਹਿਬ ਨੂੰ ਨੀਂਹਾਂ ਤਕ ਅਬਦਾਲੀ ਨੇ ਹੀ ਇਸ ਵਾਰ ਢਾਹਿਆ ਸੀ। ਸਾਰੇ ਪੰਥ ਨੇ ਅਰਦਾਸਾ ਕਰਕੇ ਕੱਤਕ ਸੁਦੀ ਤੇਰਾਂ (17 ਨਵੰਬਰ, 1763 ਈ।) ਨੂੰ ਹਰਿਮੰਦਰ ਸਾਹਿਬ ਦੀ ਨੀਂਹ ਧਰੀ। ਨਵਾਬ ਕਪੂਰ ਸਿੰਘ ਨੇ ਇੱਟ ਰੱਖੀ ਤੇ ਸ: ਜੱਸਾ ਸਿੰਘ ਆਹਲੂਵਾਲੀਏ ਨੇ ਚੂਨਾ ਪਾਇਆ। ਸਾਰੇ ਸਰਦਾਰਾਂ ਨੇ ਹਰਿਮੰਦਰ ਸਾਹਿਬ ਵਾਸਤੇ ਯਥਾਸ਼ਕਤ ਭੇਟਾ ਚੜ੍ਹਾਈ । ਐਨ ਏਸ ਵੇਲੇ ਖ਼ਬਰ ਮਿਲੀ, ਕਿ ਦੁਰਾਨੀ ਜਰਨੈਲ ਜਹਾਨ ਖ਼ਾਂ ਸਣੇ ਫ਼ੌਜ ਅਟਕ ਟੱਪ ਪਿਆ ਹੈ। ਹਰਿਮੰਦਰ ਸਾਹਿਬ ਦੇ ਉਸਾਰਨ ਦੀ ਸੇਵਾ ਭਾਈ ਦੇਸ ਰਾਜ ਸੁਰਸਿੰਘ ਵਾਲੇ ਨੂੰ ਸੌਂਪ ਕੇ ਸਿੰਘ ਦੁਰਾਨੀ ਦੋ ਟਾਕਰੇ ਵਾਸਤੇ ਉਸ ਪਾਸੇ ਹੋ ਤੁਰੇ।

### ਜਹਾਨ ਖ਼ਾਂ ਹਾਰ ਕੇ ਮੁੜ ਗਿਆ

ਬਿਨਾਂ ਟਾਕਰੇ ਜਹਾਨ ਖ਼ਾਂਵਜ਼ੀਰਾਬਾਦ ਆ ਪੁੱਜਾ।ਏਨੇ ਚਿਰ ਨੂੰ ਸਿੰਘ ਵੀ ਜਾ ਪਹੁੰਚੇ। ਉਹਨਾਂ ਚੌਫੇਰਿਓਂ ਹੀ ਦੁਰਾਨੀ ਉੱਤੇ ਹਮਲਾ ਕੀਤਾ। ਏਸ ਲੜਾਈ ਵਿਚ ਜਹਾਨ ਖ਼ਾਂ ਹਿੱਕ ਡਾਹਕੇ ਖਲੋ ਨਾ ਸਕਿਆ। ਉਹ ਆਪਣੀ ਫ਼ੌਜ ਦਾ ਚੋਖਾ ਨੁਕਸਾਨ ਕਰਾ ਕੇ ਤੇ ਪੂਰੀ ਤਰਾਂ ਹਾਰ ਕੇ ਕਾਬਲ ਨੂੰ ਨੱਸ ਗਿਆ। ਸਿੰਘ ਫ਼ਤਹਿ ਦੇ ਜੈਕਾਰੇ ਛੱਡਦੇ ਅੰਮ੍ਰਿਤਸਰ ਆ ਪੁੱਜੇ। ਇਹ ਘਟਨਾ ਨਵੰਬਰ (1763 ਈ।) ਦੇ ਅਖ਼ੀਰ ਵਿਚ ਹੋਈ।

### ਮਲੇਰ ਕੋਟਲਾ ਮਾਰਿਆ

ਅੰਮ੍ਰਿਤਸਰ ਸਿੰਘਾਂ ਨੇ ਗੁਰਮਤਾ ਕੀਤਾ, ਕਿ ਸੂਬਾ ਸਰਹਿੰਦ ਨੂੰ ਸੋਧਿਆ ਜਾਵੇ। ਇਸ ਹਮਲੇ ਵਿਚ ਬਾਰਾਂ ਮਿਸਲਾਂ ਹੀ ਸ਼ਾਮਲ ਸਨ। ਸਾਰੇ ਦਲ ਦਾ ਲੀਡਰ ਸ: ਜੱਸਾ ਸਿੰਘ ਆਹਲੂਵਾਲੀਆ ਸੀ। ਦਸੰਬਰ, 1763 ਈ। ਵਿਚ ਖ਼ਾਲਸੇ ਨੇ ਮਲੇਰ ਕੋਟਲੇ ਨੂੰ ਘੇਰਾ ਪਾ ਲਿਆ। ਨਵਾਬ ਭੀਖਣਖ਼ਾਂ ਬਾਹਰ ਆ ਕੇ ਲੜਿਆ ਤੇ ਛਾਤੀ ਵਿਚ ਗੋਲੀ ਖਾ ਕੇ ਮਰ ਗਿਆ। ਸਿੰਘਾਂ ਨੇ ਮਲੇਰ ਕੋਟਲਾ ਲੁੱਟ ਲਿਆ ਤੇ ਤਬਾਹ ਕਰ ਦਿੱਤਾ ।

-ਚਲਦਾ

# ਜੋ ਬੋਲੇ ਸੋ ਨਿਹਾਲ
## "ਗਾਥਾ ਗੂੜ ਅਪਾਰੰ"

**ਲੇਖਕ : ਗੁਰਤੇਜ ਸਿੰਘ**

ਜੋਜ਼ਫ਼ ਸਟੈਲਿਨ ਅਤੇ ਮਾਓ ਜ਼ੇ ਤੁੰਗ ਸੋਵੀਅਤ ਯੂਨੀਅਨ ਅਤੇ ਚੀਨ ਦੇ ਵੱਡੇ ਸਿਆਸੀ ਆਗੂ ਹੋਏ ਹਨ। ਇਹਨਾਂ ਨੇ ਕਾਰਲ ਮਾਰਕਸ ਦੇ ਮਨੁੱਖਤਾ ਲਈ ਸਿਰਜੇ ਵੱਡੇ ਸੁਪਨਿਆਂ ਨੂੰ ਸੰਸਾਰ ਦੀ ਧਰਾਤਲ ਉੱਤੇ ਉਤਾਰਨਾ ਸੀ। ਇਹਨਾਂ ਉਹ ਸੁਰਗ ਦਾ ਨਕਸ਼ਾ ਜਿਸ ਵਿੱਚ 'ਹਰ ਇੱਕ ਬੰਦਾ ਸ਼ਾਹ ਦੁਨੀਆ ਦਾ ਹਰ ਇੱਕ ਤੀਵੀਂ ਰਾਣੀ' ਹੋਵੇ, ਧਰਤੀ ਉੱਤੇ ਵਾਹੁਣਾ ਸੀ। ਅਨੇਕਾਂ ਬੋਲੀਆਂ ਵਿੱਚ ਹਿੰਦੋਸਤਾਨ ਵਿੱਚ ਤਕਰੀਬਨ ਮੁਫ਼ਤ ਵੰਡੇ ਜਾਂਦੇ ਸੋਵੀਅਤ ਰਸਾਲੇ ਵਿੱਚ ਦਿਓ-ਕੱਦ ਜੋੜੇ ਦੀ ਤਸਵੀਰ ਜ਼ਰੂਰ ਹੁੰਦੀ ਸੀ। ਔਰਤ ਦੇ ਹੱਥ ਵਿੱਚ ਕਣਕ ਦੀਆਂ ਬੱਲੀਆਂ ਅਤੇ ਮਰਦ ਦੇ ਹੱਥ ਦਾਤ-ਨੁਮਾ ਦਾਤਰੀ ਹੁੰਦੀ ਸੀ। ਬਰਾਬਰਤਾ, ਖ਼ੁਸ਼ਹਾਲੀ ਉਹਨਾਂ ਦੇ ਚਿਹਰਿਆਂ ਤੋਂ ਝਲਕਦੀ ਹੁੰਦੀ ਸੀ। ਇਹੋ ਜਿਹੇ ਮੁਜੱਸਮੇ ਵੇਖ ਕੇ ਗੁਰਬਖ਼ਸ਼ ਸਿੰਘ ਪ੍ਰੀਤਲੜੀ, ਸੋਹਣ ਸਿੰਘ ਜੋਸ਼ ਤੇ ਸੰਤ ਸਿੰਘ ਸੇਖੋਂ ਆਦਿ ਨੇ ਸਿੱਖਾਂ ਦੀ ਬੌਧਿਕ ਅਗਵਾਈ ਦੇ ਪਰ ਕੱਟ ਕੇ, ਉਸ ਨੂੰ ਸਾਮਵਾਦੀ ਦਲਦਲ ਵਿੱਚ ਧੱਕ ਕੇ ਸਿੱਖ ਕੌਮ ਨੂੰ ਦਿਸ਼ਾਹੀਣ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ ਸੀ। ਚੰਗੇ ਭਲ਼ੇ ਨਿੱਤ ਨੇਮੀ, ਅੰਮ੍ਰਿਤਧਾਰੀ, ਗ਼ਦਰੀ ਬਾਬਿਆਂ ਨੂੰ ਵੀ ਤਰਾਸ਼ ਕੇ ਕੌਮਿਊਨਿਜ਼ਮ ਦੇ ਚੌਖਟੇ ਵਿੱਚ ਕੱਸ ਦਿੱਤਾ ਸੀ।

ਇਹ ਤਾਂ ਸਰਬੀਆ ਵਿੱਚ ਦਫ਼ਨਾਏ ਲੱਖਾਂ ਲੋਕਾਂ ਦੀਆਂ ਕਬਰਾਂ ਅਤੇ ਚੀਨ ਦੀ 'ਅਗਾਂਹ ਨੂੰ ਵੱਡੀ ਛਾਲ' ਇਨਕਲਾਬ ਵਿੱਚ ਕਤਲ ਕੀਤਿਆਂ ਦੀਆਂ ਗਿਣਤੀਆਂ ਦੇ ਬਾਅਦ ਪਤਾ ਲੱਗਿਆ ਕਿ ਚੀਨ, ਰੂਸ ਨੇ ਕਿਹੋ ਜਿਹਾ ਸੁਰਗ ਸਾਜਿਆ ਸੀ। ਮਾਓ ਨੇ 1958 ਤੋਂ 1962 ਤੱਕ 450 ਤੋਂ 600 ਲੱਖ ਨਿਹੱਥੇ, ਨਿਮਾਣੇ, ਨਿਤਾਣੇ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ। ਇਨ੍ਹਾਂ ਵਿੱਚ ਹੂਨਾਨ ਸੂਬੇ ਦਾ ਇੱਕ ਭੁੱਖ ਦਾ ਸਤਾਇਆ ਬੱਚਾ ਵੀ ਸੀ ਜਿਸ ਨੇ ਇੱਕ ਮੁੱਠੀ ਅਨਾਜ ਚੋਰੀ ਕਰ ਲਿਆ ਸੀ ਅਤੇ ਉਸ ਦੇ ਬਾਪ ਨੂੰ ਮਜਬੂਰ ਕਰ ਕੇ ਉਸ ਨੂੰ ਜਿਊਂਦੇ ਨੂੰ ਦਫ਼ਨ ਕਰਵਾ ਦਿੱਤਾ ਸੀ। ਇੱਕ ਉਹ ਵੀ ਸੀ ਜਿਸ ਨੂੰ ਇੱਕ ਆਲੂ ਪੁੱਟਣ ਦੀ ਸਜ਼ਾ ਵਜੋਂ ਗਰਮ ਲੋਹੇ ਨਾਲ ਦਾਗ਼ ਦਿੱਤਾ ਸੀ। ਸਟੈਲਿਨ ਨੇ 400 ਲੱਖ ਕੂਲਕ ਲੋਕਾਂ ਨੂੰ ਨਕਲੀ ਕਾਲ ਪਾ ਕੇ ਭੁੱਖਿਆਂ ਮਾਰ ਦਿੱਤਾ ਸੀ। ਇਹ ਸਾਰੇ ਇਹਨਾਂ ਦੇ ਆਪਣੇ ਦੇਸ਼-ਵਾਸੀ ਸਨ।

ਧੰਨ ਹਨ ਸਾਡੇ ਆਗੂ ਜਿਹੜੇ ਅਜੇ ਵੀ ਸਮਰਾਜਵਾਦ ਦੇ ਗੁਣਗਾਣ ਦਾ ਰਿਆਜ਼ ਮੁਕਤ-ਕੰਠ ਕਰ ਰਹੇ ਹਨ।

ਸਟੈਲਿਨ ਨੇ ਦਾਅਵਾ ਕੀਤਾ ਸੀ ਕਿ ਕੁੱਲ ਮਨੁੱਖੀ ਸਮਾਜ ਦੀ ਭਲਾਈ ਲਈ, ਅਸੂਲਾਂ ਉੱਤੇ ਟੇਕ ਰੱਖਦੀ, ਸੰਸਾਰ ਦੀ ਪਹਿਲੀ ਸਿਆਸੀ ਤਨਜ਼ੀਮ ਉਸ ਦੀ ਕੌਮਿਊਨਿਸਟ ਪਾਰਟੀ ਹੈ। ਦੁਨੀਆ ਭਰ ਦੇ ਸਮਾਜਕ ਅਤੇ ਸਿਆਸੀ ਢਾਂਚਿਆਂ ਦੇ ਵੱਡੇ ਜਾਣਕਾਰ ਆਰਨਲਡ ਟੋਇਨਬੀ ਨੇ ਇਸ ਦਾਅਵੇ ਨੂੰ ਨਕਾਰਦਿਆਂ ਨਿਰਣਾ ਦਿੱਤਾ ਕਿ ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਹੀ ਅਜਿਹੀ ਪਹਿਲੀ ਸਿਆਸੀ ਤਨਜ਼ੀਮ ਹੈ। ਸਿੱਖ ਪੰਥ ਦੀ ਇਹ ਕਮਜ਼ੋਰੀ ਹੈ ਕਿ ਇਸ ਨੇ ਅਜੇ ਤੱਕ ਖ਼ਾਲਸੇ ਦੇ ਸਿਆਸੀ ਰੁਤਬੇ ਅਤੇ ਕਰਤਬ ਬਾਰੇ ਚਰਚਾ ਨਾ ਕਰ ਕੇ ਕੇਵਲ ਉਸ ਦੇ ਧਾਰਮਕ ਪੱਖ ਨੂੰ ਹੀ ਉਜਾਗਰ ਕੀਤਾ ਹੈ। ਅੱਜ, ਖ਼ਾਸ ਤੌਰ ਉੱਤੇ ਕੋਵਿਡ ਦੇ ਜ਼ਮਾਨੇ ਵਿੱਚ, ਹਰ ਕਿਸਮ ਦੇ ਸਿਆਸੀ ਪ੍ਰਬੰਧ ਢਹਿ-ਢੇਰੀ ਹੋ ਚੁੱਕੇ ਹਨ। ਲੋਕਾਂ ਦਾ ਯਕੀਨ ਮੌਜੂਦਾ ਕਿਸਮ ਦੇ ਸਿਆਸੀ ਆਗੂਆਂ ਤੋਂ ਉੱਠ ਚੁੱਕਾ ਹੈ। ਹੁਣ ਪਰਗਟ ਹੋਇਆ ਹੈ ਕਿ ਹਰ ਕਿਸਮ ਦੀ ਰਾਜ-ਪ੍ਰਣਾਲੀ ਹਾਕਮ ਜਮਾਤ ਦੀ ਲੁੱਟ, ਚਾਲੀ ਗੰਜ ਜੋੜਨ ਦੀ ਹਵਸ ਅਤੇ ਹੁਕਮ ਚਲਾਉਣ ਦੇ ਝੱਸ ਪੂਰਾ ਕਰਨ ਦਾ ਕੇਵਲ ਸਾਧਨ ਬਣ ਕੇ ਹੀ ਰਹਿ ਗਈ ਹੈ।

ਮਨੁੱਖਤਾ ਦੀ ਆਤਮਾ ਆਪਣੀਆਂ ਨਸਲਾਂ ਦੇ ਭਵਿੱਖ ਨੂੰ ਲੈ ਕੇ ਡੂੰਘੇ ਫ਼ਿਕਰ ਵਿੱਚ ਹੈ। ਅੱਜ ਦੀ ਪੀੜ੍ਹੀ ਨੇ ਧਰਮ ਨੂੰ ਅਤੇ ਸਿਆਸਤ ਨੂੰ, ਇੱਕ ਦੂਜੇ ਤੋਂ ਵਧ ਕੇ, ਆਮ ਲੋਕਾਂ ਦਾ ਹਰ ਪੱਖੋਂ ਸ਼ੋਸ਼ਣ ਕਰਦਿਆਂ ਵੇਖਿਆ ਹੈ ਠੀਕ ਉਵੇਂ ਜਿਵੇਂ ਸੱਚੇ ਸਾਹਿਬ ਨੇ ਸਦੀਆਂ ਪਹਿਲਾਂ ਫੁਰਮਾਇਆ ਸੀ: "ਰਾਜ ਕਪਟੰ ਰੂਪ ਕਪਟੰ ਧਨ ਕਪਟੰ ਕੁਲ ਗਰਬਤਹ॥ ਸੰਚੰਤਿ ਬਿਖਿਆ ਛਲੰ ਛਿਦ੍ਰੰ ਨਾਨਕ ਬਿਨੁ ਹਰਿ ਸੰਗਿ ਨ ਚਾਲਤੇ॥੧॥" ਜਦੋਂ ਮਨੁੱਖਤਾ ਦੀ ਉੱਤਮ ਚੇਤਨਾ ਵਿੱਚ ਲੇਖਾ-ਜੋਖਾ ਹੁੰਦਾ ਹੈ ਤਾਂ ਮਾਓ, ਹਿਟਲਰ, ਸਟੈਲਿਨ ਦਾ ਅਤੇ ਉਨ੍ਹਾਂ ਦੀਆਂ ਰਾਜ-ਪ੍ਰਣਾਲੀਆਂ ਦਾ ਕੌਡੀ ਮੁੱਲ ਨਹੀਂ ਪੈਂਦਾ। "ਪੇਖੰਦੜੋ ਕੀ ਭੁਲੁ ਤੁੰਮਾ ਦਿਸਮੁ ਸੋਹਣਾ॥ ਅਢੁ ਨ ਲਹਦੜੋ ਮੁਲੁ ਨਾਨਕ ਸਾਥਿ ਨਾ ਜੁਲਈ ਮਾਇਆ॥"

"ਸਾਥਿ" ਜਾਂਦੀ ਹੈ ਬਾਬਾ ਬੰਦਾ ਸਿੰਘ ਬਹਾਦਰ ਵਰਗਿਆਂ ਦੀ ਸੁੱਚੀ ਘਾਲਣਾ ਜਿਸ ਤੋਂ ਪ੍ਰੇਰਨਾ ਲੈ ਕੇ 25 ਸਿਪਾਹੀਆਂ ਨੇ ਪੰਜ ਤੀਰਾਂ ਦੀ ਵਿਰਾਸਤ ਨਾਲ ਜ਼ਮਾਨੇ ਦੀ ਸਭ ਤੋਂ ਤਾਕਤਵਰ ਅਤੇ ਸਭ ਤੋਂ ਜ਼ਾਲਮ ਹਕੂਮਤ ਉੱਤੇ ਫ਼ਤਿਹ ਪਾਈ। ਫਿਰ ਦੁਨੀਆਂ ਦਾ ਸਭ ਤੋਂ ਪਹਿਲਾ ਲੋਕ-ਰਾਜ ਸਥਾਪਤ ਕੀਤਾ ਜਿਸ ਵਿੱਚ ਊਚ-ਨੀਚ ਦੇ ਭੇਦ-ਭਾਵ ਮਿਟ ਗਏ। ਜੁੱਤੀਆਂ ਗੰਢਣ ਵਾਲੇ ਸਿਰ ਉੱਤੇ ਕਲਗੀਆਂ ਸਜਾ ਕੇ ਰਾਜੇ ਬਣੇ। ਓਸ ਨੇ ਆਖਿਆ ਅਸੀਂ 'ਸਤਿਜੁਗ ਵਰਤਾਇਆ ਹੈ।' ਜ਼ਮਾਨੇ ਨੇ ਇੱਕ ਜ਼ੁਬਾਨ ਹੋ ਸ਼ਾਹਦੀ ਭਰੀ। ਤੇਗ਼ ਅਤੇ ਦੇਗ਼ ਪਹਿਲੀ ਵਾਰ ਨਪੀੜਿਆਂ-ਲਤਾੜਿਆਂ ਦੇ ਹੱਕ ਵਿੱਚ ਚੱਲੀ। ਬਰਕਤ ਵਾਲੀ ਨਾਨਕ ਦੀ ਤੇਗ਼ ਨੇ ਸਭ ਸਤਾਇਆਂ ਦੇ ਉੱਤੇ ਛਾਂ ਕੀਤੀ: 'ਤੇਗੇ ਨਾਨਕ ਵਾਹਬ ਅਸਤ।' ਖਰੇ ਸੌਦੇ ਵਾਲੀ ਦੇਗ਼ ਫਿਰ ਚੜ੍ਹੀ ਅਤੇ ਨਾ ਕੋਈ ਭੁੱਖਾ ਸੁੱਤਾ ਨਾ ਦੁਖੀ। ਲੋਕਾਂ ਦਾ ਕਤਲੇਆਮ ਕਰਨ ਦੀ ਬਜਾਏ, ਸਮਾਂ ਆਉਣ ਉੱਤੇ, ਹਾਕਮਾਂ ਨੇ ਆਪਣੇ ਬੱਚਿਆਂ ਦੇ ਕਾਲਜੇ ਮੂੰਹ ਪਵਾਏ ਅਤੇ ਆਪਣੇ ਸਰੀਰਾਂ ਨੂੰ ਮਨੁੱਖ-ਮਾਤਰ ਦੀ ਢਾਲ ਬਣਾਇਆ; ਸਾਰੇ ਵਾਰ ਹੱਸ-ਹੱਸ ਝੱਲੇ। ਸਾਰੀ ਸਦੀ ਇਹ ਵਰਤਾਰਾ ਰਿਹਾ।

ਰਣਜੀਤ ਸਿੰਘ ਦੇ ਸਮੇਂ ਦਾ ਖ਼ਾਲਸਾ ਰਾਜ ਜਾਂ ਖ਼ਾਲਸੇ ਦੀ ਅਗਵਾਈ ਵਿੱਚ ਲੋਕਾਂ ਦਾ ਰਾਜ, ਬੰਦਾ ਬਹਾਦਰ ਦੇ ਖ਼ਾਲਸਾ ਰਾਜ ਦਾ ਪਰਛਾਵਾਂ ਮਾਤਰ ਸੀ। ਪਰ ਦੇਗ਼ ਅਤੇ ਤੇਗ਼ ਓਸੇ ਵੇਗ ਅਤੇ ਖ਼ਲੂਸ ਨਾਲ ਚੱਲੀ। ਮੁਖੀ ਨੇ ਕਲਗ਼ੀ ਪੱਗ ਤੋਂ ਲਾਹ ਕੇ ਲਾਚਾਰ ਬੁੱਢੇ ਨੂੰ ਸਰਕਾਰੋਂ ਮਿਲੀ ਕਣਕ ਦੀ ਪੰਡ ਸਿਰ ਉੱਤੇ ਰੱਖ ਲਈ ਅਤੇ 'ਪਾਂਡੀ ਪਾਤਸ਼ਾਹ' ਕਹਾਇਆ। ਜੰਗਲ ਦੇ ਜਾਨਵਰਾਂ ਨੂੰ ਵੀ ਧਰਵਾਸ ਮਿਲਿਆ। ਵਿਲਕਦੀ ਸ਼ੇਰਨੀ ਦੀ ਫ਼ਰਿਆਦ ਉਸ ਦੇ ਕੰਨੀਂ ਪਈ ਅਤੇ ਇਹ ਆਖ ਕੇ ਉਸ ਨੇ ਉਸ ਦੇ ਬੱਚਿਆਂ ਨੂੰ ਸਿਪਾਹੀਆਂ ਤੋਂ ਮੁਕਤ ਕਰਾਇਆ: "ਸ਼ੇਰਨੀ ਵੀ ਤਾਂ ਮਾਂ ਹੁੰਦੀ ਹੈ।" ਲੌਰਡ ਐਕਟਨ ਆਖਦਾ ਹੈ ਕਿ ਚਾਲੀ ਸਾਲਾਂ ਵਿੱਚ ਕਿਸੇ ਇੱਕ ਮਨੁੱਖ ਨੂੰ ਉਸ ਦੇ ਹੁਕਮ ਨਾਲ ਫ਼ਾਂਸੀ ਨਾ ਲੱਗੀ।

ਇੱਕੀਵੀਂ ਸਦੀ ਵਿੱਚ ਜਦੋਂ ਬੀ.ਬੀ.ਸੀ. ਨੇ ਸਭ ਤੋਂ ਵੱਧ ਜਾਣਕਾਰੀ ਰੱਖਣ ਵਾਲੇ ਕਈ ਮੁਲਕਾਂ ਦੇ ਇਤਿਹਾਸਕਾਰਾਂ ਨੂੰ ਪੁੱਛਿਆ ਤਾਂ ਸਭ ਦਾ ਨਿਰਣਾ ਸੀ ਕਿ ਬੀਤੀਆਂ ਸਦੀਆਂ ਵਿੱਚ ਸਭ ਤੋਂ ਉੱਤਮ ਰਾਜ ਰਣਜੀਤ ਸਿੰਘ ਦਾ ਖ਼ਾਲਸਾ ਰਾਜ ਹੀ ਸੀ। ਸਮੇਂ ਨੇ ਤੇਗ਼ ਦੇ ਰਾਹ ਵਿੱਚ ਕੁਝ ਰੁਕਾਵਟਾਂ ਪਾਈਆਂ ਪਰ ਖ਼ਾਲਸੇ ਦੀ ਦੇਗ਼ ਨਿਰੰਤਰ ਚੱਲਦੀ ਰਹੀ। ਮਨੁੱਖਤਾ ਦੀ ਹਰ ਮੁਸ਼ਕਲ, ਹਰ ਮਜਬੂਰੀ ਦਾ ਅਹਿਸਾਸ ਖ਼ਾਲਸੇ ਨੂੰ ਹੋਇਆ। ਇਰਾਕ, ਬੰਗਲਾ ਦੇਸ਼, ਕਸ਼ਮੀਰ, ਅਮਰੀਕਾ, ਕੈਨੇਡਾ, ਔਸਟ੍ਰੇਲੀਆ, ਨੇਪਾਲ, ਕੇਰਲਾ, ਗੁਜਰਾਤ ਆਦਿ ਜਿੱਥੇ ਵੀ ਲੋੜ ਪਈ ਗੁਰੂ ਨਾਨਕ ਦੀ ਦੇਗ਼ ਸਭ ਤੋਂ ਪਹਿਲਾਂ ਉੱਥੇ ਪਹੁੰਚੀ। ਗੁਰੂ ਰੂਪ ਵਿੱਚ ਖ਼ਾਲਸੇ ਦਾ ਬਿਰਦ ਹੈ 'ਜੋ ਬੋਲੇ ਸੋ ਨਿਹਾਲ।' ਅਰਥਾਤ 'ਕਿਸੇ ਮੁਸ਼ਕਲ ਵਿੱਚ ਫ਼ਸੇ ਮਨੁੱਖ ਦੀ ਪੁਕਾਰ ਸੁਣ ਕੇ ਜੋ ਮਦਦ ਦਾ ਹੁੰਗਾਰਾ ਭਰਦਾ ਹੈ ਉਹ ਸੱਚੇ ਦੀ ਦਰਗਾਹ ਵਿੱਚ ਨਿਹਾਲ ਹੋਵੇਗਾ।' ਬੋਲਣਾ ਧਰਮ ਹੈ ਕਿਉਂਕਿ ਅਕਾਲ ਦੀ ਹਰ ਮੁਹਾਜ਼ ਉੱਤੇ ਜਿੱਤ ਨੂੰ ਯਕੀਨੀ ਬਣਾਉਣਾ ਗੁਰੂ ਦਾ ਕਉਲ ਹੈ, ਖ਼ਾਲਸੇ ਦਾ ਕਰਤੱਵ ਹੈ 'ਸਤਿ ਸ੍ਰੀ ਅਕਾਲ।'

ਅੱਜ ਹਿੰਦੋਸਤਾਨ ਨੂੰ ਉਸੇ ਗ਼ੁਲਾਮੀ ਵਿਚ ਧੱਕਣ ਦਾ ਵੱਡਾ ਯਤਨ ਧਰਮ ਅਤੇ ਸਿਆਸਤ ਕਰ ਰਹੇ ਹਨ। ਬ੍ਰਾਹਮਣ ਹਰ ਇੱਕ ਨੂੰ ਨਿਆਸਰਾ ਕਰ ਕੇ ਆਪਣੀ ਹਕੂਮਤ ਸਭਨਾਂ ਉੱਤੇ ਸਥਾਪਤ ਕਰਨ ਨੂੰ ਉਤਾਵਲਾ ਹੈ। ਚਮਨ ਨੂੰ ਅੱਗ ਲੱਗੇਗੀ ਤਾਂ ਹਰ ਆਲ੍ਹਣਾ ਰਾਖ ਹੋ ਜਾਵੇਗਾ। ਇੱਕ ਦਹਿ-ਸਦੀ ਬਾਅਦ ਇੱਕ ਵਾਰ ਫੇਰ ਦਸਤਕ ਦੇ ਰਹੀ ਬ੍ਰਾਹਮਣ ਦੀ ਗ਼ੁਲਾਮੀ ਵਿਰੁੱਧ ਆਵਾਜ਼ ਉਠਾ ਕੇ ਇਸ ਕੁਲਹਿਣੀ ਰੀਤ ਨੂੰ ਧੱਕ ਕੇ ਮਨੁੱਖਤਾ ਦੇ ਬੂਹੇ ਤੋਂ ਦੂਰ ਕਰਨਾ ਸਭਨਾਂ ਦਾ ਫ਼ਰਜ਼ ਹੈ। ਇੱਕ ਵਾਰੀ ਫੇਰ ਖ਼ਾਲਸਾਈ ਨਾਅਰਾ ਹੈ: 'ਜੋ ਬੋਲੇ ਸੋ ਨਿਹਾਲ।' ਕੀ ਸ਼ਿਵਾ ਜੀ ਦੇ ਪੈਰੋਕਾਰ, ਜਿਨ੍ਹਾਂ ਦੇ ਮੱਥੇ ਉੱਤੇ ਬ੍ਰਾਹਮਣ ਨੇ ਪੈਰ ਨਾਲ ਤਿਲਕ ਲਗਾਇਆ ਸੀ, ਨਹੀਂ ਬੋਲਣਗੇ? ਕੀ ਹਰ ਤੀਜੇ ਵਰ੍ਹੇ ਮਾਵਾਂ, ਭੈਣਾਂ, ਬੇਟੀਆਂ ਦਾ ਜੌਹਰ ਹੰਢਾਉਣ ਵਾਲੇ ਰਾਜਪੂਤ ਨਹੀਂ ਬੋਲਣਗੇ? ਕੀ ਹਿੰਦ ਦੀ ਆਤਮਾ ਦੇ ਅਸਲ ਵਾਰਸ ਅਤੇ ਸਦੀਆਂ ਤੋਂ ਬ੍ਰਾਹਮਣ ਦੇ ਸਤਾਏ ਮੂਲ ਨਿਵਾਸੀ ਨਹੀਂ ਬੋਲਣਗੇ?

ਕਾਰਲ ਮਾਰਕਸ, ਮਾਓ, ਸਟੈਲਿਨ ਦੇ ਪੈਰੋਕਾਰਾਂ ਦੇ, ਹਿਟਲਰ ਦੇ ਪੈਰੋਕਾਰਾਂ ਵਾਂਗ ਹੀ, ਹੱਥ ਮਨੁੱਖਤਾ ਦੇ ਖ਼ੂਨ ਨਾਲ ਰੰਗੇ ਹੋਏ ਹਨ। ਜੇ ਇਹਨਾਂ ਬੋਲਣਾ ਹੈ ਤਾਂ ਹਿਰਦੇ ਨੂੰ ਸ਼ੁੱਧ ਕਰ ਕੇ ਗੁਰੂ ਨਾਨਕ ਦੇ ਨਕਸ਼ੇ- ਕਦਮ ਉੱਤੇ ਚੱਲਦਿਆਂ 'ਜੋ ਬੋਲੇ ਸੋ ਨਿਹਾਲ' ਦੇ ਨਾਅਰੇ ਦਾ ਨਿੱਘ ਮਾਣਦਿਆਂ 'ਸਤਿ ਸ੍ਰੀ ਅਕਾਲ' ਫ਼ਤਹਿ ਕਰਨ ਵੱਲ ਹੀ ਮੂੰਹ ਕਰਨਾ ਪਵੇਗਾ। ਅੱਜ ਇਹੀ ਕੁੱਲ ਮਨੁੱਖਤਾ ਦਾ ਸਾਂਝਾ ਨਾਅਰਾ ਹੈ।




# ਕੀ ਤੁਸੀਂ ਪੰਛੀਆਂ ਅਤੇ ਜਾਨਵਰਾਂ ਬਾਰੇ ਇਹ ਤੱਥ ਜਾਣਦੇ ਹੋ?

1. ਵਿਸ਼ਵ ਦਾ ਸਭ ਤੋਂ ਛੋਟਾ ਥਲੀ Vertebrate (ਅਜਿਹੇ ਜਾਨਵਰ ਜਿਨ੍ਹਾਂ ਵਿੱਚ ਰੀੜ੍ਹ ਦੀ ਹੱਡੀ ਹੁੰਦੀ ਹੈ) ਜੀਵ ਹੈ, ਜੋ ਕਿ (Paedophryne amanueniss) ਪ੍ਰਜਾਤੀ ਨਾਲ ਸੰਬੰਧਿਤ ਹੈ ਅਤੇ ਇਸ ਨੂੰ ਦੇਖਣਾ ਵੀ ਬਹੁਤ ਮੁਸ਼ਕਿਲ ਹੈ। ਜੰਗਲ ਵਿੱਚ ਜਾਨਵਰਾਂ ਦੇ ਮਲ 'ਤੇ ਪਰੀਖਣ ਕਰਦਿਆਂ ਜਦੋਂ ਇੱਕ ਬੈਗ ਵਿੱਚ ਮਲ ਪਾਇਆ ਜਾਣ ਲੱਗਾ ਤਾਂ ਇਹ ਜਾਨਵਰ ਬੈਗ ਦੇ ਨੇੜੇ ਟੱਪਦਾ ਮਿਲਿਆ। ਇਸ ਤਰ੍ਹਾਂ ਦੀ ਖੋਜ ਹੋਈ।
2. ਵਿਸ਼ਵ ਦਾ ਸਭ ਤੋਂ ਵੱਡਾ ਦੁੱਧ ਪਿਲਾਉਣ ਵਾਲਾ ਜੀਵ (Mammal) ਅਤੇ ਪਾਣੀ ਵਿੱਚ ਰਹਿਣ ਵਾਲਾ ਜੀਵ ਨੀਲੀ ਵ੍ਹੇਲ ਹੈ। ਨੀਲੀ ਵ੍ਹੇਲ ਦਾ ਭਾਰ 200 ਟਨ ਤੱਕ ਜਾਂ ਲਗਭਗ 441,000 ਪਾਊਂਡ ਹੁੰਦਾ ਹੈ।
3. ਵਿਸ਼ਵ ਦਾ ਸਭ ਤੋਂ ਵੱਡਾ ਅਤੇ ਭਾਰੀ ਥਲੀ ਜੀਵ ਅਫਰੀਕਨ ਬੁਸ਼ ਹਾਥੀ ਹੈ, ਜਿਸਦਾ ਮੋਢਿਆਂ ਤੱਕ ਕੱਦ 3.96 ਮੀਟਰ (13.0 ਫੁੱਟ) ਅਤੇ ਭਾਰ 10.4 ਟਨ ਹੁੰਦਾ ਹੈ।
4. ਵਿਸ਼ਵ ਦਾ ਸਭ ਤੋਂ ਉੱਚੇ ਕੱਦ ਵਾਲਾ ਜੀਵ ਅਫਰੀਕਨ ਜੀਰਾਫ਼ (iGraffa Camelopardails) ਹੈ। ਨਰ ਜੀਰਾਫ਼ ਦਾ ਕੱਦ 4-5 ਮੀਟਰ ਅਤੇ ਭਾਰ 1 ਤੋਂ 4 ਟਨ ਹੁੰਦਾ ਹੈ। ਜੀਟਾਫ਼ ਦੇ ਸਰੀਰ 'ਚ ਇੱਕ ਆਵਾਜ਼ ਬਾੱਕਸ (ਲ਼ਓਰੇਨਣ) ਹੁੰਦਾ ਹੈ, ਪਰ ਸ਼ਾਇਦ ਵੋਕਲ ਫੋਲਡ ਦੇ ਕੰਪਨ ਅਤੇ ਸ਼ੋਰ ਕਰਨ ਲਈ, ਆਪਣੇ 13 ਫੁੱਟ (4 ਮੀਟਰ) ਲੰਬੇ ਹਵਾ ਨਾਲੀ ਦੁਆਰਾ ਹਵਾ ਦਾ ਦਬਾਵ ਉਤਪੰਨ ਨਹੀਂ ਕਰ ਪਾਉਂਦਾ। ਖੋਜ-ਕਰਤਾਂ ਦਾ ਅਨੁਮਾਨ ਹੈ ਕਿ ਕਿਸੇ ਨੇ ਵੀ ਜੀਰਾਫ਼ ਦੀ ਆਵਾਜ਼ ਨਹੀਂ ਸੁਣੀ, ਕਿਉਂਕਿ ਇਨ੍ਹਾਂ ਦੀ ਆਵਾਜ਼ ਆਵਿਰਤੀ ਮਨੁੱਖੀ ਕੰਨਾਂ ਦੀ ਸੁਣਨ-ਸ਼ਕਤੀ ਅਨੁਸਾਰ ਬਹੁਤ ਲੋਅ ਹੈ।



# ਆਓ ਜਾਣੀਏ ਜਹਾਜ਼ ਵਿਚਲੇ ਬਲੈਕ ਬਾਕਸ ਬਾਰੇ

ਪਿਆਰੇ ਬੱਚਿਓ, ਪਿਛਲੇ ਦਿਨੀਂ ਹੈਲੀਕਾਪਟਰ ਹਾਦਸੇ ਵਿਚ ਸਾਡੇ ਦੇਸ਼ ਦੇ ਪਹਿਲੇ ਚੀਫ਼ ਆਫ਼ ਡਿਫੈਂਸ ਸਟਾਫ਼ ਜਨਰਲ ਬਿਪਿਨ ਰਾਵਤ, ਪਤਨੀ ਮਧੁਲਿਕਾ ਤੇ ਉਨ੍ਹਾਂ ਦੇ ਨਾਲ ਸਫ਼ਰ ਕਰ ਰਹੇ ਜਵਾਨਾਂ ਦੇ ਮਾਰੇ ਜਾਣ ਦੀ ਖ਼ਬਰ ਨੇ ਦੇਸ਼ ਵਾਸੀਆਂ ਦੇ ਦਿਲ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਜਦੋਂ ਵੀ ਕਦੇ ਅਜਿਹਾ ਹਾਦਸਾ ਹੁੰਦਾ ਹੈ ਤਾਂ ਸਾਰੇ ਲੋਕ ਇਹ ਚਾਹੁੰਦੇ ਹਨ ਕਿ ਹਾਦਸੇ ਦੇ ਕਾਰਨਾ ਦਾ ਪਤਾ ਲੱਗੇ। ਜਾਂਚ ਕਰ ਰਹੇ ਅਧਿਕਾਰੀ ਹੈਲੀਕਾਪਟਰ ਜਾਂ ਜਹਾਜ਼ ਵਿਚ ਲੱਗਾ ਬਲੈਕ ਬਾਕਸ ਲੱਭ ਕੇ ਉਸ ਵਿਚੋਂ ਪ੍ਰਾਪਤ ਜਾਣਕਾਰੀ ਦੇ ਆਧਾਰ ਤੇ ਹਾਦਸੇ ਦਾ ਕਾਰਨ ਪਤਾ ਕਰਦੇ ਹਨ। ਬਲੈਕ ਬਾਕਸ ਦੀ ਮਦਦ ਨਾਲ ਅਸੀਂ ਜਾਣ ਸਕਦੇ ਹਾਂ ਕਿ ਇਹ ਹਾਦਸਾ ਕਿਉਂ ਤੇ ਕਿਸ ਸਥਿਤੀ ਵਿਚ ਵਾਪਰਿਆ, ਹਾਦਸੇ ਤੋਂ ਪਹਿਲਾਂ ਪਾਇਲਟਾਂ ਦੀ ਆਪਸੀ ਤੇ ਹਵਾਈ ਟ੍ਰੈਫਿਕ ਕੰਟਰੋਲ ਨਾਲ ਹੋਈ ਗੱਲਬਾਤ, ਜਹਾਜ਼ ਦੀ ਰਫ਼ਤਾਰ, ਪਾਇਲਟ ਦੀ ਗ਼ਲਤੀ ਜਾਂ ਤਕਨੀਕੀ ਖ਼ਰਾਬੀ ਤੇ ਹੋਰ ਬਹੁਤ ਸਾਰੀਆਂ ਜਾਣਕਾਰੀਆਂ ਇਹ ਬਲੈਕ ਬਾਕਸ ਸਾਨੂੰ ਦਿੰਦਾ ਹੈ।

ਬਲੈਕ ਬਾਕਸ ਦਾ ਜਨਮ ਉਦੋਂ ਹੋਇਆ ਜਦੋਂ ਦੂਜੇ ਵਿਸ਼ਵ ਯੁੱਧ ਵਿਚ ਬ੍ਰਿਟਿਸ਼ ਫ਼ੌਜੀਆਂ ਨੂੰ ਜਹਾਜ਼ ਕ੍ਰੈਸ਼ ਹੋਣ ਦੇ ਕਾਰਨਾਂ ਦਾ ਪਤਾ ਨਹੀਂ ਸੀ ਲਗਦਾ। ਇਸ ਦੀ ਖੋਜ ਦਾ ਸਿਹਰਾ ਆਸਟ੍ਰੇਲੀਆ ਦੇ ਵਿਗਿਆਨੀ ਡੇਵਿਡ ਵਾਰੇਨ ਨੂੰ ਜਾਂਦਾ ਹੈ। ਉਸ ਦੇ ਪਿਤਾ ਦੀ ਮੌਤ ਵੀ ਜਹਾਜ਼ ਹਾਦਸੇ ਨਾਲ ਹੋਈ ਸੀ। ਉਸ ਵਲੋਂ ਤਿਆਰ ਕੀਤਾ ਇਹ ਉਪਕਰਨ ਲਾਲ ਰੰਗ ਦਾ ਸੀ। ਭਾਵੇਂ ਕਿ ਇਸ ਇਲੈਕਟ੍ਰਾਨਿਕ ਰਿਕਾਰਡਿੰਗ ਉਪਕਰਨ ਦਾ ਨਾਂਅ ਬਲੈਕ ਬਾਕਸ ਹੈ ਪਰ ਇਸਦਾ ਰੰਗ ਗੂੜ੍ਹਾ ਸੰਤਰੀ ਹੁੰਦਾ ਹੈ। ਜਹਾਜ਼ ਦੇ ਮਲਬੇ 'ਚੋਂ ਇਸ ਨੂੰ ਲੱਭਣ ਵਿਚ ਮੁਸ਼ਕਲ ਨਾ ਆਵੇ ਇਸ ਲਈ ਇਸ ਦਾ ਰੰਗ ਬਦਲਿਆ ਗਿਆ ਸੀ। ਇਸ ਨੂੰ ਫਲਾਈਟ ਰਿਕਾਰਡਰ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ। ਇਸ ਵਿਚ ਇਕ ਮੈਮੋਰੀ ਚਿੱਪ ਹੁੰਦੀ ਹੈ ਜਿੱਥੇ ਸਾਰੀ ਜਾਣਕਾਰੀ ਰਿਕਾਰਡ ਰਹਿੰਦੀ ਹੈ। ਇਹ ਦੋ ਤਰ੍ਹਾਂ ਦੇ ਹੁੰਦੇ ਹਨ। ਐੱਫ.ਡੀ.ਆਰ ਤੇ ਸੀ.ਵੀ.ਆਰ। ਇਨ੍ਹਾਂ ਦੋਵਾਂ ਨੂੰ ਜੋੜ ਕੇ ਇਕ ਡੱਬਾ ਨੁਮਾ ਆਕਾਰ ਦਾ ਇਹ ਯੂਨਿਟ ਹੁੰਦਾ ਹੈ। ਇਹ ਸਟੀਲ ਜਾਂ ਟਾਈਟੇਨੀਅਮ ਦਾ ਬਣਿਆ ਹੁੰਦਾ ਹੈ। ਜ਼ਿਆਦਾ ਗਰਮੀ, ਠੰਢ ਤੇ ਪਾਣੀ



ਵਿਚ ਵੀ ਬਲੈਕ ਬਾਕਸ ਨੂੰ ਕੁਝ ਨਹੀਂ ਹੁੰਦਾ। ਉਚਾਈ ਤੋਂ ਡਿਗਣ ਤੇ ਇਹ ਟੁੱਟਦਾ ਵੀ ਨਹੀਂ ਤੇ ਅੱਗ ਦਾ ਪ੍ਰਭਾਵ ਵੀ ਇਸ 'ਤੇ ਨਹੀਂ ਹੁੰਦਾ। ਬਲੈਕ ਬਾਕਸ ਨੂੰ ਜਹਾਜ਼ ਦੀ ਪੂਛ ਵਿਚ ਫਿੱਟ ਕੀਤਾ ਜਾਂਦਾ ਹੈ ਤਾਂ ਕਿ ਜਦੋਂ ਵੀ ਕਦੇ ਜਹਾਜ਼ ਹਾਦਸੇ ਦਾ ਸ਼ਿਕਾਰ ਹੋਵੇ ਤਾਂ ਇਸ 'ਤੇ ਘੱਟ ਤੋਂ ਘੱਟ ਪ੍ਰਭਾਵ ਪਵੇ। ਬਲੈਕ ਬਾਕਸ ਵਿਚ ਪਾਇਲਟਾਂ ਦੀ ਆਪਸੀ ਗੱਲਬਾਤ ਵੀ ਰਿਕਾਰਡ ਹੁੰਦੀ ਹੈ ਇਸ ਕਰਕੇ ਦੋ ਘੰਟੇ ਬਾਅਦ ਪਹਿਲੀ ਜਾਣਕਾਰੀ ਡਿਲੀਟ ਹੋ ਜਾਂਦੀ ਹੈ ਤੇ ਨਵੀਂ ਭਰਨੀ ਸ਼ੁਰੂ ਹੋ ਜਾਂਦੀ ਹੈ। ਪਾਇਲਟ ਇਸ ਰਿਕਾਰਡ ਹੋ ਰਹੀ ਜਾਣਕਾਰੀ ਨੂੰ ਮਿਟਾ ਵੀ ਸਕਦਾ ਹੈ ਪਰ ਉਹ ਅਜਿਹਾ ਕਰਦਾ ਨਹੀਂ। ਬਲੈਕ ਬਾਕਸ ਯੂ.ਏ.ਐਲ.ਵੀ ਨਾਲ ਲੈਸ ਹੁੰਦਾ ਹੈ। ਕਈ ਵਾਰ ਜਦੋਂ ਜਹਾਜ਼ ਕ੍ਰੈਸ਼ ਹੋ ਕੇ ਸਮੁੰਦਰ ਵਿਚ ਡਿੱਗ ਜਾਂਦਾ ਹੈ ਤਾਂ ਇਹ ਉਪਕਰਨ ਮਹੀਨੇ ਤਕ ਡੂੰਘਾਈ ਤੋਂ ਵੀ ਆਡੀਓ ਉਪਕਰਨਾਂ ਨਾਲ ਡਿਟੈਕਟ ਹੋਣ ਵਾਲੀ ਅਲਟ੍ਰਾਸੋਨਿਕ ਪੱਲਸ ਭੇਜਦਾ ਰਹਿੰਦਾ ਹੈ, ਪਰ ਜਦੋਂ ਜਹਾਜ਼ ਜ਼ਮੀਨ 'ਤੇ ਕ੍ਰੈਸ਼ ਹੁੰਦਾ ਹੈ ਤਾਂ ਇਹ ਅਲਟ੍ਰਾਸੋਨਿਕ ਪਿੰਗ ਨਹੀਂ ਭੇਜਦਾ। ਇਹ ਉਪਕਰਨ ਬੈਟਰੀ ਖ਼ਤਮ ਹੋਣ ਤਕ ਸੰਕੇਤ ਭੇਜਦਾ ਰਹਿੰਦਾ ਹੈ। ਜਦੋਂ ਇਹ ਉਪਕਰਨ ਜਾਂਚ ਅਧਿਕਾਰੀਆਂ ਨੂੰ ਮਿਲ ਜਾਂਦਾ ਹੈ ਤਾਂ ਇਸ ਵਿਚਲੀ ਜਾਣਕਾਰੀ ਨਾਲ ਉਹ ਦੋ ਕੁ ਹਫ਼ਤਿਆਂ ਦੇ ਸਮੇਂ ਵਿਚ ਜਹਾਜ਼ ਹਾਦਸੇ ਦੇ ਕਾਰਨਾਂ ਦਾ ਪਤਾ ਲਗਾ ਲੈਂਦੇ ਹਨ।


## ਆਪਣੇ ਬੱਚਿਆਂ ਨੂੰ ਪੰਜਾਬੀ ਜ਼ਰੂਰ ਪੜ੍ਹਾਉ

**ਸਰ੍ਹੀ ਦੇ ਸਕੂਲਾਂ ਦੇ ਕੁੱਲ ਵਿਦਿਆਰਥੀਆਂ ਵਿੱਚੋਂ ਪੰਜਾਬੀ ਪਰਿਵਾਰਾਂ ਦੇ 20% ਤੋਂ ਵੱਧ ਬੱਚੇ ਹਨ।**



- ਬੀ.ਸੀ ਸਰਕਾਰ ਵਲੋਂ 1994 ਤੋਂ ਬੀ.ਸੀ ਦੇ ਸਕੂਲਾਂ ਵਿੱਚ,ਦੂਜੀ ਭਾਸ਼ਾ ਦੇ ਤੌਰ ਤੇ ਪੰਜਾਬੀ ਦੀ ਪੜ੍ਹਾਈ ਚਾਲੂ ਹੈ।
- ਸੋ ਆਪਦੀ ਮਾਂ-ਬੋਲੀ ਬੱਚਿਆਂ ਨੂੰ ਬੋਲਣੀ,ਪੜ੍ਹਨੀ ਤੇ ਲਿਖਣੀ ਜ਼ਰੂਰ ਸਿਖਾਓ।ਤੁਸੀਂ ਆਪਦੇ ਨੇੜੇ ਦੇ ਸਕੂਲਾਂ ਵਿੱਚ 5ਵੀਂ ਗਰੇਡ ਤੋਂ 8ਵੀਂ ਗਰੇਡ ਤੱਕ ਪੰਜਾਬੀ ਪੜ੍ਹਾ ਸਕਦੇ ਹੋ।ਇਸ ਵਾਸਤੇ ਹੇਠ ਲਿਖੀਆਂ ਗੱਲਾਂ ਤੇ ਅਮਲ ਕਰੋ:
- ਜੇ ਤੁਹਾਡਾ ਬੱਚਾ ਚੌਥੀ ਗਰੇਡ ਵਿਚ ਹੈ ਤਾਂ ਤੁਸੀਂ ਇਸ ਸਾਲ ਪੰਜਾਬੀ ਪੜ੍ਹਨ ਦਾ ਫਾਰਮ ਭਰਕੇ ਆਪਦੇ ਸਕੂਲ ਦੇ ਪ੍ਰਿੰਸੀਪਲ ਨੂੰ ਦੇ ਦਿਓ।
- ਪੰਜਾਬੀ ਪੜ੍ਹਨ ਦੇ,ਫਰੈਂਚ ਪੜ੍ਹਨ ਨਾਲੋਂ ਜਿਆਦਾ ਲਾਭ ਹਨ ਅਤੇ ਭਵਿੱਖ ਵਿੱਚ ਤਰੱਕੀਆਂ(ਨੌਕਰੀਆਂ) ਲੱਭਣ ਵਿੱਚ ਸੌਖ ਹੋਵੇਗੀ।
- ਸਕੂਲਾਂ ਵਿੱਚ ਪੰਜਾਬੀ ਤਾਂ ਹੀ ਚਾਲੂ ਹੋਵੇਗੀ ਘੱਟੋ-ਘੱਟ 25 ਬੱਚੇ 5ਵੀਂ ਕਲਾਸ ਵਿੱਚ ਪੰਜਾਬੀ ਪੜ੍ਹਨ ਵਾਸਤੇ ਫਾਰਮ ਭਰਕੇ ਦੇਣਗੇ।

**ਮਾਪਿਆਂ ਵਾਸਤੇ ਫਾਇਦੇ:**

- ਸਮੇਂ ਦੀ ਬੱਚਤ : ਤੁਹਾਡੇ ਬੱਚੇ ਸਕੂਲ ਵਿੱਚ ਹੀ ਆਪਣੇ ਹਮ-ਉਮਰ ਬੱਚਿਆਂ ਨਾਲ ਪੰਜਾਬੀ ਪੜ੍ਹਨਗੇ,ਜਿਸ ਨਾਲ ਮਾਪਿਆਂ ਨੂੰ ਬਹੁਤ ਸੌਖ ਰਹੇਗੀ।
- ਪਰਿਵਾਰ ਵਿੱਚ ਦਾਦਾ-ਦਾਦੀ, ਨਾਨਾ-ਨਾਨੀ, ਅਤੇ ਰਿਸ਼ਤੇਦਾਰਾਂ ਨਾਲ ਹੋਰ ਨੇੜਤਾ ਵਧੇਗੀ।
- ਜਿਸ ਨਾਲ ਬੱਚੇ ਆਪਦੇ ਸੱਭਿਆਚਾਰ ਨਾਲ ਜੁੜੇ ਰਹਿਣਗੇ ਅਤੇ ਉਹ ਬਾਹਰਲੇ ਭੈੜੇ ਅਨਸਰਾਂ ਤੋਂ ਵੀ ਬੱਚੇ ਰਹਿਣਗੇ।
- ਮਾਂ ਬੋਲੀ ਪੰਜਾਬੀ ਪੜ੍ਹਨ ਨਾਲ ਬੱਚੇ ਦਾ ਮਨੋ-ਬਲ ਵੀ ਉੱਚਾ ਹੋ ਜਾਂਦਾ ਹੈ।
- ਅੱਜ ਕੱਲ ਅੰਗਰੇਜ਼ੀ ਦੇ ਨਾਲ, ਜੇ ਤੁਹਾਡੇ ਬੱਚੇ ਨੂੰ ਪੰਜਾਬੀ ਬੋਲਣੀ, ਪੜ੍ਹਨੀ ਤੇ ਲਿਖਣੀ ਹੈ ਤਾਂ ਜੌਬ(ਕੰਮ) ਲੈਣ ਲਈ ਪਹਿਲ ਮਿਲਦੀ ਹੈ।


## ਰਸਤਾ ਲੱਭੋ




## ਬਿੰਦੂ ਮਿਲਾਓ



# ਕਿਰਦਾਰ ਦਾ ਮਿਆਰ

ਲੇਖਕ : ਪ੍ਰਿੰ. ਵਿਜੈ ਕੁਮਾਰ
91 - 98726 - 27136



'ਆਪਣੇ ਕਿਰਦਾਰ ਨੂੰ ਨਿਭਾਓ ਕੁਝ ਇਸ ਤਰ੍ਹਾਂ ਕਿ ਜ਼ਿੰਦਗੀ ਦਾ ਪਰਦਾ ਡਿਗਣ ਤੋਂ ਬਾਅਦ ਵੀ ਤਾੜੀਆਂ ਵੱਜਦੀਆਂ ਰਹਿਣ।' ਜੇਕਰ ਮਨੁੱਖ ਇਨ੍ਹਾਂ ਸਤਰਾਂ ਦੇ ਅਰਥ ਸਮਝਕੇ ਉਨ੍ਹਾਂ ਨੂੰ ਆਪਣੇ ਲੜ ਬੰਨ੍ਹ ਲਵੇ ਤਾਂ ਉਸ ਨੂੰ ਜ਼ਿੰਦਗੀ ਜਿਊਣ ਦੇ ਅਰਥ ਬਹੁਤ ਛੇਤੀ ਸਮਝ ਆ ਜਾਣਗੇ, ਉਸ ਨੂੰ ਜ਼ਿੰਦਗੀ ਜਿਊਣ ਦਾ ਮਕਸਦ ਸਮਝ ਆ ਜਾਵੇਗਾ। ਉਹ ਕਿਸੇ ਨਾਲ ਬੇਈਮਾਨੀ, ਹੇਰਾਫੇਰੀ, ਜਾਹਲਸਾਜ਼ੀ, ਧੋਖਾਧੜੀ, ਨੌਸਰਬਾਜ਼ੀ, ਧੱਕੇਸ਼ਾਹੀ ਅਤੇ ਹੈਂਕੜਬਾਜ਼ੀ ਕਰਨ ਲੱਗਿਆਂ ਸੌ ਵਾਰ ਸੋਚੇਗਾ। ਸਾਡੇ ਦੇਸ਼ ਦੇ ਮਰਹੂਮ ਰਾਸ਼ਟਰਪਤੀ ਡਾਕਟਰ ਏ.ਪੀ.ਜੇ. ਅਬਦੁਲ ਕਲਾਮ ਆਪਣੀ ਇੱਕ ਪੁਸਤਕ ਵਿੱਚ ਮਨੁੱਖ ਦੇ ਕਿਰਦਾਰ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ ਕਿ ਮਨੁੱਖ ਦੀ ਜ਼ਿੰਦਗੀ ਵਿੱਚ ਇਹ ਗੱਲ ਮਾਇਨਾ ਨਹੀਂ ਰੱਖਦੀ ਕਿ ਉਸਨੇ ਬਹੁਤ ਸਾਰੀ ਦੌਲਤ ਇਕੱਠੀ ਕੀਤੀ ਹੋਈ ਹੈ, ਉਹ ਆਲੀਸ਼ਾਨ ਜ਼ਿੰਦਗੀ ਜਿਊਂਦਾ ਹੈ, ਉਸਦੀ ਸਰਕਾਰੇ ਦਰਬਾਰੇ ਬਹੁਤ ਪਹੁੰਚ ਹੈ,ਮਾਇਨਾ ਇਹ ਗੱਲ ਰੱਖਦੀ ਹੈ ਕਿ ਉਸਦਾ ਕਿਰਦਾਰ ਕਿਹੋ ਜਿਹਾ ਹੈ। ਉਸਨੇ ਧਨ ਦੌਲਤ ਦੀ ਅਮੀਰੀ ਹਾਸਲ ਕਰਨ ਲਈ ਆਪਣੀ ਜ਼ਮੀਰ ਨੂੰ ਕਿੰਨਾ ਕੁ ਜਾਗਦਾ ਰੱਖਿਆ ਹੈ। ਉਸਨੇ ਆਲੀਸ਼ਾਨ ਜ਼ਿੰਦਗੀ ਜਿਊਣ ਲਈ ਕਿਹੋ ਜਿਹੇ ਸਾਧਨਾਂ ਦਾ ਸਹਾਰਾ ਲਿਆ ਹੈ। ਸਰਕਾਰੇ ਦਰਬਾਰੇ ਪਹੁੰਚਣ ਲਈ ਸਿਆਸੀ ਲੋਕਾਂ ਦੀ ਕਿੰਨੀ ਜੀ ਹਜ਼ੂਰੀ ਕੀਤੀ ਹੈ। ਕੋਈ ਵੀ ਬੰਦਾ ਆਪਣੇ ਕਿਰਦਾਰ ਨੂੰ ਮਾੜਾ ਕਹਿਣ ਲਈ ਤਿਆਰ ਨਹੀਂ ਹੁੰਦਾ ਪਰ ਮਨੁੱਖ ਦੇ ਕਿਰਦਾਰ ਦੇ ਮਿਆਰ ਦੀ ਨਿਸ਼ਾਨਦੇਹੀ ਉਦੋਂ ਹੁੰਦੀ ਹੈ ਜਦੋਂ ਉਹ ਕਿਸੇ ਨਾਲ ਹੋ ਰਹੀ ਬੇਇਨਸਾਫੀ ਨੂੰ ਵੇਖਕੇ ਚੁੱਪ ਰਹਿੰਦਾ ਹੈ ਜਾਂ ਉਸ ਬੇਇਨਸਾਫ਼ੀ ਦੇ ਵਿਰੁੱਧ ਆਵਾਜ਼ ਉਠਾਉਂਦਾ ਹੈ। ਅਮੀਰ, ਤਾਕਤਵਾਰ, ਸਰਕਾਰਾਂ ਤਕ ਪਹੁੰਚ ਰੱਖਣ ਵਾਲੇ ਤੇ ਅਸਰ ਰਸੂਖ ਰੱਖਣ ਵਾਲੇ ਲੋਕ ਚਾਹੇ ਜਿੰਨੇ ਮਰਜ਼ੀ ਗਲਤ ਕੰਮ ਕਰੀ ਜਾਣ, ਕਿਸੇ ਨਾਲ ਜਿੰਨਾ ਮਰਜ਼ੀ ਧੱਕਾ ਕਰੀ ਜਾਣ, ਜਿੰਨੀਆਂ ਵੀ ਮਰਜ਼ੀ ਮਨਮਰਜ਼ੀਆਂ ਕਰੀ ਜਾਣ, ਲੋਕ ਉਨ੍ਹਾਂ ਦੇ ਵਿਰੁੱਧ ਇਹ ਸੋਚਕੇ ਗਵਾਹੀ ਦੇਣ, ਬੋਲਣ ਅਤੇ ਉਨ੍ਹਾਂ ਨੂੰ ਬੁਰਾ ਕਹਿਣ ਲਈ ਤਿਆਰ ਨਹੀਂ ਹੁੰਦੇ ਕਿਉਂਕਿ ਉਨ੍ਹਾਂ ਨੂੰ ਡਰ ਹੁੰਦਾ ਹੈ ਕਿ ਕਿਧਰੇ ਉਨ੍ਹਾਂ ਲੋਕਾਂ ਨਾਲ ਕੰਮ ਨਾ ਪੈ ਜਾਵੇ। ਇਹੋ ਜਿਹੇ ਲੋਕਾਂ ਨਾਲ ਕਾਹਦੇ ਲਈ ਬਿਗਾੜਨੀ ਹੈ ਪਰ ਕੁਝ ਜਾਗਦੀ ਜ਼ਮੀਰ ਵਾਲੇ ਲੋਕ ਅਜਿਹੇ ਵੀ ਹੁੰਦੇ ਹਨ ਜੋ ਆਪਣੀ ਜ਼ਮੀਰ ਨਾਲ ਕਦੇ ਵੀ ਸਮਝੌਤਾ ਨਹੀਂ ਕਰਦੇ, ਉਹ ਕਿਸੇ 'ਤੇ ਹੋਣ ਵਾਲੇ ਜ਼ੁਲਮ ਅਤੇ ਕਿਸੇ ਨਾਲ ਹੋਣ ਵਾਲੇ ਅਨਿਆਂ ਨੂੰ ਵੇਖਕੇ ਨਾ ਆਪਣਾ ਮੂੰਹ ਬੰਦ ਰੱਖ ਸਕਦੇ ਹਨ ਤੇ ਨਾ ਹੀ ਅੱਖਾਂ ਮੀਟ ਸਕਦੇ ਹਨ।

ਇੱਕ ਵਾਰ ਇੱਕ ਸਕੂਲ ਮੁਖੀ ਵਿਰੁੱਧ ਕੁਝ ਮੌਕਾਪ੍ਰਸਤ ਅਤੇ ਕੰਮਚੋਰ ਅਧਿਆਪਕਾਂ ਨੇ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਝੂਠੀ ਸ਼ਿਕਾਇਤ ਕਰਕੇ ਉਸਦੇ ਵਿਰੁੱਧ ਇਨਕੁਆਰੀ ਖੁੱਲ੍ਹਵਾ ਦਿੱਤੀ, ਕਿਉਂਕਿ ਉਹ ਉਨ੍ਹਾਂ ਕੰਮਚੋਰ ਅਧਿਆਪਕਾਂ ਨੂੰ ਕੰਮ ਕਰਨ ਲਈ ਮਜਬੂਰ ਕਰ ਰਿਹਾ ਸੀ। ਉਨ੍ਹਾਂ ਕੰਮਚੋਰ ਅਧਿਆਪਕਾਂ ਦੀ ਸਿਆਸੀ ਪਹੁੰਚ ਵੀ ਕਾਫੀ ਸੀ। ਇਨਕੁਆਰੀ ਕਰਨ ਆਏ ਅਧਿਕਾਰੀਆਂ ਨੂੰ ਸਿਆਸੀ ਪੱਧਰ ਉੱਤੇ ਇਸ਼ਾਰਾ ਕੀਤਾ ਗਿਆ ਸੀ ਕਿ ਸਕੂਲ ਮੁਖੀ ਵਿਰੁੱਧ ਲਿਖਕੇ ਉਸਦੀ ਉਸ ਸਕੂਲ ਤੋਂ ਬਦਲੀ ਕਰਨੀ ਹੈ। ਸਿੱਖਿਆ ਅਧਿਕਾਰੀਆਂ ਨੇ ਸਕੂਲ ਮੁਖੀ ਨੂੰ ਗੱਲਾਂ ਗੱਲਾਂ ਵਿੱਚ ਇਸ਼ਾਰਾ ਵੀ ਕੀਤਾ ਕਿ ਉਸਦੇ ਵਿਰੁੱਧ ਕੋਈ ਦੋਸ਼ ਨਹੀਂ ਬਣਦਾ ਪਰ ਉਹ ਉਸਦੇ ਵਿਰੁੱਧ ਲਿਖਣ ਲਈ ਮਜਬੂਰ ਹਨ। ਚੰਗਾ ਹੋਵੇਗਾ ਕਿ ਜੇਕਰ ਉਹ ਸ਼ਿਕਾਇਤ ਕਰਨ ਵਾਲੇ ਅਧਿਆਪਕਾਂ ਨਾਲ ਸਮਝੌਤਾ ਕਰ ਲਵੇ। ਸਕੂਲ ਮੁਖੀ ਨੇ ਉਨ੍ਹਾਂ ਉੱਚ ਅਧਿਕਾਰੀਆਂ ਨੂੰ ਕਿਹਾ, "ਮੈਂ ਆਪਣੀ ਜ਼ਿੰਦਗੀ ਵਿੱਚ ਆਪਣੇ ਸਿਧਾਂਤ ਨਾਲ ਕਦੇ ਸਮਝੌਤਾ ਨਹੀਂ ਕੀਤਾ, ਇਨ੍ਹਾਂ ਕੰਮਚੋਰ ਅਧਿਆਪਕਾਂ ਨਾਲ ਤਾਂ ਸਮਝੌਤਾ ਕਰਨ ਦਾ ਸਵਾਲ ਪੈਦਾ ਹੀ ਨਹੀਂ ਹੁੰਦਾ। ਤੁਸੀਂ ਜੋ ਕੁਝ ਲਿਖਣਾ ਚਾਹੋ, ਲਿਖ ਸਕਦੇ ਹੋ।"

ਉਹ ਉੱਚ ਸਿੱਖਿਆ ਅਧਿਕਾਰੀ ਅਜੇ ਗੱਲਾਂ ਕਰ ਰਹੇ ਸਨ ਕਿ ਸਕੂਲ ਦੀਆਂ ਦੋ ਅਧਿਆਪਕਾਵਾਂ ਉਨ੍ਹਾਂ ਉੱਚ ਅਧਿਕਾਰੀਆਂ ਨੂੰ ਆ ਕੇ ਕਹਿਣ ਲੱਗੀਆਂ, "ਸਰ, ਤੁਸੀਂ ਉਨ੍ਹਾਂ ਕੰਮਚੋਰ ਅਧਿਆਪਕਾਂ ਦੀ ਗੱਲ ਤਾਂ ਸੁਣ ਲਈ, ਬਾਕੀ ਸਟਾਫ ਦੀ ਗੱਲ ਵੀ ਸੁਣ ਲਓ। ਬੜੇ ਸਮੇਂ ਬਾਅਦ ਸਕੂਲ ਨੂੰ ਇੱਕ ਮਿਹਨਤੀ ਸਕੂਲ ਮੁਖੀ ਮਿਲਿਆ ਹੈ।"

ਉੱਚ ਸਿੱਖਿਆ ਅਧਿਕਾਰੀਆਂ ਨੂੰ ਗੱਲ ਸਮਝ ਆ ਗਈ। ਉਨ੍ਹਾਂ ਨੇ ਬਾਕੀ ਸਟਾਫ ਦੀ ਵੀ ਗੱਲ ਸੁਣੀ। ਉਹ ਕੰਮਚੋਰ ਅਧਿਆਪਕ ਸਕੂਲ ਮੁਖੀ ਦਾ ਕੁਝ ਨਹੀਂ ਬਿਗਾੜ ਸਕੇ। ਉਸ ਸਕੂਲ ਮੁਖੀ ਅਤੇ ਉਨ੍ਹਾਂ ਅਧਿਆਪਕਾਵਾਂ ਦੇ ਕਿਰਦਾਰ ਦੇ ਮਿਆਰ ਦੀ ਮਨੋ ਸ਼ਲਾਘਾ ਕਰਨੀ ਬਣਦੀ ਹੈ।

ਇਸ ਸਮਾਜ ਵਿੱਚ ਵਿਚਰਦਿਆਂ ਸਾਡਾ ਤਿੰਨ ਕਿਸਮ ਦੇ ਬੰਦਿਆਂ ਨਾਲ ਵਾਹ ਪੈਂਦਾ ਹੈ। ਇੱਕ ਕਿਸਮ ਉਨ੍ਹਾਂ ਲੋਕਾਂ ਦੀ ਹੁੰਦੀ ਹੈ ਜੋ ਦੂਜਿਆਂ ਦੀ ਤਰੱਕੀ ਨੂੰ ਵੇਖਕੇ ਮਨੋ ਖੁਸ਼ ਹੁੰਦੇ ਹਨ। ਉਨ੍ਹਾਂ ਵੱਲੋਂ ਤਰੱਕੀ ਲਈ ਕੀਤੇ ਯਤਨਾਂ ਲਈ ਉਨ੍ਹਾਂ ਦੀ ਪਿੱਠ ਥਾਪੜਕੇ ਉਨ੍ਹਾਂ ਨੂੰ ਹੋਰ ਅੱਗੇ ਵਧਣ ਲਈ ਉਤਸ਼ਾਹਿਤ ਕਰਦੇ ਹਨ। ਅਜਿਹੇ ਲੋਕਾਂ ਦੇ ਕਿਰਦਾਰ ਦਾ ਮਿਆਰ ਉੱਚਾ ਮੰਨਿਆ ਜਾਂਦਾ ਹੈ। ਦੂਜੀ ਕਿਸਮ ਦੇ ਲੋਕ ਉਹ ਹੁੰਦੇ ਹਨ ਜੋ ਦੂਜਿਆਂ ਦੀ ਤਰੱਕੀ ਵੇਖਕੇ ਵਿਖਾਵਾ ਤਾਂ ਖੁਸ਼ ਹੋਣ ਦਾ ਕਰਦੇ ਹਨ ਪਰ ਮਨੋ ਮਨੀ ਉਹ ਸੜ ਰਹੇ ਹੁੰਦੇ ਹਨ। ਤੀਜੀ ਕਿਸਮ ਦੇ ਉਹ ਵਿਹਲੜ ਤੇ ਨਿਕੰਮੇ ਲੋਕ ਹੁੰਦੇ ਹਨ ਜੋ ਆਪ ਤਾਂ ਕੁਝ ਨਹੀਂ ਕਰ ਸਕਦੇ ਪਰ ਦੂਜਿਆਂ ਵੱਲੋਂ ਕੀਤੀ ਤਰੱਕੀ ਉਨ੍ਹਾਂ ਤੋਂ ਬਰਦਾਸ਼ਤ ਨਹੀਂ ਹੁੰਦੀ। ਉਹ ਉਨ੍ਹਾਂ ਮਿਹਨਤੀ ਲੋਕਾਂ ਦੀ ਆਲੋਚਨਾ ਕਰਨ ਦੀ ਕੋਈ ਕਸਰ ਨਹੀਂ ਛੱਡਦੇ। ਉਨ੍ਹਾਂ ਦੀ ਤਰੱਕੀ ਦੇ ਰਾਹ ਵਿੱਚ ਸੌ ਤਰ੍ਹਾਂ ਦੇ ਅੜਿੱਕੇ ਵੀ ਖੜ੍ਹੇ ਕਰਦੇ ਹਨ। ਇੱਕ ਪਿੰਡ ਦੇ ਸਰਪੰਚ ਨੇ ਆਪਣੇ ਪਿੰਡ ਦੇ ਬਜ਼ੁਰਗਾਂ ਦੇ ਬੈਠਣ-ਉੱਠਣ ਲਈ ਪੰਚਾਇਤ ਦੀ ਜਗ੍ਹਾ ਵਿੱਚ ਦਾਨੀ ਸੱਜਣਾਂ ਤੋਂ ਦਾਨ ਲੈ ਕੇ ਇੱਕ ਆਲੀਸ਼ਾਨ ਕਮਰਾ ਬਣਾਇਆ। ਬਜ਼ੁਰਗਾਂ ਦੇ ਮਨੋਰੰਜਨ ਲਈ ਉਸ ਵਿੱਚ ਟੈਲੀਵਿਜ਼ਨ ਲਗਵਾਇਆ ਤੇ ਪੜ੍ਹਨ ਲਈ ਅਖ਼ਬਾਰ ਵੀ ਲਗਵਾ ਦਿੱਤੀ। ਪਿੰਡ ਵਿਚ ਉਸ ਸਰਪੰਚ ਦੀ ਪ੍ਰਸ਼ੰਸਾ ਹੋਣ ਲੱਗੀ। ਸਰਪੰਚ ਦੀ ਵਿਰੋਧੀ ਪਾਰਟੀ ਵਾਲੇ ਉਸਦੀ ਪ੍ਰਸ਼ੰਸਾ ਸਹਿ ਨਾ ਸਕੇ। ਉਨ੍ਹਾਂ ਨੇ ਪਿੰਡ ਵਿੱਚ ਉਸਦੇ ਵਿਰੁੱਧ ਇਹ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਉਹ ਕਮਰਾ ਬਣਾਉਣ ਲਈ ਇਕੱਠੇ ਕੀਤੇ ਦਾਨ ਦੇ ਪੈਸੇ ਖਾ ਗਿਆ। ਉਹ ਕੁਝ ਦੇਰ ਤਾਂ ਚੁੱਪ ਰਿਹਾ ਪਰ ਜਦੋਂ ਵਿਰੋਧੀਆਂ ਵੱਲੋਂ ਉਸਦੇ ਵਿਰੁੱਧ ਬੋਲੇ ਜਾਂਦੇ ਝੂਠ ਦੀ ਹੱਦ ਹੋ ਗਈ ਤਾਂ ਉਸਨੇ ਪੰਚਾਇਤ ਦਾ ਆਮ ਇਜਲਾਸ ਬੁਲਾਕੇ ਆਪਣੀ ਵਿਰੋਧੀ ਪਾਰਟੀ ਦੇ ਲੋਕਾਂ ਸਮੇਤ ਸਾਰੇ ਪਿੰਡ ਨੂੰ ਸੱਦਾ ਦਿੱਤਾ। ਉਸ ਇਜਲਾਸ ਵਿੱਚ ਪਿੰਡ ਦੇ ਬਹੁਤ ਸਾਰੇ ਲੋਕ ਹਾਜ਼ਰ ਹੋਏ। ਸਰਪੰਚ ਦੇ ਵਿਰੋਧੀ ਵੀ ਉਸ ਇਜਲਾਸ ਵਿੱਚ ਹਾਜ਼ਰ ਸਨ। ਸਰਪੰਚ ਨੇ ਹਾਜ਼ਰ ਲੋਕਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ, "ਭਰਾਵੋ, ਮੇਰੇ ਵੱਲੋਂ ਬਣਾਏ ਗਏ ਕਮਰੇ ਦੇ ਹਿਸਾਬ ਦਾ ਰਜਿਸਟਰ ਇਹ ਪਿਆ ਹੈ। ਮੈਂ ਤੁਹਾਡੇ ਸਾਹਮਣੇ ਬੈਠਾ ਹਾਂ। ਤੁਸੀਂ ਇਹ ਸਾਬਤ ਕਰ ਦਿਓ ਕਿ ਮੈਂ ਪੈਸੇ ਖਾਧੇ ਹਨ, ਮੈਂ ਹੁਣੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿਆਂਗਾ। ਵਿਰੋਧੀ ਪਾਰਟੀ ਵਾਲੇ ਤਾਂ ਅਜੇ ਬੋਲਣ ਦੀ ਤਿਆਰੀ ਹੀ ਕਰ ਰਹੇ ਸਨ, ਇੰਨੇ ਨੂੰ ਦੋ ਬਜ਼ੁਰਗ ਪੁਰਾਣੇ ਹਾਰੇ ਹੋਏ ਸਰਪੰਚ ਨੂੰ ਸੰਬੋਧਨ ਕਰਦਿਆਂ ਹੋਇਆਂ ਕਹਿਣ ਲੱਗੇ, "ਭਾਈ ਸਾਹਿਬ, ਤੁਸੀਂ ਦਸ ਸਾਲ ਸਰਪੰਚ ਰਹੇ ਹੋ, ਤੁਸੀਂ ਦੱਸੋ, ਤੁਸੀਂ ਪਿੰਡ ਵਿੱਚ ਕਿਹੜਾ ਕੰਮ ਕੀਤਾ ਹੈ? ਇਸ ਸਰਪੰਚ ਨੇ ਪਿੰਡ ਦੀ ਨੁਹਾਰ ਬਦਲ ਦਿੱਤੀ ਹੈ। ਅਸੀਂ ਤੁਹਾਨੂੰ ਐਨੇ ਪੈਸੇ ਦਿੰਦੇ ਹਾਂ, ਤੁਸੀਂ ਐਨਾ ਆਲੀਸ਼ਾਨ ਕਮਰਾ ਬਣਵਾ ਦਿਓ। ਇਸ ਸਰਪੰਚ ਨੇ ਬਜ਼ੁਰਗਾਂ ਨੂੰ ਜਿਊਣ ਜੋਗਾ ਕਰ ਦਿੱਤਾ ਹੈ। ਪਿਛਲੀ ਵੇਰ ਤਾਂ ਅਸੀਂ ਤੁਹਾਡੀ ਮਦਦ ਕੀਤੀ ਸੀ ਪਰ ਇਸ ਵੇਰ ਅਸੀਂ ਇਸ ਨੂੰ ਹੀ ਪਿੰਡ ਦਾ ਸਰਪੰਚ ਬਣਾਵਾਂਗੇ। ਇਹ ਚੁੱਕੋ ਰਜਿਸਟਰ, ਕਰੋ ਹਿਸਾਬ ਚੈੱਕ।"

ਉਨ੍ਹਾਂ ਬਜ਼ੁਰਗਾਂ ਦੀਆਂ ਗੱਲਾਂ ਸੁਣਕੇ ਪਿੰਡ ਦੇ ਬਾਕੀ ਲੋਕ ਵੀ ਪਿੰਡ ਦੇ ਨਵੇਂ ਸਰਪੰਚ ਦੇ ਹੱਕ ਵਿੱਚ ਬੋਲ ਪਏ। ਵਿਰੋਧੀ ਪਾਰਟੀ ਦੇ ਲੋਕ ਕੁਝ ਨਾ ਬੋਲ ਸਕੇ। ਉਸ ਸਰਪੰਚ ਅਤੇ ਉਨ੍ਹਾਂ ਬਜ਼ੁਰਗਾਂ ਦੇ ਕਿਰਦਾਰ ਦੇ ਮਿਆਰ ਅੱਗੇ ਹਰ ਇੱਕ ਵਿਅਕਤੀ ਦਾ ਸਿਰ ਝੁਕਦਾ ਹੈ।

ਸਵਾਰਥ, ਲਾਲਚ, ਮੌਕਾ ਪ੍ਰਸਤੀ ਤੇ ਖੁਦਗਰਜ਼ੀ ਦੀ ਵਹਿਣ ਵਿੱਚ ਵਹਿਣ ਵਾਲੇ ਲੋਕਾਂ ਨੂੰ ਕਿਰਦਾਰ ਦੇ ਮਿਆਰ ਦਾ ਕਦੇ ਵੀ ਅਹਿਸਾਸ ਨਹੀਂ ਹੁੰਦਾ। ਉਨ੍ਹਾਂ ਨੂੰ ਇਸ ਗੱਲ ਦੀ ਕਦੇ ਪ੍ਰਵਾਹ ਨਹੀਂ ਹੁੰਦੀ ਕਿ ਲੋਕ ਉਨ੍ਹਾਂ ਬਾਰੇ ਕੀ ਸੋਚਣਗੇ। ਕੋਈ ਸਮਾਂ ਸੀ ਜਦੋਂ ਸਿਆਸਤ ਦੇ ਖੇਤਰ ਵਿੱਚ ਵਿਚਰਦਿਆਂ ਸਿਆਸੀ ਲੋਕ ਆਪਣੀ ਸਾਰੀ ਜ਼ਿੰਦਗੀ ਹੀ ਇੱਕ ਸਿਆਸੀ ਪਾਰਟੀ ਨਾਲ ਜੁੜੇ ਰਹਿਕੇ ਗੁਜ਼ਾਰ ਦਿੰਦੇ ਸਨ। ਉਹ ਸਿਆਸੀ ਪਾਰਟੀ ਦੀ ਸੱਤਾ ਨਾਲ ਨਹੀਂ, ਸਗੋਂ ਵਿਚਾਰਧਾਰਾ ਨਾਲ ਜੁੜੇ ਹੁੰਦੇ ਸਨ। ਪਰ ਅਜੋਕੇ ਸਮੇਂ ਵਿੱਚ ਸਿਆਸੀ ਲੋਕ ਪਾਰਟੀ ਦੀ ਵਿਚਾਰਧਾਰਾ ਨਹੀਂ, ਸਗੋਂ ਉਸਦੀ ਸੱਤਾ ਵੇਖਕੇ ਉਸ ਵਿੱਚ ਰਹਿੰਦੇ ਹਨ। ਇਸੇ ਲਈ ਉਹ ਕਈ ਕਈ ਪਾਰਟੀਆਂ ਬਦਲ ਲੈਂਦੇ ਹਨ। ਇੱਕ ਆਜ਼ਾਦ ਰੂਪ ਵਿੱਚ ਚੋਣ ਜਿੱਤੇ ਵਿਧਾਇਕ ਨੂੰ ਇੱਕ ਸੂਬੇ ਦੇ ਮੁੱਖ ਮੰਤਰੀ ਨੇ ਕਿਹਾ ਕਿ ਉਹ ਉਨ੍ਹਾਂ ਦੀ ਪਾਰਟੀ ਵਿੱਚ ਆ ਜਾਵੇ, ਅਸੀਂ ਉਸ ਨੂੰ ਉਪ ਮੁੱਖ ਮੰਤਰੀ ਬਣਾ ਦਿਆਂਗੇ। ਉਸ ਅਜ਼ਾਦ ਵਿਧਾਇਕ ਨੇ ਉਸ ਮੁੱਖ ਮੰਤਰੀ ਨੂੰ ਕਿਹਾ, "ਮੁੱਖ ਮੰਤਰੀ ਸਾਹਿਬ, ਲੋਕਾਂ ਨੇ ਤੁਹਾਡੀ ਪਾਰਟੀ ਦੇ ਵਿਰੁੱਧ ਫਤਵਾ ਦੇ ਕੇ ਮੈਨੂੰ ਵਿਧਾਇਕ ਬਣਾਇਆ ਹੈ, ਮੈਂ ਆਪਣੇ ਪ੍ਰਤੀ ਲੋਕਾਂ ਦੇ ਵਿਸ਼ਵਾਸ ਨੂੰ ਕਿਵੇਂ ਤੋੜ ਦਿਆਂ? ਰਹੀ ਗੱਲ ਉਪ ਮੁੱਖ ਮੰਤਰੀ ਬਣਨ ਦੀ, ਉਪ ਮੁੱਖ ਮੰਤਰੀ ਦੇ ਅਹੁਦੇ ਨਾਲੋਂ ਲੋਕਾਂ ਦੇ ਵਿਸ਼ਵਾਸ ਦਾ ਅਹੁਦਾ ਵੱਡਾ ਹੈ।" ਉਸ ਅਜ਼ਾਦ ਵਿਧਾਇਕ ਦੇ ਕਿਰਦਾਰ ਦੇ ਮਿਆਰ ਤੋਂ ਸਿਆਸੀ ਲੋਕਾਂ ਨੂੰ ਸਿੱਖਣਾ ਚਾਹੀਦਾ ਹੈ। ਇਸ ਮਿਆਰ ਨਾਲ ਹੀ ਲੋਕਤੰਤਰ ਦਾ ਮਿਆਰ ਉੱਚਾ ਹੋਵੇਗਾ। ਬੇਜ਼ੁਬਾਨੇ, ਦੋਗਲੇ, ਮਨ ਦੇ ਕਾਲੇ ਅਤੇ ਝੂਠੇ ਲੋਕਾਂ ਦੇ ਕਿਰਦਾਰ ਦਾ ਮਿਆਰ ਕਦੇ ਵੀ ਉੱਚਾ ਨਹੀਂ ਹੋ ਸਕਦਾ। ਜਿਨ੍ਹਾਂ ਲੋਕਾਂ ਦੇ ਕਿਰਦਾਰ ਦਾ ਮਿਆਰ ਉੱਚਾ ਹੁੰਦਾ ਹੈ, ਲੋਕ ਉਨ੍ਹਾਂ ਦੀ ਜਿੰਨੀ ਮਰਜ਼ੀ ਆਲੋਚਨਾ ਕਰੀ ਜਾਣ ਪਰ ਉਹ ਲੋਕਾਂ ਦੇ ਮਨਾ ਵਿੱਚ ਵਸੇ ਰਹਿੰਦੇ ਹਨ। ਉਹ ਮਰਨ ਤੋਂ ਬਾਅਦ ਵੀ ਜਿਉਂਦੇ ਰਹਿੰਦੇ ਹਨ।

AMAR MUSIC ACADEMY

INDIAN CLASSICAL LIGHT MUSIC, GURMAT SANGEET & TABLA

ਭਾਰਤੀ ਸ਼ਾਸ਼ਤਰੀ ਸੰਗੀਤ, ਗੁਰਮਤਿ ਸੰਗੀਤ ਅਤੇ ਤਬਲਾ ਸਿੱਖਣ ਲਈ ਫੋਨ ਕਰੋ



Prof. Gurdev Singh Phull,
Prof. Amrik Singh Phull

To Learn Indian Classical, Light Music & Tabla

Free Lessons for Blind & Handicapped



604-599-4628, 778-898-5052 | 13376-80 Ave, Surrey

# ਦੇਸੀ ਤੜਕਾ

## ‘ਭਿੰਡੀ ਨਾਰੀਅਲ ਮਸਾਲਾ’



### ਸਮੱਗਰੀ

- 250 ਗ੍ਰਾਮ ਭਿੰਡੀ
- 2-ਟਮਾਟਰ
- 1 ਵੱਡਾ ਪਿਆਜ਼
- ਲਸਣ ਦੀਆਂ 5 ਕਲੀਆਂ
- ਇਕ ਇੰਚ ਛਿਲਿਆ ਹੋਇਆ ਅਦਰਕ
- ਅੱਧਾ ਕੱਪ ਫ੍ਰੈਸ਼ ਨਾਰੀਅਲ
- ਅੱਧਾ ਕੱਪ ਕੱਦੂਕਸ ਕੀਤਾ ਨਾਰੀਅਲ
- 2 ਚਮਚ ਨਮਕ
- ਇਕ ਚਮਚ ਜੀਰਾ
- ਅੱਧਾ ਟੀਸਪੂਨ ਜੀਰਾ
- ਅੱਧਾ ਟੀਸਪੂਨ ਲਾਲ ਮਿਰਚ
- ਅੱਧਾ ਟੀਸਪੂਨ ਹਲਦੀ
- 2 ਟੇਬਲਸਪੂਨ ਤੇਲ

ਵਿਧੀ : ਸਭ ਤੋਂ ਪਹਿਲਾਂ ਪਿਆਜ਼, ਟਮਾਟਰ, ਅਦਰਕ, ਲਸਣ ਅਤੇ ਅੱਧਾ ਕੱਪ ਨਾਰੀਅਲ ਨੂੰ ਮਿਕਸੀ ‘ਚ ਦਰਦਾ ਪੀਸ ਲਓ। ਇਸ ਨੂੰ ਇਕ ਬੋਲ ‘ਚ ਕੱਢ ਲਓ। ਪੈਨ ‘ਚ ਤੇਲ ਪਾਓ ਅਤੇ ਗਰਮ ਹੋਣ ‘ਤੇ ਉਸ ‘ਚ ਜੀਰਾ ਪਾ ਦਿਓ। ਇਸ ਤੋਂ ਬਾਅਦ ਮਸਾਲੇ ਨੂੰ ਭੁੰਨ ਲਈ ਪੈਨ ‘ਚ ਪਾਓ ਅਤੇ ਉਸ ‘ਚ ਹੋਰ ਮਸਾਲੇ ਅਤੇ ਨਮਕ ਐਡ ਕਰ ਦਿਓ। ਮਸਾਲੇ ਦਾ ਕਲਰ ਬ੍ਰਾਊਨ ਹੋ ਜਾਵੇ ਤਾਂ ਉਸ ‘ਚ ਕੱਟੀ ਹੋਈ ਭਿੰਡੀ ਪਾ ਦਿਓ ਅਤੇ ਮਿਕਸ ਕਰਨ ਤੋਂ ਬਾਅਦ ਪਲੇਟ ਨਾਲ ਢੱਕ ਦਿਓ। ਇਸ ਦੌਰਾਨ ਇਸ ਨੂੰ ਮਿਕਸ ਕਰਦੇ ਰਹੋ ਤਾਂ ਕਿ ਭਿੰਡੀ ਸੜੇ ਨਾ। 10 ਮਿੰਟ ਤੋਂ ਬਾਅਦ ਇਸ ‘ਚ ਕੱਦੂਕਸ ਕੀਤਾ ਹੋਇਆ ਨਾਰੀਅਲ ਪਾਓ ਅਤੇ ਫਿਰ 5 ਮਿੰਟ ਤੱਕ ਇਸ ਨੂੰ ਹੋਰ ਬਣਨ ਦਿਓ। ਸਬਜ਼ੀ ਨੂੰ ਚਾਹੋ ਤਾਂ ਧਨੀਆ ਪਾਓ ਜਾਂ ਇੰਝ ਹੀ ਗਰਮਾ-ਗਰਮ ਸਰਵ ਕਰੋ।

## ਸਵੀਟ ਕਾਰਨ (ਮਕਈ) ਖੀਰ



### ਸਮੱਗਰੀ

- ਛੱਲੀ ਜਾਂ 1 ਕੱਪ ਕਾਰਨ (ਮੱਕੀ ਦੇ ਦਾਣੇ)
- 2 ਚਮਚ ਦੁੱਧ ਮੱਕੀ ਦੇ ਦਾਨਿਆਂ ਨੂੰ ਪੀਸਣ ਲਈ
- 2 ਕੱਪ ਦੁੱਧ
- 1/2 ਚਮਚਾ ਇਲਾਇਚੀ ਪਾਊਡਰ
- 1/2 ਚਮਚਾ ਘਿਓ
- 3 ਤੋਂ 4 ਚਮਚੇ ਚੀਨੀ
- 15 ਤੋਂ 16 ਪੱਤੇ ਕੇਸਰ (1 ਚਮਚਾ ਗਰਮ ਦੁੱਧ ‘ਚ ਡੁਬੋਏ ਹੋਏ)
- ਸਜਾਵਟ ਲਈ ਥੋੜ੍ਹਾ ਜਿਹਾ ਨਮਕ ਰਹਿਤ ਪਿਸਤਾ

ਵਿਧੀ : ਇਕ ਛੱਲੀ ਨਾਲੋਂ ਚਾਕੂ ਦੀ ਮਦਦ ਨਾਲ ਦਾਣੇ ਅਲੱਗ ਕਰੋ। ਇਹ ਘੱਟੋ-ਘੱਟ ਇਕ ਕੱਪ ਹੋਣੇ ਚਾਹੀਦੇ ਹਨ। ਇਨ੍ਹਾਂ ਨੂੰ ਮਿਕਸੀ ‘ਚ ਪਾ ਕੇ ਪੀਸ ਲਓ। ਇਸ ਵਿਚ ਦੋ ਚਮਚੇ ਦੁੱਧ ਪਾ ਕੇ ਪੇਸਟ ਬਣਾ ਲਓ। ਅੱਧਾ ਚਮਚਾ ਘਿਓ ਨੂੰ ਇਕ ਪੈਨ ‘ਚ ਪਾ ਕੇ ਅੱਗ ‘ਤੇ ਰੱਖੋ । ਇਸ ਵਿਚ ਮੱਕੀ ਦਾ ਪੇਸਟ ਪਾ ਕੇ 4-5 ਮਿੰਟ ਲਈ ਮੱਧਮ ਅੱਗ ‘ਤੇ ਪਕਾਓ । ਹੁਣ ਇਸ ਵਿਚ 2 ਕੱਪ ਦੁੱਧ ਮਿਲਾਓ ਅਤੇ ਹਿਲਾਉਂਦੇ ਰਹੋ । ਇਕ ਛੋਟੀ ਬਾਊਲ ਵਿਚ ਇਕ ਚਮਚ ਦੁੱਧ ਅਤੇ ਕੇਸਰ ਪਾ ਕੇ ਰੱਖੋ । ਇਸ ਨੂੰ ਖੀਰ ਵਿਚ ਪਾ ਕੇ 7-8 ਮਿੰਟ ਲਈ ਮੱਧਮ ਅੱਗ ‘ਤੇ ਪਕਾਓ ਅਤੇ ਹੇਠਾਂ ਨਾ ਲੱਗਣ ਦਿਓ । ਹੁਣ ਇਸ ਵਿਚ 3-4 ਚਮਚੇ ਚੀਨੀ ਮਿਲਾਓ ਜਾਂ ਸਵਾਦ ਅਨੁਸਾਰ ਵੱਧ-ਘੱਟ। ਹੁਣ ਇਸ ਨੂੰ ਹੋਰ 3-4 ਮਿੰਟਾਂ ਲਈ ਪਕਾਓ ਅਤੇ ਜਦੋਂ ਇਹ ਥੋੜ੍ਹੀ ਗਾੜ੍ਹੀ ਹੋ ਜਾਵੇ ਤਾਂ ਇਸ ਵਿਚ ਇਲਾਇਚੀ ਪਾਊਡਰ ਪਾਓ ਅਤੇ ਇਸ ਵਿਚ ਇਕ ਚਮਚਾ ਕੱਟਿਆ ਹੋਇਆ ਪਿਸਤਾ ਮਿਲਾਓ। ਤੁਸੀਂ ਇਸ ਵਿਚ ਪਿਸਤੇ ਦੀ ਥਾਂ ਬਰੀਕ ਕੱਟੇ ਹੋਏ ਬਦਾਮ ਵੀ ਪਾ ਸਕਦੇ ਹੋ । ਹੁਣ ਇਸ ਨੂੰ ਚੰਗੀ ਤਰ੍ਹਾਂ ਹਿਲਾਉਣ ਪਿੱਛੋਂ ਗੈਸ ਬੰਦ ਕਰ ਦਿਓ . ਹੁਣ ਗਰਮ-ਗਰਮ ਕਾਰਨ ਖੀਰ (ਮੱਕੀ ਦੇ ਦਾਨਿਆਂ ਤੋਂ ਬਣੀ) ਨੂੰ ਪਿਸਤੇ ਨਾਲ ਸਜਾ ਕੇ ਪਰੋਸੋ . ਇਸ ਨੂੰ ਫਰਿੱਜ ਵਿਚ ਰੱਖ ਕੇ ਠੰਢਾ ਕਰਕੇ ਵੀ ਖਾ ਸਕਦੇ ਹੋ।

# ਤਕਨਾਲੋਜੀ ਟਾਈਮਜ਼

## ਏਲਨ ਮਸਕ ਦਾ ਵੱਡਾ ਐਲਾਨ: 2026 ‘ਚ ਸ਼ੁਰੂ ਹੋਵੇਗਾ ਨਿਊਰਾਲਿੰਕ ਚਿੱਪ ਦਾ ਵੱਡੇ ਪੱਧਰ ‘ਤੇ ਉਤਪਾਦਨ

ਵਾਸ਼ਿੰਗਟਨ, (ਦਿਵਰੂਪ ਕੌਰ): ਤਕਨਾਲੋਜੀ ਦੀ ਦੁਨੀਆ ਵਿੱਚ ਇੱਕ ਵੱਡਾ ਧਮਾਕਾ ਕਰਦਿਆਂ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਏਲਨ ਮਸਕ ਨੇ ਆਪਣੀ ਬ੍ਰੇਨ-ਇੰਪਲਾਂਟ ਕੰਪਨੀ ‘ਨਿਊਰਾਲਿੰਕ’ (Neuralink) ਰਾਹੀਂ ਮਨੁੱਖੀ ਇਤਿਹਾਸ ਨੂੰ ਬਦਲਣ ਵੱਲ ਇੱਕ ਹੋਰ ਕਦਮ ਵਧਾ ਦਿੱਤਾ ਹੈ। ਮਸਕ ਨੇ ਐਲਾਨ ਕੀਤਾ ਹੈ ਕਿ ਸਾਲ 2026 ਵਿੱਚ ਨਿਊਰਾਲਿੰਕ ਆਪਣੇ ‘ਬ੍ਰੇਨ-ਕੰਪਿਊਟਰ ਇੰਟਰਫੇਸ’ (BCI) ਯੰਤਰਾਂ ਦਾ ਵੱਡੇ ਪੱਧਰ ‘ਤੇ ਉਤਪਾਦਨ ਸ਼ੁਰੂ ਕਰ ਦੇਵੇਗੀ। ਇਸ ਦੇ ਨਾਲ ਹੀ, ਕੰਪਨੀ ਅਗਲੇ ਸਾਲ ਤੋਂ ਦਿਮਾਗ ਦੀ ਸਰਜਰੀ ਦੀ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਸਵੈਚਾਲਿਤ (automated) ਬਣਾਉਣ ਜਾ ਰਹੀ ਹੈ, ਜਿਸ ਵਿੱਚ ਕਿਸੇ ਮਨੁੱਖੀ ਸਰਜਨ ਦੀ ਬਜਾਏ ਇੱਕ ਰੋਬੋਟ ਇਸ ਨਾਜ਼ੁਕ ਚਿੱਪ ਨੂੰ ਦਿਮਾਗ ਵਿੱਚ ਸਥਾਪਿਤ ਕਰੇਗਾ। ਇਹ ਖ਼ਬਰ ਵਿਗਿਆਨ ਅਤੇ ਮੈਡੀਕਲ ਖੇਤਰ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਮੰਨੀ ਜਾ ਰਹੀ ਹੈ, ਜੋ ਖ਼ਾਸ ਕਰਕੇ ਅਧਰੰਗ ਅਤੇ ਰੀੜ੍ਹ ਦੀ ਹੱਡੀ ਦੀਆਂ ਸੱਟਾਂ ਨਾਲ ਜੂਝ ਰਹੇ ਮਰੀਜ਼ਾਂ ਲਈ ਇੱਕ ਵੱਡੀ ਉਮੀਦ ਦੀ ਕਿਰਨ ਬਣ ਕੇ ਸਾਹਮਣੇ ਆਈ ਹੈ।

ਏਲਨ ਮਸਕ ਨੇ ਸੋਸ਼ਲ ਮੀਡੀਆ ਪਲੇਟਫਾਰਮ ‘X’ ਉੱਤੇ ਇੱਕ ਪੋਸਟ ਰਾਹੀਂ ਇਹ ਜਾਣਕਾਰੀ ਸਾਂਝੀ ਕੀਤੀ ਕਿ ਨਿਊਰਾਲਿੰਕ ਹੁਣ ਪ੍ਰਯੋਗਾਂ ਦੇ ਦੌਰ ਤੋਂ ਬਾਹਰ ਨਿਕਲ ਕੇ ਉਦਯੋਗਿਕ ਪੱਧਰ ‘ਤੇ ਕੰਮ ਕਰਨ ਲਈ ਤਿਆਰ ਹੈ। ਮਸਕ ਅਨੁਸਾਰ, 2026 ਦਾ ਸਾਲ ਕੰਪਨੀ ਲਈ ਮੀਲ ਪੱਥਰ ਸਾਬਤ ਹੋਵੇਗਾ ਕਿਉਂਕਿ ਇਸ ਦੌਰਾਨ ਨਾ ਸਿਰਫ਼ ਯੰਤਰਾਂ ਦੀ ਪੈਦਾਵਾਰ ਵਧਾਈ ਜਾਵੇਗੀ, ਸਗੋਂ ਸਰਜਰੀ ਦੀ ਪ੍ਰਕਿਰਿਆ ਨੂੰ ਇੰਨਾ ਸਰਲ ਅਤੇ ਸੁਰੱਖਿਅਤ ਬਣਾ ਦਿੱਤਾ ਜਾਵੇਗਾ ਕਿ ਇਹ ਪੂਰੀ ਤਰ੍ਹਾਂ ਮਸ਼ੀਨੀ ਪ੍ਰਣਾਲੀ ਰਾਹੀਂ ਸੰਪੰਨ ਹੋ ਸਕੇਗੀ। ਹਾਲਾਂਕਿ ਇਸ ਮਾਮਲੇ ‘ਤੇ ਨਿਊਰਾਲਿੰਕ ਨੇ ਅਧਿਕਾਰਤ ਤੌਰ ‘ਤੇ ਕੋਈ ਹੋਰ ਟਿੱਪਣੀ ਨਹੀਂ ਕੀਤੀ ਹੈ, ਪਰ ਮਸਕ ਦੇ ਇਸ ਐਲਾਨ ਨੇ ਨਿਵੇਸ਼ਕਾਂ ਅਤੇ ਮੈਡੀਕਲ ਮਾਹਰਾਂ ਵਿੱਚ ਭਾਰੀ ਉਤਸ਼ਾਹ ਪੈਦਾ ਕਰ ਦਿੱਤਾ ਹੈ।

ਨਿਊਰਾਲਿੰਕ ਦੀ ਇਹ ਚਿੱਪ ਅਸਲ ਵਿੱਚ ਇੱਕ ਅਜਿਹਾ ਇੰਪਲਾਂਟ ਹੈ ਜੋ ਮਨੁੱਖੀ ਦਿਮਾਗ ਨੂੰ ਸਿੱਧਾ ਕੰਪਿਊਟਰ ਜਾਂ ਕਿਸੇ ਡਿਜੀਟਲ ਡਿਵਾਈਸ




ਨਾਲ ਜੋੜ ਦਿੰਦਾ ਹੈ। ਇਸ ਤਕਨਾਲੋਜੀ ਦਾ ਮੁੱਖ ਉਦੇਸ਼ ਉਨ੍ਹਾਂ ਲੋਕਾਂ ਦੀ ਮਦਦ ਕਰਨਾ ਹੈ ਜੋ ਗੰਭੀਰ ਸਰੀਰਕ ਅਸਮਰੱਥਾ, ਜਿਵੇਂ ਕਿ ਅਧਰੰਗ ਜਾਂ ਰੀੜ੍ਹ ਦੀ ਹੱਡੀ ਦੀ ਸੱਟ ਕਾਰਨ ਆਪਣੇ ਅੰਗਾਂ ਨੂੰ ਹਿਲਾਉਣ-ਜੁਲਾਉਣ ਵਿੱਚ ਅਸਮਰੱਥ ਹਨ। ਇਸ ਯੰਤਰ ਦੀ ਸਹਾਇਤਾ ਨਾਲ ਮਰੀਜ਼ ਸਿਰਫ਼ ਆਪਣੀ ਸੋਚ ਰਾਹੀਂ ਕੰਪਿਊਟਰ ਦਾ ਕਰਸਰ ਹਿਲਾ ਸਕਦੇ ਹਨ, ਇੰਟਰਨੈੱਟ ਦੀ ਵਰਤੋਂ ਕਰ ਸਕਦੇ ਹਨ ਅਤੇ ਸੋਸ਼ਲ ਮੀਡੀਆ ‘ਤੇ ਪੋਸਟਾਂ ਵੀ ਪਾ ਸਕਦੇ ਹਨ। ਕੰਪਨੀ ਦੇ ਪਹਿਲੇ ਮਨੁੱਖੀ ਮਰੀਜ਼ ਨੇ ਇਸ ਦੀ ਵਰਤੋਂ ਕਰਦਿਆਂ ਵੀਡੀਓ ਗੇਮਾਂ ਖੇਡਣ ਵਿੱਚ ਸਫਲਤਾ ਹਾਸਲ ਕੀਤੀ ਹੈ, ਜੋ ਇਸ ਤਕਨਾਲੋਜੀ ਦੀ ਸਫਲਤਾ ਦਾ ਇੱਕ ਜਿਉਂਦਾ-ਜਾਗਦਾ ਸਬੂਤ ਹੈ।

ਨਿਊਰਾਲਿੰਕ ਦਾ ਸਫ਼ਰ ਕਾਫ਼ੀ ਚੁਣੌਤੀਪੂਰਨ ਰਿਹਾ ਹੈ। ਕੰਪਨੀ ਨੇ ਸਾਲ 2022 ਵਿੱਚ ਅਮਰੀਕੀ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ (FDA) ਕੋਲ ਮਨੁੱਖੀ ਟਰਾਇਲ ਲਈ ਅਰਜ਼ੀ ਦਿੱਤੀ ਸੀ, ਜਿਸ ਨੂੰ ਸ਼ੁਰੂ ਵਿੱਚ ਸੁਰੱਖਿਆ ਕਾਰਨਾਂ ਕਰਕੇ ਰੱਦ ਕਰ ਦਿੱਤਾ ਗਿਆ ਸੀ। ਪਰ 2024 ਵਿੱਚ, ਸਾਰੇ ਸੁਰੱਖਿਆ ਮਾਪਦੰਡਾਂ ਨੂੰ ਪੂਰਾ ਕਰਨ ਤੋਂ ਬਾਅਦ, ਕੰਪਨੀ ਨੂੰ ਮਨੁੱਖੀ ਟਰਾਇਲ ਸ਼ੁਰੂ ਕਰਨ ਦੀ ਇਜਾਜ਼ਤ ਮਿਲ ਗਈ। ਸਤੰਬਰ 2025 ਤੱਕ ਦੀ ਰਿਪੋਰਟ ਅਨੁਸਾਰ, ਦੁਨੀਆ ਭਰ ਵਿੱਚ ਲਗਭਗ 12 ਅਜਿਹੇ ਵਿਅਕਤੀ ਹਨ ਜੋ ਇਸ ਸਮੇਂ ਨਿਊਰਾਲਿੰਕ ਇੰਪਲਾਂਟ ਦੀ ਵਰਤੋਂ ਕਰ ਰਹੇ ਹਨ। ਇਹ ਸਾਰੇ ਲੋਕ ਗੰਭੀਰ ਅਧਰੰਗ ਤੋਂ ਪੀੜਤ ਹਨ ਅਤੇ ਹੁਣ ਉਹ ਸਿਰਫ਼ ਸੋਚ ਕੇ ਡਿਜੀਟਲ ਅਤੇ ਭੌਤਿਕ ਉਪਕਰਣਾਂ ਨੂੰ ਕੰਟਰੋਲ ਕਰ ਰਹੇ ਹਨ।

ਇਸ ਤਕਨਾਲੋਜੀ ਦੀ ਵਧਦੀ ਪ੍ਰਸਿੱਧੀ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਦੇਖਦੇ ਹੋਏ, ਨਿਊਰਾਲਿੰਕ ਨੂੰ ਨਿਵੇਸ਼ਕਾਂ ਦਾ ਵੀ ਭਰਪੂਰ ਸਹਿਯੋਗ ਮਿਲ ਰਿਹਾ ਹੈ। ਜੂਨ 2025 ਵਿੱਚ ਹੋਏ ਫੰਡਿੰਗ ਦੌਰ ਦੌਰਾਨ ਕੰਪਨੀ ਨੇ 650 ਮਿਲੀਅਨ ਡਾਲਰ ਦੀ ਵੱਡੀ ਰਾਸ਼ੀ ਇਕੱਠੀ ਕੀਤੀ ਸੀ। ਮਸਕ ਦਾ ਮੰਨਣਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਇਹ ਚਿੱਪ ਨਾ ਸਿਰਫ਼ ਬਿਮਾਰੀਆਂ ਦੇ ਇਲਾਜ ਵਿੱਚ ਸਹਾਈ ਹੋਵੇਗੀ, ਸਗੋਂ ਇਨਸਾਨ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ (AI) ਦੇ ਵਿਚਕਾਰ ਇੱਕ ਮਜ਼ਬੂਤ ਕੜੀ ਦਾ ਕੰਮ ਕਰੇਗੀ। ਮਾਹਰਾਂ ਅਨੁਸਾਰ, 2026 ਵਿੱਚ ਸਵੈਚਾਲਿਤ ਸਰਜਰੀ ਦਾ ਸ਼ੁਰੂ ਹੋਣਾ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਇਹ ਮਨੁੱਖੀ ਗਲਤੀ ਦੀ ਸੰਭਾਵਨਾ ਨੂੰ ਘੱਟ ਕਰੇਗਾ ਅਤੇ ਸਰਜਰੀ ਦੇ ਸਮੇਂ ਨੂੰ ਵੀ ਬਚਾਏਗਾ।

ਜਿੱਥੇ ਇੱਕ ਪਾਸੇ ਲੋਕ ਇਸ ਨੂੰ ਮੈਡੀਕਲ ਵਿਗਿਆਨ ਦਾ ਚਮਤਕਾਰ ਮੰਨ ਰਹੇ ਹਨ, ਉੱਥੇ ਹੀ ਨੈਤਿਕਤਾ ਅਤੇ ਸੁਰੱਖਿਆ ਨੂੰ ਲੈ ਕੇ ਕੁਝ ਸਵਾਲ ਵੀ ਉੱਠ ਰਹੇ ਹਨ। ਆਲੋਚਕਾਂ ਦਾ ਕਹਿਣਾ ਹੈ ਕਿ ਦਿਮਾਗ ਵਿੱਚ ਚਿੱਪ ਲਗਾਉਣਾ ਪ੍ਰਾਈਵੇਸੀ ਅਤੇ ਸੁਰੱਖਿਆ ਲਈ ਖ਼ਤਰਾ ਪੈਦਾ ਕਰ ਸਕਦਾ ਹੈ। ਹਾਲਾਂਕਿ, ਨਿਊਰਾਲਿੰਕ ਦਾ ਦਾਅਵਾ ਹੈ ਕਿ ਉਨ੍ਹਾਂ ਦਾ ਪੂਰਾ ਧਿਆਨ ਇਸ ਵੇਲੇ ਸਿਰਫ਼ ਮਨੁੱਖੀ ਭਲਾਈ ਅਤੇ ਮੈਡੀਕਲ ਲੋੜਾਂ ‘ਤੇ ਕੇਂਦਰਿਤ ਹੈ। ਮਸਕ ਦੀ ਦੂਰਅੰਦੇਸ਼ੀ ਨੇ ਹਮੇਸ਼ਾ ਹੀ ਦੁਨੀਆ ਨੂੰ ਹੈਰਾਨ ਕੀਤਾ ਹੈ ਅਤੇ ਹੁਣ 2026 ਦੇ ਇਸ ਰੋਡਮੈਪ ਨਾਲ ਉਨ੍ਹਾਂ ਨੇ ਸਾਬਤ ਕਰ ਦਿੱਤਾ ਹੈ ਕਿ ਉਹ ਮਨੁੱਖੀ ਦਿਮਾਗ ਦੀਆਂ ਸੀਮਾਵਾਂ ਨੂੰ ਮੁੜ ਤੋਂ ਪਰਿਭਾਸ਼ਿਤ ਕਰਨ ਲਈ ਤਿਆਰ ਹਨ। ਜੇਕਰ ਸਭ ਕੁਝ ਯੋਜਨਾ ਅਨੁਸਾਰ ਚੱਲਦਾ ਰਿਹਾ, ਤਾਂ ਉਹ ਦਿਨ ਦੂਰ ਨਹੀਂ ਜਦੋਂ ਮਨੁੱਖੀ ਸੋਚ ਅਤੇ ਮਸ਼ੀਨ ਦੇ ਵਿਚਕਾਰ ਕੋਈ ਦੂਰੀ ਨਹੀਂ ਰਹੇਗੀ।

ਲੇਖਕ : ਬਰਾੜ ਭਗਤਾ ਭਾਈ ਕਾ
ਸੰਪਰਕ : (604) 751-1113

# ਛਿਤਰੌਲ



ਸੋਟੀ ਦੇ ਸਹਾਰੇ ਢਿੱਲੀ ਜਿਹੀ ਤੋਰ ਨਾਲ ਨੱਭ੍ਰਿਆਂ ਤੋਂ ਟੱਪਿਆ ਬਾਬਾ ਮੁਨਸ਼ਾ ਸਿਉਂ ਸੱਥ ਵਾਲੇ ਥੜ੍ਹੇ ਕੋਲ ਆ ਕੇ ਐਨਕਾਂ ਨੂੰ ਠੀਕ ਕਰਦਾ ਨਾਥੇ ਅਮਲੀ ਦੇ ਲਾਡ ਨਾਲ ਸੋਟੀ ਦੀ ਹੁੱਜ ਮਾਰ ਕੇ ਕਹਿੰਦਾ, "ਤੇਰੇ ਗੁਆਂਢੀ ਮੱਘਰ ਕੇ ਮੀਤੇ ਦਾ ਕੀ ਬਣਿਆਂ ਅਮਲੀਆ ਓਏ। ਬੰਨ੍ਹ ਤਾਂ ਕੰਡਿਆਲਾਂ ਆਲੇ ਥੋਹਰ ਨਾਲ ਕੁ ਛੁੱਟ ਗਿਆ?"

ਸੀਤਾ ਮਰਾਸੀ ਨਾਥੇ ਅਮਲੀ ਦੇ ਜਵਾਬ ਦੇਣ ਤੋਂ ਪਹਿਲਾਂ ਹੀ ਬੋਲ ਪਿਆ ਬਾਬੇ ਨੂੰ, "ਛੁੱਟਣ ਉਹ ਗਾਹਾਂ ਆੜ੍ਹਤੀਏ ਦਾ ਫੜ੍ਹਿਆ ਵਿਆ ਸੀ ਬਈ ਪੈਂਸੇ ਮੰਗਦਾ ਸੀ ਸੇਠ। ਪੁੱਠੇ ਕੰਮਾਂ ਦੇ ਮਾੜੇ ਨਤੀਜੇ। ਕੇਰਾਂ ਆਪਣੇ ਪਿੰਡ ਆਲਾ ਬੋਘਾ ਕੱਟੀ ਸਾਹੁਰਿਆਂ ਤੋਂ ਬਹੂ ਨੂੰ ਲੈਣ ਗਿਆ ਸਾਹੁਰਿਆਂ ਦੀ ਬੱਕਰੀਉ ਈ ਖੋਹਲ ਲਿਆਇਆ। ਬਹੂ ਤਾਂ ਆਈ ਨਾ, ਉਹਨੇ ਕਿਹਾ ਖਾਲੀ ਤਾਂ ਹੁਣ ਘਰੇ ਕੀ ਜਾਮਾਂਗੇ, ਚੱਲੋ ਬੱਕਰੀਉ ਈ ਲੈ ਚਲਦੇ ਆਂ। ਬੱਕਰੀ ਲਈ ਆਉਂਦੇ ਨੂੰ ਕਿਤੇ ਰਾਹ 'ਚ ਨਹਿੰਗ ਸਿੰਘ ਮਿਲ ਗੇ ਨੰਦਪੁਰ ਨੂੰ ਹੋਲੇ ਮਹੱਲੇ 'ਤੇ ਜਾਂਦੇ। ਉਨ੍ਹਾਂ ਨੇ ਵੇਖਿਆ ਬਈ ਇਹ ਬੱਕਰੀ ਇਹਦੀ ਤਾਂ ਲੱਗਦੀ ਨ੍ਹੀ। ਇਹ ਤਾਂ ਇਉਂ ਲੱਗਦਾ ਜਿਮੇਂ ਕਿਸੇ ਦੀ ਚੋਰੀ ਕਰਕੇ ਲਿਆਇਆ ਹੁੰਦੈ। ਨਹਿੰਗਾਂ ਨੇ ਬੋਘੇ ਨੂੰ ਘੇਰ ਕੇ ਪੁੱਛਿਆ 'ਕਿੰਨੇ ਦੀ ਲਿਆਇਐਂ ਓਏ'? ਬੋਘਾ ਨਹਿੰਗਾਂ ਦਾ ਦੱਬਕਾ ਸੁਣ ਕੇ ਇਉਂ ਕੰਬਣ ਲੱਗ ਗਿਆ ਜਿਮੇਂ ਤਣੀ 'ਤੇ ਸੁੱਕਣਾ ਪਾਇਆ ਸੁੱਥੂ ਹਵਾ ਨਾਲ ਹਿੱਲਦਾ ਹੁੰਦੈ। ਅੜ੍ਹਕ-ਅੜ੍ਹਕ ਕੇ ਜੇ ਬੋਲਦਾ ਬੋਘਾ ਕਹਿੰਦਾ 'ਮੈਂ ਮੈਂ ਮੈਂ ਤਾਂ ਸਹੁਰਿਆਂ ਤੋਂ ਲਿਆਇਆਂ, ਪੈਂਸਾ ਤਾਂ ਮੈਂ ਨ੍ਹੀ ਕੋਈ ਲਾਇਆ'। ਲੜ ਖੜਾਉਂਦੇ ਬੋਲਦੇ ਨੂੰ ਸੁਣ ਕੇ ਨਹਿੰਗਾਂ ਨੂੰ ਪਤਾ ਲੱਗ ਗਿਆ ਗਈ ਇਹ ਤਾਂ ਚੋਰੀ ਕਰਕੇ ਲਿਆਇਆ ਬੱਕਰੀ। ਉਨ੍ਹਾਂ ਨੇ ਢਾਹ ਲਿਆ ਬੋਘਾ। ਮਾਰ ਮਾਰ ਘਸੁੰਨ ਬੋਘੇ ਦਾ ਬੂਥੜ ਭੰਨ ਕੇ ਮੂੰਹ ਇਉਂ ਬਣਾ 'ਤਾ ਜਿਮੇਂ ਖਰਬੂਜਿਆਂ ਦੇ ਵਾੜੇ ਕੋਲੇ ਗਧਿਆਂ ਨੇ ਖਰਬੂਜੇ ਮਿੱਧੇ ਹੁੰਦੇ ਐ। ਨਾਲੇ ਲੈ ਗੇ ਆਗਲੇ ਬੱਕਰੀ ਖੋਹ ਕੇ। ਚੋਰੀ ਕੀਤੀ ਬੱਕਰੀ ਮੁਖਤ ਦੇ ਭਾਅ ਚੀ ਗਈ। ਜਿਹੜੇ ਘੈਂਸਲੇ ਖਾਧੇ ਉਹ ਨਫ਼ੇ ਦੇ।"

ਮਾਹਲੇ ਨੰਬਰਦਾਰ ਨੇ ਮਰਾਸੀ ਦੀ ਗੱਲ ਟੋਕ ਕੇ ਮਰਾਸੀ ਨੂੰ ਪੁੱਛਿਆ, "ਸਾਹੁਰਿਆਂ ਨੂੰ ਪਤਾ ਨ੍ਹੀ ਲੱਗਿਆ ਬਈ ਬੱਕਰੀ ਕੌਣ ਲੈ ਗਿਆ?"

ਚੁੱਪ ਕਰਿਆ ਬੈਠਾ ਨਾਥਾ ਅਮਲੀ ਟਿੱਚਰ 'ਚ ਕਹਿੰਦਾ, "ਸਾਹੁਰਿਆਂ ਨੇ ਜਦੋਂ ਅਗਲੇ ਦੀ ਬਹੂ ਰੱਖ ਲੀ ਤਾਂ ਉਹਨੇ ਬੱਕਰੀ ਤਾਂ ਖੋਹਲਣੀਉਂ ਈਂ ਸੀ।"

ਕੈਲਾ ਬੁੜ੍ਹਾ ਕਹਿੰਦਾ, "ਚਲਾਕ ਸੀ ਬੋਘਾ। ਉਹਨੇ ਕਿਹਾ ਆਪੇ ਛੱਡ ਕੇ ਆਉਣਗੇ ਬੱਕਰੀ ਲਿਆਉਣ ਦੇ ਮਾਰੇ। ਬਹੂ ਛੱਡਿਆਉਣਗੇ, ਬੱਕਰੀ ਲੈ ਆਉਣਗੇ। ਤਾਂ ਕਰਕੇ ਬੱਕਰੀ ਖੋਹਲ ਕੇ ਲਿਆਇਆ ਸੀ, ਹੋਰ ਬੋਘੇ ਨੇ ਕਿਹੜਾ ਬੱਕਰੀ ਨ੍ਹੀ ਵੇਖੀ ਕਦੇ।"

ਨਾਥਾ ਅਮਲੀ ਕੈਲੇ ਬੁੜ੍ਹੇ ਦੀ ਗੱਲ ਸੁਣ ਕੇ ਬੁੜ੍ਹੇ ਨਾਲ ਟਿੱਚਰੋ ਟਿੱਚਰੀ ਹੋ ਗਿਆ। ਕੈਲੇ ਬੁੜ੍ਹੇ ਦੇ ਗੋਡੇ 'ਤੇ ਹੱਥ ਮਾਰ ਕੇ ਕਹਿੰਦਾ, "ਆਹ ਨੰਬਰਦਾਰਾ ਦੀ ਸੁਣ ਲਾ ਬੁੜ੍ਹਿਆ। ਨੰਬਰਦਾਰ ਕਹਿੰਦਾ 'ਸਹੁਰਿਆਂ ਨੂੰ ਪਤਾ ਨ੍ਹੀ ਲੱਗਿਆ ਬਈ ਕੌਣ ਲੈ ਗਿਆ ਬੱਕਰੀ'। ਬੱਕਰੀ ਦਾ ਤਾਂ ਨੰਬਰਦਾਰਾ ਉਨ੍ਹਾਂ ਨੂੰ ਘੈਂਟੇ ਕੁ ਚੀ ਪਤਾ ਲੱਗ ਗਿਆ ਸੀ ਬਈ ਬੱਕਰੀ ਕੋਈ ਖੋਹਲ ਕੇ ਲੈ ਗਿਆ, ਪਰ ਇਉਂ ਨਾ ਪਤਾ ਲੱਗਿਆ ਬਈ ਕੀਹਨੇ ਖੋਹਲੀ ਐ?"

ਨੰਬਰਦਾਰ ਨੇ ਪੁੱਛਿਆ, "ਪਤਾ ਕਿਮੇਂ ਲੱਗਿਆ ਬਈ ਫਿਰ?"

ਨਾਥਾ ਅਮਲੀ ਕਹਿੰਦਾ, "ਪਤਾ ਤਾਂ ਪਠੋਰਿਆਂ ਤੋਂ ਈ ਲੱਗ ਗਿਆ ਸੀ ਜਦੋਂ ਬੱਕਰੀ ਨਾ ਦਿਸੀ ਤਾਂ ਪਠੋਰੇ ਮਿਆਂਕਣ ਲੱਗ ਗੇ। ਘਰ ਵਾਲਿਆਂ ਨੇ ਪਹਿਲਾਂ ਤਾਂ ਕੋਈ ਬਹੁਤੀ ਗੌਰ ਜੀ ਨਾ ਕੀਤੀ ਬਈ ਊਈਂ ਮਿਆਂਕਦੇ ਹੋਣਗੇ ਭੁੱਖੇ। ਜਦੋਂ ਉਹ ਮਿਆਂਕਣੋ ਨਾ ਈਂ ਹਟੇ ਤਾਂ ਬੁੜ੍ਹੀ ਨੇ ਬੁੜ੍ਹੇ ਨੂੰ ਕਿਹਾ ਹੋਣੈ ਬਈ ਪਠੋਰੇ ਭੁੱਖੇ ਮਿਆਂਕਦੇ ਐ, ਜਾਹ ਉੱਠ ਕੇ ਜਾ ਕੇ ਬੱਕਰੀ ਪਠੋਰਿਆਂ ਦੇ ਕੋਲ ਬੰਨ੍ਹ ਦੇ, ਦੁੱਧ ਚੁੰਘ ਲੈਣਗੇ। ਜਦੋਂ ਬੁੜ੍ਹਾ ਉੱਠ ਕੇ ਬੱਕਰੀ ਆਲੇ ਕਿੱਲੇ 'ਤੇ ਆਇਆ ਹੋਣੈ, ਉਹਨੇ ਵੇਖਿਆ ਹੋਣੈ ਬਈ ਏਥੇ ਤਾਂ ਬੱਕਰੀਉ ਈ ਹੈ ਨ੍ਹੀ। ਮੁੜ ਕੇ ਉਨ੍ਹਾਂ ਨੇ ਐਧਰ ਓਧਰ ਵੇਖੀ ਹੋਣੀ ਐਂ ਨਾ ਥਿਆਈ। ਫੇਰ ਬੁੜ੍ਹਾ ਕੁੜੀ ਨੂੰ ਲੈ ਕੁੜੀ ਦੇ ਸਹੁਰੀਂ ਛੱਡਣ ਉਠ ਗਿਆ। ਸੋਚਿਆ ਨਾਲੇ ਬੱਕਰੀ ਦੀ ਉੱਘ ਸੁੱਘ ਨਿੱਕਲ ਆਊ। ਜਦੋਂ ਬੁੜ੍ਹਾ ਜਾ ਕੇ ਘਰੇ ਵੜਿਆ ਤਾਂ ਜਾਂਦੇ ਨੂੰ ਜੁਆਈ ਸਾਹਬ ਜੀ ਮੰਜੇ 'ਚ ਪਏ ਆਵਦੀ ਬੇਬੇ ਤੋਂ ਨਹਿੰਗਾਂ ਵੱਲੋਂ ਲਾਏ ਸੋਧੇ ਦੀਆਂ ਗੁੱਝੀਆਂ ਸੱਟਾਂ ਨੂੰ ਤੱਤੇ ਰੇਤੇ ਦਾ ਸੇਕ ਦੁਆਈ ਜਾਵੇ। ਜਦੋਂ ਬਹੂ ਦੇ ਪਿਉ ਨੇ ਪੁੱਛਿਆ ਬਈ ਕੀ ਗੱਲ ਹੋ ਗੀ ਤਾਂ ਬੁੜ੍ਹੀ ਨੇ ਭਾਂਡਾ ਭੰਨ 'ਤਾ ਕਹਿੰਦੀ ਜਿਹੜੀ ਤੁਸੀਂ ਬੱਕਰੀ ਦਿੱਤੀ ਸੀ ਉਹਨੂੰ ਲਈ ਆਉਂਦੇ ਨੂੰ ਵੇਖ ਕੇ ਨਾਲੇ ਤਾਂ ਨਹਿੰਗ ਸਿੰਘ ਬੱਕਰੀ ਖੋਹ ਕੇ ਲੈ ਗੇ ਨਾਲੇ ਕੁੱਟ ਕੁੱਟ ਮੁੰਡੇ ਦਾ ਪਨੀਰ ਕੱਢ 'ਤਾ। ਆਹ ਗੱਲ ਹੋ ਗੀ। ਬੋਘੇ ਕੱਟੀ ਦੀ ਮਾਂ ਆਵਦੇ ਕੁੜਮ ਨਾਲ ਲੜ ਪੀ ਬਈ ਅਸੀਂ ਕੀ ਬੱਕਰੀ ਢੂਹੇ 'ਚ ਲੈਣੀ ਸੀ ਮੇਰਾ ਤਾਂ ਪੁੱਤ ਈ ਮਾਰ ਦੇਣਾ ਸੀ ਸੋਡੀ ਬੱਕਰੀ ਨੇ।"




ਬਾਬਾ ਮੁਨਸ਼ਾ ਸਿਉਂ ਨਾਥੇ ਅਮਲੀ ਦੀ ਚੱਲਦੀ ਗੱਲ ਵਿੱਚੋਂ ਕੱਟ ਕੇ ਕਹਿੰਦਾ, "ਮੈਂ ਤਾਂ ਯਾਰ ਮੱਘਰ ਕੇ ਮੀਤੇ ਦੀ ਗੱਲ ਪੁੱਛੀ ਸੀ ਬਈ ਪੁਲਸ ਨੇ ਛੱਡ 'ਤਾ ਕੁ ਨਹੀਂ। ਤੁਸੀਂ ਪਤੰਦਰੋ ਹੋਰ ਈ ਗਿੱਲਾ ਪੀਹਣ ਪਾ ਕੇ ਬਹਿ ਗੇ। ਬੋਘਾ ਤਾਂ ਹੈ ਈ ਚੋਰ। ਚੋਰ ਨੇ ਇਹ ਤਾਂ ਨ੍ਹੀ ਵੇਖਣਾ ਹੁੰਦਾ ਬਈ ਇਹ ਮੇਰੇ ਸਾਹੁਰਿਆਂ ਦਾ ਘਰ ਐ, ਕੁ ਨਾਨਕਿਆਂ ਦਾ ਘਰ ਐ। ਉਹਨੇ ਤਾਂ ਜਿੱਥੇ ਦਾਅ ਲੱਗਦਾ ਲਾ ਈ ਲੈਣਾ। ਤੁਸੀ ਮੀਤੇ ਦੀ ਗੱਲ ਦੱਸੋ ਬਈ ਉਹਦਾ ਕੀ ਬਣਿਆਂ ਭੌਰ ਦਾ?"

ਪ੍ਰਤਾਪੇ ਭਾਊ ਨੇ ਬਾਬੇ ਨੂੰ ਮੱਘਰ ਕੇ ਮੀਤੇ ਬਾਰੇ ਹੈਰਾਨੀ ਨਾਲ ਪੁੱਛਿਆ,"ਉਹਨੂੰ ਕੀ ਹੋ ਗਿਆ ਬਾਬਾ ਉਹਦੇ ਬਾਰੇ ਕਾਹਤੋਂ ਪੁੱਛਦੈਂ ਤੂੰ?"

ਪ੍ਰਤਾਪੇ ਭਾਊ ਦੀ ਗੱਲ ਸੁਣ ਕੇ ਬਾਬਾ ਭਾਊ ਨੂੰ ਕਹਿੰਦਾ, "ਕਿੱਥੇ ਰਹਿਨੈਂ ਭਾਊ ਯਾਰ ਤੂੰ। ਮੀਤੇ ਦੀ ਗੱਲ ਦਾ ਤਾਂ ਤਾਹਾਂ ਚੰਦ 'ਤੇ ਗਿਆਂ ਵਿਆਂ ਨੂੰ ਵੀ ਪਤਾ ਲੱਗ ਗਿਆ ਬਈ ਉਹਨੂੰ ਪੁਲਸ ਫੜ ਕੇ ਲੈ ਗੀ। ਤੈਨੂੰ ਚੁੱਲ੍ਹੇ ਦੇ ਵੱਟੇ ਨਾਲ ਬੈਠੇ ਨੂੰ ਮਨ੍ਹੀ ਪਤਾ ਲੱਗਿਆ।"

ਮਾਹਲਾ ਨੰਬਰਦਾਰ ਕਹਿੰਦਾ, "ਇਹਨੇ ਪਤਾ ਲਾ ਕੇ ਵੀ ਮੁਨਸ਼ਾ ਸਿਆਂ ਕੀ ਕਰਨੈਂ। ਰੋਟੀਆਂ ਭੰਨ ਈ ਐਂ ਇਹ ਤਾਂ। ਰੋਟੀਆਂ ਜਿੰਨੀਆਂ ਮਰਜੀ ਖੁਆ ਲੋ, ਪਰ ਕਿਸੇ ਗੱਲ ਦਾ ਨ੍ਹੀ ਪਤਾ ਹੁੰਦਾ ਇਹਨੂੰ।"

ਸੀਤਾ ਮਰਾਸੀ ਟਿੱਚਰ 'ਚ ਕਹਿੰਦਾ, "ਰੋਟੀਆਂ ਦਾ ਤਾਂ ਇਹਨੂੰ ਸਾਰੇ ਪਿੰਡ ਦੇ ਘਰਾਂ ਦਾ ਪਤਾ ਬਈ ਕੀਹਦੇ ਕਿੰਨੀਆਂ ਪੱਕਦੀਐ ਕੀਹਦੇ ਕਿੰਨੀਆਂ।"

ਘੀਰਾ ਪੰਡਤ ਸੀਤੇ ਮਰਾਸੀ ਨੂੰ ਕਹਿੰਦਾ, "ਬਾਬੇ ਦੀ ਵੀ ਸੁਣ ਲਾ ਮੀਰ ਸਿਆਂ। ਆਵਦਾ ਈ ਟੱਟੂ ਭਜਾਈ ਜਾਨੇ ਐ ਜਿਮੇਂ ਪਿੰਡ ਆਲੇ ਅਵਾਰਾ ਗਊਆਂ ਨੂੰ ਫੜ੍ਹਣ ਵੇਲੇ ਸਾਰੇ ਪਿੰਡ 'ਚ ਡੱਕਰੀ ਫਿਰਦੇ ਹੁੰਦੇ ਐ। ਕਿਸੇ ਹੋਰ ਦੀ ਵੀ ਸੁਣ ਲਾ ਗੱਲ। ਬਾਹਲਾ ਬੋਲਦੈਂ ਪਤੰਦਰਾ।"

ਘੀਰੇ ਪੰਡਤ ਦੀ ਗੱਲ ਸੁਣ ਕੇ ਸੀਤਾ ਮਰਾਸੀ ਘੀਰੇ ਨੂੰ ਇਉਂ ਕਤਾੜ ਕੇ ਪੈ ਗਿਆ ਜਿਮੇਂ ਭੁੱਖੇ ਕਤੀੜ੍ਹ ਤੰਦੂਰ 'ਤੇ ਪਏ ਰੋਟੀਆਂ ਆਲੇ ਛਾਬੇ ਨੂੰ ਪੈ ਗੇ ਹੋਣ। ਮਰਾਸੀ ਘੀਰੇ ਨੂੰ ਕਹਿੰਦਾ, "ਪਹਿਲਾਂ ਆਵਦੀਆਂ ਪਹਿਲੀਆਂ ਸੱਟਾਂ ਨੂੰ ਸੇਕ ਸੂਕ ਦੇ ਲਾ। ਪਹਿਲੀ ਕੁੱਟ ਨੂੰ ਹਜੇ 'ਰਾਮ ਨ੍ਹੀ ਆਇਆ, ਹੁਣ ਫੇਰ ਪੰਗੇ ਲੈਣ ਨੂੰ ਫਿਰਦੈ। ਬਹਿ ਜਾ ਟਿਕ ਕੇ ਕਿਤੇ ਹੋਰ ਨਾ ਦਬਾਰੇ ਗੁਲਗਲੇ ਆਰਗਾ ਕਰਨਾ ਪੈ ਜੇ।"

ਬੁੱਘਰ ਦਖਾਣ ਨੇ ਸੀਤੇ ਮਰਾਸੀ ਨੂੰ ਪੁੱਛਿਆ, "ਪਹਿਲਾਂ ਕੀ ਗੱਲ ਹੋ ਗੀ ਮੀਰ ਪੰਡਤ ਨਾਲ?"

ਮਰਾਸੀ ਨੂੰ ਘੀਰੇ ਪੰਡਤ 'ਤੇ ਹਰਖਿਆ ਵੇਖ ਬਾਬੇ ਮੁਨਸ਼ਾ ਸਿਉਂ ਨੇ ਪੰਡਤ ਨੂੰ ਤਾਂ ਘਰ ਨੂੰ ਤੋਰ 'ਤਾ ਬਈ ਕਿਤੇ ਪੰਡਤ ਤੇ ਮਰਾਸੀ ਹੇਠ ਉੱਤੇ ਨਾ ਹੋ ਜਾਣ। ਜਦੋਂ ਘੀਰਾ ਪੰਡਤ ਘਰ ਨੂੰ ਉਠ ਗਿਆ ਤਾਂ ਬਾਬੇ ਨੇ ਮੁਸ਼ਕਣੀਆਂ ਹੱਸ ਕੇ ਮਰਾਸੀ ਨੂੰ ਪੁੱਛਿਆ, "ਇਹਨੂੰ ਕੀ ਗੱਲ ਹੋ ਗੀ ਸੀ ਮੀਰ, ਕਿਸੇ ਨੇ ਕੁੱਟਿਆ ਸੀ ਇਹਨੂੰ?"

ਮਰਾਸੀ ਕਹਿੰਦਾ, "ਕੁੱਟ ਅਰਗੀ ਕੁੱਟ ਬਾਬਾ। ਇਹ ਬਾਹਮਣ ਕਿਤੇ ਪਾਤੜੀਂ ਜਾ ਵੜਿਆ ਸ਼ਨੀ ਦੇਵਤੇ ਦਾ ਤੇਲ ਤੁਲ ਮੰਗਣ। ਪਾਤੜਾਂ ਆਲਿਆਂ ਨੇ ਗੱਡੇ ਦੇ ਜੂਏ ਨਾਲ ਬੰਨ੍ਹ ਕੇ ਧਰ ਕੇ ਕੁੱਟਿਆ ਜਿਮੇਂ ਪੰਚਕੂਲੇ 'ਕੱਠੇ ਹੋਏ ਲੋਕਾਂ ਨੂੰ ਪੁਲਸ ਨੇ ਕੁੱਟਿਆ ਸੀ। ਤਾਹੀਂ ਤਾਂ ਇਉਂ ਵਿੰਗਾ ਜਾ ਹੋ ਕੇ ਤੁਰਦਾ ਜਿਮੇਂ ਗਧਾ ਖਲੌਹੜੀਆਂ 'ਤੇ ਤੁਰਦਾ ਹੁੰਦੈ। ਉੱਥੇ ਪਾਤੜੀਂ ਤੇਲ ਮੰਗਦਾ ਮੰਗਦਾ ਇੱਕ ਬੰਦੇ ਨੂੰ ਕਹਿੰਦਾ 'ਲਿਆ ਤੇਰਾ ਹੱਥ ਵੇਖਾਂ'। ਉਹ ਕਿਤੇ ਪਹਿਲਾਂ ਈਂ ਆਵਦੀ ਬਹੂ ਨਾਲ ਘਰੋਂ ਲੜ ਲੁੜ ਕੇ ਉਹਨੂੰ ਕੁੱਟ ਕੇ ਆਇਆ ਸੀ। ਉਹਨੇ ਪੁੱਛਿਆ 'ਜਰੂਰ ਵੇਖਣੇ ਐਂ ਹੱਥ'। ਇਹ ਘੀਰਾ ਪੰਡਤ ਕਹਿੰਦਾ 'ਹਾਂ'। ਉਹਨੇ ਭਾਈ ਉੱਥੇ ਈ ਢਾਹ ਲਿਆ ਜਿਮੇਂ ਮਲੱਪ੍ਹਾਂ ਦੀ ਦੁਆਈ ਦੇਣ ਵੇਲੇ ਕੱਟਾ ਢਾਹੀਦਾ ਹੁੰਦੈ। ਮਾਰ ਮਾਰ ਹੂਰੇ ਹੱਡ ਪੋਲੇ ਕਰ 'ਤੇ। ਡੂਢ ਮਹੀਨਾ ਨ੍ਹੀ ਸੀ ਘਰੋਂ ਨਿੱਕਲਿਆ ਉਦੋਂ। ਇਹ ਤਾਂ ਅੱਜ ਈ ਆਇਆ ਸੱਥ 'ਚ। ਅੱਜ ਮੇਰੇ ਹੱਥ ਵੇਖਣ ਨੂੰ ਕਹਿੰਦਾ ਸੀ। ਕੰਜਰ ਦੇ ਕਮਲੇ ਬਾਹਮਣ ਨੂੰ ਸਮਝ ਦਾ ਈ ਘਾਟਾ ਨਾ ਬਈ ਹਜੇ ਤਾਂ ਤੇਰੇ ਪਹਿਲੀ ਪਈ ਕੁੱਟ ਨੂੰ ਹੀ ਨ੍ਹੀ ਰਾਮ ਆਇਆ, ਹੁਣ ਫੇਰ ਥੋਹਰ ਦੇ ਕੰਡਿਆਂ ਨਾਲ ਖਹਿਣ ਨੂੰ ਫਿਰਦੈਂ।"

ਬਾਬੇ ਮੁਨਸ਼ਾ ਸਿਉਂ ਨੇ ਫੇਰ ਮੋੜੀ ਓਸੇ ਗੱਲ ਵੱਲ ਮੁਹਾਰ। ਅਮਲੀ ਨੂੰ ਕਹਿੰਦਾ, "ਅਮਲੀਆ ਤੂੰ ਈਂ ਦੱਸਦੇ ਜੇ ਤੈਨੂੰ ਪਤਾ ਬਈ ਮੱਘਰ ਨੰਬਰਦਾਰ ਕੇ ਮੀਤੇ ਨੂੰ ਪੁਲਸ ਨੇ ਛੱਡ 'ਤਾ ਕੁ ਹਜੇ ਠਾਣੇ ਈਂ ਬਠਾਈ ਬੈਠੇ ਐ?"

ਨਾਥਾ ਅਮਲੀ ਕਹਿੰਦਾ, "ਐਡੀ ਛੇਤੀ ਕਿੱਥੋਂ ਛੱਡ 'ਤਾ ਬਾਬਾ। ਹਜੇ ਕੱਲ੍ਹ ਤਾਂ ਫੜ੍ਹਿਐ। ਨਾਲੇ ਉਹਨੇ ਕਿਤੇ ਛੁੱਟਣ ਆਲੇ ਕੰਮ ਕੀਤੇ ਐ। ਅਗਲੇ ਜਹਾਜ 'ਤੇ ਚੜ੍ਹਾ ਕੇ ਛੱਡ ਕੇ ਆਏ ਐ ਜੇਲ੍ਹ 'ਚ।"

ਸੀਤਾ ਮਰਾਸੀ ਟਿੱਚਰ 'ਚ ਕਹਿੰਦਾ, "ਆਹ ਸੰਤੋਖੀ ਕਾ ਭੀਟਾ ਤਾਂ ਕਹਿੰਦਾ 'ਪਤੰਦਰ ਉੱਡੇ ਜਾਂਦੇ ਜਹਾਜ 'ਚੋਂ ਛਾਲ ਮਾਰਨ ਲੱਗਿਆ ਸੀ'। ਕਹਿੰਦੇ ਜਹਾਜ ਦੀਆਂ ਬਾਰੀਆਂ ਈਂ ਨ੍ਹੀ ਖੁੱਲ੍ਹੀਆਂ।"

ਗੱਲਾਂ ਸੁਣੀ ਜਾਂਦਾ ਸੁਰਜਨ ਬੁੜ੍ਹਾ ਟਿੱਚਰ 'ਚ ਮੁਸ਼ਕਣੀਆਂ ਹੱਸ ਕੇ ਕਹਿੰਦਾ, "ਨਾਲੇ ਕਹਿੰਦੇ ਜੇਲ੍ਹ 'ਚੋਂ ਮੱਖੀ ਬਣ ਕੇ ਨਿੱਕਲ ਗਿਆ। ਸੱਚੀ ਗੱਲ ਐ ਕੁ ਐਵੇਂ ਚੁੱਟਕਲਾ ਈ ਛੱਡ 'ਤਾ ਲੋਕਾਂ ਨੇ?"

ਗੱਲਾਂ ਕਰੀ ਜਾਂਦਿਆਂ ਤੋਂ ਏਨੇ ਚਿਰ ਨੂੰ ਗੁਰਦੁਆਰਾ ਸਾਹਿਬ ਦੇ ਸਪੀਕਰ 'ਚੋਂ ਹੋਕਾ ਆ ਗਿਆ ਬਈ ਕੋਈ ਵੀ ਬੰਦਾ ਬੁੜ੍ਹੀ ਘਰੋਂ ਬਾਹਰ ਨਾ ਨਿੱਕਲਿਉ, ਕਿਉਂਕਿ ਸਰਕਾਰ ਨੇ ਕਰਫਿਊ ਲਾ ਦਿੱਤਾ ਹੈ। ਸਪੀਕਰ 'ਚੋਂ ਹੋਕਾ ਸੁਣ ਕੇ ਬਾਬਾ ਮੁਨਸ਼ਾ ਸਿਉਂ ਕਹਿੰਦਾ, "ਚਲੋ ਬਈ ਮੁੰਡਿਉ ਘਰ ਨੂੰ ਚੱਲੀਏ। ਹੋਰ ਨਾ ਕਿਤੇ ਕਲਫੂ ਆਲੇ ਆਪਾਂ ਨੂੰ ਵੀ ਫੜ੍ਹ ਕੇ ਲੈ ਜਾਣ।"

ਬਾਬੇ ਦੀ ਗੱਲ ਸੁਣ ਕੇ ਸੱਥ 'ਚ ਬੈਠੇ ਸਾਰੇ ਜਣੇ ਆਪੋ ਆਪਣੇ ਘਰਾਂ ਨੂੰ ਤੁਰ ਗਏ।

---

# ਚੁੱਲ੍ਹੇ ਬਲ਼ਦੇ ਰਹਿਣ

ਲਿਖਤ : ਸੁਖਵਿੰਦਰ ਸਿੰਘ ਸਿੱਧੂ, ਸੰਪਰਕ: 94635-28494

ਦਫ਼ਤਰੋਂ ਘਰ ਆ ਚਾਹ ਦਾ ਕੱਪ ਪੀ ਤਰੋਤਾਜ਼ਾ ਹੋ ਸੋਫ਼ੇ 'ਤੇ ਬੈਠ ਕਿਤਾਬ ਪੜ੍ਹਨ ਲਗਦਾ ਹਾਂ। ਅਚਾਨਕ ਘੰਟੀ ਵੱਜਦੀ ਏ। ਬਾਹਰ ਦੇਖਦਾਂ, ਚੌਕੀਦਾਰ ਖੜ੍ਹੈ। ਉਹ ਉੱਚੀ ਆਵਾਜ਼ 'ਚ ਆਖਦਾ, "ਨਮਸਕਾਰ ਜੀ।" ਨਮਸਕਾਰ ਦਾ ਜਵਾਬ ਦੇ ਅੰਦਰ ਆ ਜਾਂਦਾ ਤੇ ਜੇਬ ਵਿੱਚੋਂ 50 ਰੁਪਏ ਕੱਢ ਕੇ ਉਹਨੂੰ ਦੇ ਆਉਨਾ। ਉਹ ਹਰ ਮਹੀਨੇ 50 ਰੁਪਏ ਲੈਂਦਾ। ਉਹਦੀ ਕੋਈ ਪੱਕੀ ਨੌਕਰੀ ਨਹੀਂ। ਜਦੋਂ ਤੋਂ ਇੱਥੇ ਰਹਿਣ ਲੱਗੇ ਹਾਂ, ਉਸ ਨੂੰ ਪੈਸੇ ਦੇ ਰਹੇ ਹਾਂ। ਪਹਿਲਾਂ ਉਹ 40 ਰੁਪਏ ਲੈਂਦਾ ਸੀ। ਇਲਾਕੇ ਦੀ ਚੌਕੀਦਾਰੀ ਉਸ ਦੇ ਜ਼ਿੰਮੇ ਹੈ। ਉਹ ਸਾਰੀ ਰਾਤ ਗਲੀਆਂ 'ਚ ਸੋਟੀ ਖੜਕਾਉਂਦਾ ਤੇ ਲੋਕ ਆਰਾਮ ਨਾਲ ਸੁੱਤੇ ਰਹਿੰਦੇ। ਮਹੀਨੇ ਦੇ ਪਹਿਲੇ ਹਫ਼ਤੇ ਉਹ ਸਾਰੇ ਘਰਾਂ 'ਚੋਂ ਆਪਣਾ ਮਿਹਨਤਾਨਾ ਇਕੱਠਾ ਕਰ ਲੈਂਦਾ। ਉਸ ਨੂੰ ਇਹ ਕੰਮ ਕਿਸ ਨੇ ਸੌਂਪਿਆ, ਕਿਸੇ ਨੂੰ ਨਹੀਂ ਪਤਾ। ਉਹ ਨੇਪਾਲ ਤੋਂ ਆ ਕੇ ਇੱਥੇ ਚੌਕੀਦਾਰਾ ਕਰ ਕੇ ਆਪਣਾ ਟੱਬਰ ਪਾਲ਼ ਰਿਹਾ ਹੈ। ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੇ ਬੰਦੇ ਟਰਾਈਸਿਟੀ ਵਿੱਚ ਹਰ ਰੋਜ਼ ਚੌਕੀਦਾਰਾ ਕਰਨ ਅਤੇ ਸਵੇਰੇ-ਸਵੇਰੇ ਘਰੋ-ਘਰੀ ਕਾਰਾਂ ਧੋਣ ਦਾ ਕੰਮ ਕਰਦੇ ਹਨ। ਇਹ ਸਾਰੇ ਨੇਪਾਲੀ ਮੂਲ ਦੇ ਹਨ ਜੋ ਰੁਜ਼ਗਾਰ ਅਤੇ ਆਪਣੇ ਚੰਗੇ ਭਵਿੱਖ ਲਈ ਚੰਡੀਗੜ੍ਹ ਆਏ ਹਨ; ਉਵੇਂ ਹੀ, ਜਿਵੇਂ ਸਾਡੇ ਬੱਚੇ ਕੈਨੇਡਾ ਅਮਰੀਕਾ ਵਰਗੇ ਮੁਲਕਾਂ 'ਚ ਜਾ ਕੇ ਕੰਮ ਕਰ ਰਹੇ ਹਨ।

ਉਹਨੂੰ ਪੈਸੇ ਦੇ ਕੇ ਰੁਜ਼ਗਾਰ ਅਤੇ ਪਰਵਾਸ ਬਾਰੇ ਉੱਤੇ ਸੋਚਣ ਲੱਗਦਾਂ। ਰੁਜ਼ਗਾਰ ਵਰਤਮਾਨ ਹਾਕਮਾਂ ਨੂੰ ਭਾਵੇਂ ਬੋਝ ਲੱਗਦਾ ਹੈ ਪਰ ਦੇਸ਼ ਦੀ ਅਰਥ ਵਿਵਸਥਾ ਦਾ ਪਹੀਆ ਰਵਾਂ ਰੱਖਣ ਲਈ ਰੁਜ਼ਗਾਰ ਅਹਿਮ ਹੈ। ਦੇਸ਼ ਨੂੰ ਖੁਸ਼ਹਾਲ ਬਣਾਉਣ ਲਈ ਹਰ ਦੇਸ਼ ਦੀ ਸਰਕਾਰ ਦਾ ਮੁੱਢਲਾ ਫਰਜ਼ ਹੈ ਕਿ ਉਹ ਨੌਜਵਾਨਾਂ ਲਈ ਰੁਜ਼ਗਾਰ ਪੈਦਾ ਕਰਨ। ਨੌਕਰੀ ਪੇਸ਼ਾ ਸ਼ਖ਼ਸ ਦੀ ਜੇਬ ਵਿੱਚ ਆਇਆ ਤਨਖ਼ਾਹ ਰੂਪੀ ਧਨ ਕਈ ਹੋਰ ਕਿਰਤੀਆਂ, ਦੁਕਾਨਦਾਰਾਂ ਦੇ ਚੁੱਲ੍ਹੇ ਬਲ਼ਦੇ ਰੱਖਣ ਲਈ ਸਹਾਈ ਹੁੰਦਾ। ਪੈਸੇ ਦਾ ਇਹ ਚੱਕਰ ਬਾਜ਼ਾਰ ਵਿੱਚ ਸਮਤੋਲ ਬਣਾਈ ਰੱਖਦਾ।

ਆਪਣੇ ਬਚਪਨ ਦੇ ਉਹ ਦਿਨ ਯਾਦ ਨੇ ਜਦੋਂ ਪਿਤਾ ਜੀ ਦੀ ਆਮਦਨ ਦਾ ਕੋਈ ਬੱਝਵਾਂ ਵਸੀਲਾ ਨਹੀਂ ਸੀ ਹੁੰਦਾ; ਖੇਤੀਬਾੜੀ ਦੇ ਸਿਰ 'ਤੇ ਗੁਜ਼ਾਰਾ ਚੱਲਦਾ ਸੀ। ਘਰ ਵਿੱਚ ਹਮੇਸ਼ਾ ਪੈਸਿਆਂ ਦੀ ਥੁੜ੍ਹ ਰਹਿੰਦੀ। ਉਹ ਕਹਿੰਦੇ- "ਪੜ੍ਹ ਲਓ ਪੁੱਤਰੋ, ਚੰਗੇ ਰਹੋਗੇ... ਨਹੀਂ ਤਾਂ ਮੇਰੇ ਵਾਂਗ ਮਿੱਟੀ ਨਾਲ ਮਿੱਟੀ ਹੁੰਦੇ ਰਹੋਗੇ ਸਾਰੀ ਉਮਰ।" ਬਸ ਉਦੋਂ ਤੋਂ ਕਿਤੇ ਕੁਝ ਬਣਨ ਦੀ ਧਾਰ ਲਈ। ਪੜ੍ਹੇ ਲਿਖੇ, ਮਿਹਨਤ ਕੀਤੀ, ਔਕੜਾਂ ਝੱਲਦਿਆਂ ਸਰਕਾਰੀ ਨੌਕਰੀ ਪ੍ਰਾਪਤ ਕੀਤੀ। ਬੱਝਵੇਂ ਰੁਜ਼ਗਾਰ ਦੀ ਅਹਿਮੀਅਤ ਸਮਝ ਆਈ।

ਪਿਛਲੇ ਦੋ ਦਹਾਕਿਆਂ ਦੀਆਂ ਸਰਕਾਰਾਂ ਦਾ ਨੌਕਰੀਆਂ ਵੱਲ ਜੋ ਨਾਂਹ ਪੱਖੀ ਰੁਝਾਨ ਚੱਲ ਰਿਹਾ ਹੈ, ਇਸ ਨਾਲ ਪੇਂਡੂ ਵਰਗ ਨੂੰ ਵੱਡੀ ਢਾਹ ਲੱਗੀ ਹੈ। ਨੌਜਵਾਨਾਂ ਦੇ ਵੱਡੀ ਗਿਣਤੀ ਵਿੱਚ ਵਿਦੇਸ਼ ਪਰਵਾਸ ਦਾ ਸ਼ਾਇਦ ਇਹੋ ਕਾਰਨ ਹੋਵੇ। ਰੁਜ਼ਗਾਰ ਦੀ ਅਹਿਮੀਅਤ ਉਸ ਨੂੰ ਪੁੱਛੋ ਜੋ ਸਾਰਾ ਦਿਨ ਲੇਬਰ ਚੌਕ 'ਤੇ ਖੜ੍ਹ ਕੇ ਸ਼ਾਮ ਨੂੰ ਖਾਲੀ ਹੱਥ ਘਰ ਪਰਤਦਾ ਹੈ। ਕਿਸੇ ਇੱਕ ਨੂੰ ਨੌਕਰੀ ਮਿਲਦੀ ਏ ਤਾਂ ਸਿੱਧੇ ਅਸਿੱਧੇ ਰੂਪ ਵਿੱਚ 10-20 ਘਰਾਂ ਦੇ ਚੁੱਲ੍ਹੇ ਬਲ਼ਦੇ ਨੇ।

ਰਾਸ਼ਨ, ਸਬਜ਼ੀ ਅਤੇ ਦੁੱਧ ਜਿਹੀਆਂ ਜ਼ਰੂਰੀ ਲੋੜਾਂ ਲਈ ਤਾਂ ਹਰ ਇੱਕ ਨੇ ਪੈਸਾ ਖਰਚਣਾ ਹੀ ਹੁੰਦਾ ਪਰ ਕੁਝ ਕੰਮ ਜੋ ਅਸੀਂ ਖ਼ੁਦ ਕਰ ਸਕਦੇ ਹਾਂ- ਜਿਵੇਂ ਕਾਰ ਧੋਣਾ, ਕੱਪੜੇ ਪ੍ਰੈੱਸ ਕਰਨਾ, ਗਮਲਿਆਂ 'ਚ ਲੱਗੇ ਬੂਟਿਆਂ ਦੀ ਦੇਖਭਾਲ ਕਰਨਾ, ਝਾੜੂ ਪੋਚਾ ਕਰਨਾ ਆਦਿ, ਬਹੁਤ ਸਾਰੇ ਲੋਕ ਇਨ੍ਹਾਂ ਕਾਮਿਆਂ ਤੋਂ ਕਰਵਾਉਂਦੇ।

ਇਹ ਕਿਰਤੀ (ਮਰਦ ਔਰਤਾਂ) ਭਾਵੇਂ ਘਰ-ਘਰ ਜਾਂ ਥੋੜ੍ਹਾ ਸਮਾਂ (ਪਾਰਟ ਟਾਈਮ) ਕੰਮ ਕਰਦੇ ਹਨ ਪਰ ਉਹ ਮਹੀਨਾ ਭਰ ਕੰਮ ਕਰ ਕੇ ਗੁਜ਼ਾਰੇ ਜੋਗਾ ਮਿਹਨਤਾਨਾ ਇਕੱਠਾ ਕਰ ਲੈਂਦੇ। ਇਉਂ ਪੈਸੇ ਦਾ ਇਹ ਜਿਹੜਾ ਚੱਕਰ ਬਣਦਾ ਹੈ, ਇਹ ਉਨ੍ਹਾਂ ਦੀ ਕਬੀਲਦਾਰੀ ਨਜਿੱਠਣ ਵਿੱਚ ਸਹਾਈ ਹੁੰਦਾ। ਅਸੀਂ ਵੀ ਕੁਝ ਕੰਮ ਇਨ੍ਹਾਂ ਕਾਮਿਆਂ ਤੋਂ ਕਰਵਾ ਲੈਂਦੇ ਹਾਂ ਤਾਂ ਜੋ ਇਨ੍ਹਾਂ ਦੇ ਚਿਹਰਿਆਂ 'ਤੇ ਵੀ ਮੁਸਕਾਨ ਰਹੇ। ਇਉਂ ਮਹੀਨੇ ਦੇ ਸ਼ੁਰੂ ਵਿੱਚ ਅਖ਼ਬਾਰ ਵਾਲਾ, ਗੱਡੀ ਧੋਣ ਵਾਲਾ, ਪ੍ਰੈੱਸ ਕਰਨ ਵਾਲਾ, ਮਾਲੀ, ਸਬਜ਼ੀ ਵਾਲਾ, ਫਲਾਂ ਵਾਲਾ, ਕੂੜੇ ਵਾਲਾ ਆਦਿ ਆਪੋ-ਆਪਣਾ ਹਿੱਸਾ ਵਸੂਲਦੇ ਹਨ। ਇਹ ਸਿਲਸਿਲਾ ਹਫ਼ਤਾ ਭਰ ਚੱਲੀ ਜਾਂਦਾ। ਜੇ ਚਾਹੀਏ ਤਾਂ ਇਹ ਖਰਚਾ ਬਚਾ ਵੀ ਸਕਦੇ ਹਾਂ ਪਰ ਸੋਚੀਦਾ, ਦੂਜਿਆਂ ਦੇ ਚੁੱਲ੍ਹੇ ਵੀ ਬਲ਼ਦੇ ਰਹਿਣ ਤੇ ਚਿਹਰੇ ਖਿੜੇ ਰਹਿਣ।

# ਸਿਹਤ ਸੰਸਾਰ

## ਨਸ਼ਿਆਂ ਵਾਲੇ ਮਰੀਜ਼ਾਂ ਦੇ ਘਰ ਵਾਲੇ ਧਿਆਨ ਦੇਣ

ਲੇਕਕ : ਡਾ. ਜਗਦੀਪ ਪਾਲ ਸਿੰਘ ਭਾਟੀਆ



ਅੱਜ ਮੈਂ ਸ਼ੇ ਵਾਲੇ ਮਰੀਜ਼ਾਂ ਦੇ ਘਰ ਵਾਲਿਆਂ ਨਾਲ ਕੁਝ ਜ਼ਰੂਰੀ ਗੱਲਾਂ ਕਰ ਰਿਹਾ ਹਾਂ। ਜਿਹੜੇ ਘਰ ਵਾਲੇ ਮੇਰੀਆਂ ਇਨ੍ਹਾਂ ਗੱਲਾਂ ਨੂੰ ਧਿਆਨ ਨਾਲ ਪੜ੍ਹਨਗੇ/ਵਿਚਾਰਨਗੇ ਮੈਨੂੰ ਪੂਰਾ ਯਕੀਨ ਹੈ ਕਿ ਉਹ ਆਪਣੇ ਮਰੀਜ਼ ਦਾ ਸ਼ਰਾਬ ਦਾ ਨਸ਼ਾ ਛੁਡਾਉਣ ਵਿਚ ਜ਼ਰੂਰ ਸਫਲ ਹੋ ਜਾਣਗੇ।

ਪਹਿਲੀ ਗੱਲ ਸ਼ਰਾਬ ਪੀਣਾ ਕੋਈ ਐਬ/ਬੁਰੀ ਆਦਤ ਨਹੀਂ। ਇਹ ਦਿਮਾਗ਼ ਦੀ ਬਿਮਾਰੀ ਹੈ, ਜੋ ਦਿਮਾਗ਼ ਦੇ ਇਲਾਜ ਨਾਲ ਹੀ ਠੀਕ ਹੋ ਸਕਦੀ ਹੈ। ਮਰੀਜ਼ ਦਿਮਾਗ਼ੀ ਤੌਰ 'ਤੇ ਬਿਮਾਰ ਹੋਣ ਕਾਰਨ ਇਲਾਜ ਲਈ ਮਦਦ ਨਹੀਂ ਮੰਗ ਸਕਦਾ। ਤੁਹਾਨੂੰ ਉਸ ਦੀ ਮਦਦ ਕਰਨੀ ਪਵੇਗੀ।

ਦੂਸਰੀ ਗੱਲ ਅਕਸਰ ਤੁਸੀਂ ਮਰੀਜ਼ ਨੂੰ ਸਹੁੰਆਂ ਖਵਾ ਕੇ ਸ਼ਰਾਬ ਜਾਂ ਹੋਰਨਾਂ ਨਸ਼ਿਆਂ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰਦੇ ਹੋ। ਆਪਣੇ-ਆਪ ਨਸ਼ੇ ਤੋਂ ਦੂਰ ਰਹਿਣਾ ਜਾਂ ਨਸ਼ਾ ਛੱਡਣਾ ਮਰੀਜ਼ ਦੇ ਵੱਸ ਵਿਚ ਨਹੀਂ ਹੁੰਦਾ, ਕਿਉਂਕਿ ਉਸ ਦਾ ਦਿਮਾਗ਼ ਬਿਮਾਰ ਹੈ ਤੇ ਉਸ ਨੂੰ ਦਿਮਾਗ਼ ਦੇ ਇਲਾਜ ਦੀ ਜ਼ਰੂਰਤ ਹੈ। ਜੇਕਰ ਮਰੀਜ਼ ਇਲਾਜ ਲਈ ਨਹੀਂ ਮੰਨਦਾ ਤਾਂ ਤੁਸੀਂ ਸਾਨੂੰ ਇਕੱਲੇ ਆ ਕੇ ਮਿਲ ਸਕਦੇ ਹੋ। ਅਸੀਂ ਤੁਹਾਨੂੰ ਮਰੀਜ਼ ਨੂੰ ਇਲਾਜ ਲਈ ਆਸਾਨੀ ਨਾਲ ਮਨਾਉਣ ਦੇ ਤਰੀਕੇ ਦੱਸ ਸਕਦੇ ਹਾਂ।

ਤੀਸਰੀ ਗੱਲ ਤੁਸੀਂ ਸ਼ਰਾਬ ਕਾਰਨ ਮਰੀਜ਼ ਦੇ ਖ਼ਰਾਬ ਹੋਏ ਸਰੀਰਕ ਅੰਗਾਂ ਜਿਵੇਂ ਲਿਵਰ ਜਾਂ ਜਿਗਰ ਤੇ ਗੁਰਦੇ ਆਦਿ ਦਾ ਇਲਾਜ ਤਾਂ ਕਰਵਾਉਂਦੇ ਹੋ ਪਰ ਸ਼ਰਾਬੀਪਣ ਦੀ ਬਿਮਾਰੀ ਦਾ ਇਲਾਜ ਨਹੀਂ ਕਰਵਾਉਂਦੇ। ਸ਼ਰਾਬੀਪਣ ਦੀ ਬਿਮਾਰੀ ਦਾ ਇਲਾਜ ਕਰਵਾਓ। ਜਦ ਮਰੀਜ਼ ਸ਼ਰਾਬ ਛੱਡ ਦਿੰਦਾ ਹੈ ਤਾਂ ਉਸ ਦੇ ਸ਼ਰਾਬ ਕਾਰਨ ਸਰੀਰ ਦੇ ਖ਼ਰਾਬ ਹੋਏ ਇਹ ਅੰਗ ਸੰਖੇਪ ਇਲਾਜ ਨਾਲ ਜਾਂ ਆਪਣੇ-ਆਪ ਹੀ ਠੀਕ ਹੋਣੇ ਸ਼ੁਰੂ ਹੋ ਜਾਂਦੇ ਹਨ।

ਸ਼ਰਾਬੀਪਣ ਦਿਮਾਗ਼ੀ ਬਿਮਾਰੀ ਕਿਵੇਂ ਹੈ? ਸਰੀਰ ਵਿਚ ਪਦਾਰਥਾਂ ਨੂੰ ਪਚਾਉਣ ਵਾਸਤੇ ਇਕ ਖਾਸ ਪ੍ਰਣਾਲੀ ਮੌਜੂਦ ਹੁੰਦੀ ਹੈ। ਸ਼ਰਾਬ ਪੀਣ ਵਾਲੇ ਦਸ ਤੋਂ ਬਾਰ੍ਹਾਂ ਫ਼ੀਸਦੀ ਮਰੀਜ਼ਾਂ ਦੀ ਇਹ ਪ੍ਰਣਾਲੀ ਸ਼ਰਾਬ ਪੀਣ ਨਾਲ ਕਮਜ਼ੋਰ ਪੈ ਜਾਂਦੀ ਹੈ ਤੇ ਉਹ ਸ਼ਰਾਬ ਜਾਂ ਹੋਰਨਾਂ ਨਸ਼ਿਆਂ ਨੂੰ ਪਚਾਉਣ ਦੇ ਕਾਬਲ ਨਹੀਂ ਰਹਿੰਦੇ। ਉਨ੍ਹਾਂ ਦੇ ਅੰਦਰ ਤੇਜ਼ਾਬ (ਐਸਟਿਕ ਐਸਿਡ) ਤੇ ਕਲੋਰੋਫੋਮ (ਬੇਹੋਸ਼ੀ ਦੀ ਦਵਾਈ) ਬਣਨਾ ਸ਼ੁਰੂ ਹੋ ਜਾਂਦਾ ਹੈ। ਐਸਟਿਕ ਐਸਿਡ ਲਿਵਰ ਜਾਂ ਜਿਗਰ ਤੇ ਗੁਰਦੇ ਆਦਿ ਨੂੰ ਨਸ਼ਟ ਕਰ ਦਿੰਦਾ ਹੈ ਤੇ ਕਲੋਰੋਫੋਮ ਦਿਮਾਗ਼ ਦੇ ਸੈੱਲਾਂ ਯਾਦਾਸ਼ਤ ਵਾਲੇ ਹਿੱਸੇ (ਹਿਪੋਕੈਂਪਸ) ਤੇ ਚੰਗੇ-ਮਾੜੇ ਫ਼ੈਸਲੇ ਦੀ ਸਮਝ ਰੱਖਣ ਵਾਲੇ ਹਿੱਸੇ (ਪ੍ਰੀਫਰੰਟਲ ਕੌਰਟੈੱਕਸ) ਵਿਚ ਵਿਗਾੜ ਪੈਦਾ ਕਰ ਦਿੰਦੀ ਹੈ, ਜਿਸ ਕਾਰਨ ਉਹ ਬੇਚੈਨ ਰਹਿੰਦਾ ਹੈ।

ਕਿਹੋ ਜਿਹੀ ਹੁੰਦੀ ਹੈ ਇਹ ਬੇਚੈਨੀ : ਤੁਸੀਂ ਦੇਖਦੇ ਹੋਵੋਗੇ ਕਿ:

1. ਮਰੀਜ਼ ਟਿਕ ਕੇ ਨਹੀਂ ਬੈਠਦਾ।
2. ਯਾਦਾਸ਼ਤ ਕਮਜ਼ੋਰ ਪੈ ਜਾਂਦੀ ਹੈ।
3. ਭੁਲੇਖੇ ਪੈਂਦੇ ਹਨ।
4. ਹੱਥ ਪੈਰ ਕੰਬਦੇ ਹਨ।
5. ਜ਼ੁਬਾਨ ਲੜਖੜਾਉਂਦੀ ਹੈ।
6. ਇਕੱਲਾ, ਉਦਾਸ ਤੇ ਚਿੜਚੜਾ ਰਹਿੰਦਾ ਹੈ।
7. ਗੁੱਸੇ ਵਿਚ ਆਪਣਾ ਤੇ ਘਰ ਵਾਲਿਆਂ ਦਾ ਨੁਕਸਾਨ ਕਰਦਾ ਹੈ।
8. ਹਰੇਕ ਨਾਲ ਕੌੜਾ ਬੋਲਦਾ ਹੈ।
9. ਕਿਸੇ ਦੀ ਗੱਲ ਨਹੀਂ ਸੁਣਦਾ।
10. ਸ਼ਰਾਬ ਪੀਣ ਤੋਂ ਨਹੀਂ ਹਟਦਾ।

ਹੁਣ ਉਸ ਨੂੰ ਸ਼ਰਾਬ ਦਾ ਮਜ਼ਾ ਨਹੀਂ ਆਉਂਦਾ ਤੇ ਨਾ ਹੀ ਉਹ ਅੰਦਰੋਂ ਸ਼ਰਾਬ ਪੀਣਾ ਚਾਹੁੰਦਾ ਹੈ। ਉਹ ਸਿਰਫ ਅੰਦਰਲੀ ਬੇਚੈਨੀ ਨੂੰ ਦੂਰ ਕਰਨ ਲਈ ਸ਼ਰਾਬ ਪੀਂਦਾ ਹੈ। ਜਦ ਉਸ ਨੂੰ ਬੇਚੈਨੀ ਦੂਰ ਹੁੰਦੀ ਨਹੀਂ ਦਿਸਦੀ ਤਾਂ ਉਹ ਸ਼ਰਾਬ ਦੀ ਮਿਕਦਾਰ ਵਧਾਈ ਜਾਂਦਾ ਹੈ। ਉਹ ਸੋਚਦਾ ਹੈ ਕਿ ਸ਼ਾਇਦ ਵੱਧ ਮਿਕਦਾਰ ਨਾਲ ਉਸ ਦੀ ਬੇਚੈਨੀ ਦੂਰ ਹੋ ਜਾਵੇ ਪਰ ਨਹੀਂ। ਜੇਕਰ ਹੁਣ ਵੀ ਤੁਸੀਂ ਉਸ ਦਾ ਇਲਾਜ ਨਹੀਂ ਕਰਵਾਉਂਦੇ ਤਾਂ ਵਧਦੀ ਮਿਕਦਾਰ ਉਸ ਦੀ ਜਾਨ ਲੈ ਸਕਦੀ ਹੈ।

ਇਲਾਜ: ਪਹਿਲਾਂ ਮਰੀਜ਼ ਦੇ ਸਰੀਰ ਤੇ ਦਿਮਾਗ਼ ਦੋਹਾਂ ਨੂੰ ਨਸ਼ੇ ਤੋਂ ਰਹਿਤ (ਡੀਟੌਕਸ) ਕਰ ਲਿਆ ਜਾਂਦਾ ਹੈ। ਬਾਅਦ ਵਿਚ ਦਿਮਾਗ਼ ਦੇ ਸੈੱਲਾਂ ਦੀ ਟੁੱਟ ਭੱਜ ਦਿਮਾਗ਼ ਦੇ ਨੁਕਸਾਨੇ ਗਏ ਹਿੱਸੇ ਜਿਵੇਂ ਹਿਪੋਕੈਂਪਸ (ਜਿਸ ਵਿਚ ਨਸ਼ਾ ਲੈਣ ਬਾਰੇ ਸੋਚ ਬੈਠ ਜਾਂਦੀ ਹੈ), ਅਮੈਗਡੇਲਾ (ਚੰਗੇ ਫ਼ੈਸਲੇ ਲੈਣ ਵਾਲਾ ਹਿੱਸਾ) ਤੇ ਪ੍ਰੀਫੰਰਟਲ ਕੌਰਟੈਕਸ (ਫਾਇਦੇ-ਨੁਕਸਾਨ ਬਾਰੇ ਸੋਚਣ ਵਾਲਾ ਹਿੱਸਾ) ਆਦਿ ਦਾ ਇਲਾਜ ਕੀਤਾ ਜਾਂਦਾ ਹੈ।

ਇਲਾਜ ਤੋਂ ਬਾਅਦ ਜਦ ਮਰੀਜ਼ ਦੇ ਦਿਮਾਗ਼ ਦੇ ਇਹ ਹਿੱਸੇ ਠੀਕ ਕੰਮ ਕਰਨ ਲੱਗ ਜਾਂਦੇ ਹਨ ਤਾਂ ਮਰੀਜ਼ ਠੀਕ ਹੋ ਜਾਂਦਾ ਹੈ। ਉਸ ਦੇ ਦਿਮਾਗ਼ ਵਿਚ ਬੇਚੈਨੀ ਕਾਰਨ ਸ਼ਰਾਬ ਲੈਣ ਦੀ ਸੋਚ ਬੰਦ ਹੋ ਜਾਂਦੀ ਹੈ ਤੇ ਉਹ ਸਦਾ ਲਈ ਸ਼ਰਾਬ ਦੇ ਨਸ਼ੇ ਨੂੰ ਛੱਡ ਜਾਂਦਾ ਹੈ।

**ਖੁਸ਼ਹਾਲ ਜ਼ਿੰਦਗੀ ਜਿਊਣਾ ਸਿਖਾਉਣਾ:**

ਅਸੀਂ 'ਹਰਮੀਟੇਜ ਰੀਹੈਬਿਲੀਟੇਸ਼ਨ ਇੰਸਟੀਚਿਊਟ' ਵਿਚ ਮਰੀਜ਼ ਨੂੰ ਪਿਆਰ ਨਾਲ ਰੱਖ ਕੇ ਉਸ ਅੰਦਰ ਵਿਸ਼ੇਸ਼ 'ਮਨੋਵਿਗਿਆਨਿਕ ਪ੍ਰੋਗਰਾਮਾਂ' ਰਾਹੀਂ ਨਵੀਂ ਸੋਚ ਪੈਦਾ ਕਰਦੇ ਹਾਂ। ਨਵੀਂ ਸੋਚ ਪੈਦਾ ਹੋਣ ਨਾਲ ਮਰੀਜ਼ ਨੂੰ ਜ਼ਿੰਦਗੀ ਦਿਲਚਸਪ ਲੱਗਣ ਲੱਗ ਪੈਂਦੀ ਹੈ। ਚੰਗੇ ਕੰਮਾਂ ਪ੍ਰਤੀ ਉਤਸ਼ਾਹ ਪੈਦਾ ਹੋ ਜਾਂਦਾ ਹੈ। ਉਹ ਖ਼ੁਸ਼ਹਾਲ ਤੇ ਜ਼ਿੰਮੇਵਾਰੀ ਵਾਲੀ ਜ਼ਿੰਦਗੀ ਜਿਊਣੀ ਸ਼ੁਰੂ ਕਰ ਦਿੰਦਾ ਹੈ।

## ਖਾਣ ਦੇ ਢੰਗ ਨਾਲ ਵੀ ਵਧਦਾ ਹੈ ਮੋਟਾਪਾ



ਮੋਟਾਪਾ ਵਧਾਉਣ ਵਿਚ ਖਾਣ ਦਾ ਤਰੀਕਾ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਆਰਾਮ ਨਾਲ, ਹੌਲੀ-ਹੌਲੀ ਅਤੇ ਚਬਾ-ਚਬਾ ਕੇ ਖਾਣ ਨਾਲ ਪੇਟ ਭੋਜਨ ਦੀ ਥੋੜ੍ਹੀ ਮਾਤਰਾ ਨਾਲ ਹੀ ਭਰ ਜਾਂਦਾ ਹੈ ਪਰ ਜਲਦਬਾਜ਼ੀ ਵਿਚ ਅਤੇ ਤੇਜ਼ੀ ਨਾਲ ਖਾਣ ਵਾਲਾ ਵਿਅਕਤੀ ਸਰੀਰ ਦੀ ਜ਼ਰੂਰਤ ਤੋਂ ਜ਼ਿਆਦਾ ਮਾਤਰਾ ਵਿਚ ਖਾ ਲੈਂਦਾ ਹੈ। ਭੋਜਨ ਦੀ ਜ਼ਿਆਦਾ ਮਾਤਰਾ ਚਰਬੀ ਵਧਾਉਂਦੀ ਹੈ। ਫਾਸਟਫੂਡ ਖਾਣ ਵਾਲੇ ਦੇ ਸਾਹਮਣੇ ਇਹ ਸਥਿਤੀ ਜ਼ਰੂਰ ਆਉਂਦੀ ਹੈ। ਇਕ ਦਿਨ ਦੇ ਫਾਸਟਫੂਡ ਵਿਚ ਏਨੀ ਕੈਲੋਰੀ ਹੁੰਦੀ ਹੈ ਕਿ ਉਹ ਦੋ ਦਿਨ ਦੀ ਜ਼ਰੂਰਤ ਲਈ ਊਰਜਾ ਦੀ ਪੂਰਤੀ ਕਰ ਸਕਦਾ ਹੈ। ਇਹੀ ਵਾਧੂ ਕੈਲੋਰੀ ਮੋਟਾਪਾ ਵਧਾਉਂਦੀ ਹੈ। ਸਬਜ਼ੀ ਤੇ ਸਲਾਦ ਘੱਟ ਖਾਣ ਵਾਲਾ ਵੀ ਜ਼ਿਆਦਾ ਮਾਤਰਾ ਵਿਚ ਭੋਜਨ ਕਰ ਲੈਂਦਾ ਹੈ। ਤਲੀਆਂ-ਭੁੰਨੀਆਂ ਚੀਜ਼ਾਂ ਖਾਣ ਵਾਲਾ ਵੀ ਜ਼ਰੂਰਤ ਤੋਂ ਜ਼ਿਆਦਾ ਭੋਜਨ ਖਾ ਲੈਂਦਾ ਹੈ। ਇਹ ਸਭ ਮੋਟਾਪੇ ਵਿਚ ਵਾਧਾ ਕਰਨ ਵਾਲੇ ਕਾਰਕ ਹਨ।

## ਨੀਂਦ ਬਹੁਤੀ ਵੀ ਮਾੜੀ ਤੇ ਘੱਟ ਵੀ ਮਾੜੀ



ਸਾਰਿਆਂ ਨੂੰ ਮਿੱਠੀ ਨੀਂਦ ਪਿਆਰੀ ਹੁੰਦੀ ਹੈ ਪਰ ਉਸ ਦੀ ਕਮੀ ਅਤੇ ਜ਼ਿਆਦਾ ਹੋਣਾ ਦੋਵੇਂ ਸਿਹਤ ਲਈ ਠੀਕ ਨਹੀਂ ਹੁੰਦਾ। ਨੀਂਦ ਅੱਲ੍ਹੜ ਉਮਰ ਅਤੇ ਬਾਲ ਉਮਰ ਵਿਚ ਸਰੀਰਕ ਵਾਧੇ ਅਤੇ ਵਿਕਾਸ ਲਈ ਜ਼ਰੂਰੀ ਹੁੰਦੀ ਹੈ। ਬੱਚਾ ਜਿੰਨੀ ਚੰਗੀ ਅਤੇ ਡੂੰਘੀ ਨੀਂਦ ਲੈਂਦਾ ਹੈ, ਉਸ ਦਾ ਸਰੀਰਕ ਵਿਕਾਸ ਓਨੀ ਹੀ ਤੇਜ਼ੀ ਨਾਲ ਹੁੰਦਾ ਹੈ ਪਰ ਅੱਗੇ ਚਲ ਕੇ ਛੇ ਤੋਂ ਸੱਤ ਘੰਟੇ ਦੀ ਡੂੰਘੀ ਨੀਂਦ ਹੀ ਸਿਹਤ ਲਈ ਸਹੀ ਹੈ। ਇਸ ਤੋਂ ਘੱਟ ਤੇ ਜ਼ਿਆਦਾ ਸਮੇਂ ਦੀ ਨੀਂਦ ਸਿਹਤ ਲਈ ਸਮੱਸਿਆ ਪੈਦਾ ਕਰ ਸਕਦੀ ਹੈ। ਘੱਟ ਨੀਂਦ ਜਾਂ ਉੱਖੜੀ ਨੀਂਦ ਨਾਲ ਸਰੀਰਕ ਟੁੱਟ-ਭੱਜ ਦੀ ਮੁਰੰਮਤ ਪ੍ਰਭਾਵਿਤ ਹੁੰਦੀ ਹੈ, ਜਦ ਕਿ ਅੱਠ ਘੰਟੇ ਤੋਂ ਜ਼ਿਆਦਾ ਦੀ ਨੀਂਦ ਉਮਰ ਨੂੰ ਘੱਟ ਕਰ ਦਿੰਦੀ ਹੈ। ਸਭ ਤੋਂ ਸਹੀ ਹੈ ਸੱਤ ਘੰਟੇ ਦੀ ਡੂੰਘੀ ਨੀਂਦ। ਰਾਤ ਦੇ ਮੁਕਾਬਲੇ ਦਿਨ ਦੀ ਨੀਂਦ ਉੱਖੜੀ ਹੁੰਦੀ ਹੈ। ਜੈਵਿਕ ਚੱਕਰ ਅਨੁਸਾਰ ਰਾਤ ਦੀ ਨੀਂਦ ਸਹੀ ਹੈ ਪਰ ਰੋਟੀ-ਰੋਜ਼ੀ ਦੇ ਚੱਕਰ ਵਿਚ ਰਾਤ ਦੀ ਡਿਊਟੀ ਤੇ ਦਿਨ ਵਿਚ ਸੌਣਾ ਪਵੇ ਤਾਂ ਉਦੋਂ ਹਨੇਰੇ ਵਾਤਾਵਰਨ ਅਤੇ ਸ਼ਾਂਤ ਮਾਹੌਲ ਵਿਚ ਨੀਂਦ ਲਾਭਕਾਰੀ ਹੁੰਦੀ ਹੈ। ਜੇ ਨੀਂਦ ਪੂਰੀ ਨਹੀਂ ਹੋਵੇਗੀ ਤਾਂ ਫੁਰਤੀ ਦਾ ਅਨੁਭਵ ਨਹੀਂ ਹੋਵੇਗਾ।

## ਜ਼ਰੂਰੀ ਹੈ ਅੱਖਾਂ ਦੀ ਦੇਖਭਾਲ



ਉਂਝ ਤਾਂ ਮਨੁੱਖ ਲਈ ਸਰੀਰ ਦੇ ਸਾਰੇ ਅੰਗ ਅਤਿ ਮਹੱਤਵਪੂਰਨ ਹਨ, ਪਰ ਅੱਖਾਂ ਸਾਡੇ ਸਰੀਰ ਦਾ ਬਹੁਤ ਮਹੱਤਵਪੂਰਨ ਅੰਗ ਹਨ। ਇਸ ਤੋਂ ਬਿਨਾਂ ਜੀਵਨ ਨੀਰਸ ਹੈ। ਅੱਖਾਂ ਦੀ ਬਦੌਲਤ ਹੀ ਅਸੀਂ ਸੰਸਾਰ ਦੀ ਹਰੇਕ ਵਸਤ, ਬਦਲਦੇ ਰੰਗ ਆਦਿ ਦੇਖ ਸਕਦੇ ਹਾਂ। ਅੱਜਕਲ੍ਹ ਦੇਖਿਆ ਜਾਂਦਾ ਹੈ ਕਿ ਛੋਟੇ-ਛੋਟੇ ਬੱਚਿਆਂ ਦੀਆਂ ਅੱਖਾਂ 'ਤੇ ਐਨਕ ਲੱਗੀ ਹੋਈ ਹੈ ਜੋ ਕਮਜ਼ੋਰ ਨਜ਼ਰ ਦੀ ਨਿਸ਼ਾਨੀ ਹੈ। ਇਹ ਸਭ ਅੱਖਾਂ ਦੀ ਸਹੀ ਦੇਖਭਾਲ ਨਾ ਕਰਨ ਦਾ ਨਤੀਜਾ ਹੈ। ਸਾਨੂੰ ਹਮੇਸ਼ਾ ਧਿਆਨ ਰੱਖਣਾ ਚਾਹੀਦਾ ਹੈ ਕਿ ਕੁਦਰਤ ਨੇ ਸਾਨੂੰ ਇਹ ਦੋ ਅਨਮੋਲ ਰਤਨ ਦਿੱਤੇ ਹਨ, ਜਿਨ੍ਹਾਂ ਨੂੰ ਸੰਭਾਲ ਕੇ ਰੱਖਣਾ ਸਾਡਾ ਫ਼ਰਜ਼ ਹੈ। ਜੇਕਰ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡੀਆਂ ਅੱਖਾਂ ਦੀ ਰੌਸ਼ਨੀ ਕਮਜ਼ੋਰ ਹੋਵੇ ਤਾਂ ਹੇਠ ਲਿਖੇ ਇਹ ਉਪਾਅ ਕਰੋ।

* ਵਿਟਾਮਿਨ 'ਏ' ਅੱਖਾਂ ਨੂੰ ਤੰਦਰੁਸਤ ਰੱਖਣ ਲਈ ਬਹੁਤ ਜ਼ਰੂਰੀ ਤੱਤ ਹੈ। ਭੋਜਨ ਵਿਚ ਵਿਟਾਮਿਨ 'ਏ' ਦੀ ਵਰਤੋਂ ਜ਼ਿਆਦਾ ਕਰੋ। ਇਸ ਦੇ ਇਲਾਵਾ ਹਰੀਆਂ ਸਬਜ਼ੀਆਂ, ਪਪੀਤੇ ਆਦਿ ਦੀ ਵਰਤੋਂ ਵੀ ਅੱਖਾਂ ਲਈ ਲਾਭਦਾਇਕ ਹੈ।
* ਘੱਟ ਰੌਸ਼ਨੀ 'ਚ ਪੜ੍ਹਨਾ ਅੱਖਾਂ ਨੂੰ ਕਮਜ਼ੋਰ ਕਰਦਾ ਹੈ। ਇਸ ਲਈ ਪੂਰੀ ਰੌਸ਼ਨੀ ਵਿਚ ਹੀ ਪੜ੍ਹੋ।
* ਬੱਚਿਆਂ ਦੀਆਂ ਅੱਖਾਂ 'ਚ ਕਾਜਲ ਲਗਾਉਣ ਤੋਂ ਪਹਿਲਾਂ ਆਪਣੇ ਹੱਥਾਂ ਨੂੰ ਚੰਗੀ ਤਰ੍ਹਾਂ ਧੋ ਲਓ। ਗੰਦੇ ਹੱਥਾਂ ਨਾਲ ਕਾਜਲ ਲਗਾਉਣ ਨਾਲ ਅੱਖਾਂ ਨੂੰ ਨੁਕਸਾਨ ਹੁੰਦਾ ਹੈ।
* ਟੀ.ਵੀ., ਕੰਪਿਊਟਰ ਵਿਚੋਂ ਨਿਕਲਣ ਵਾਲੀਆਂ ਰੌਸ਼ਨੀ ਦੀਆਂ ਕਿਰਨਾਂ ਵੀ ਅੱਖਾਂ 'ਤੇ ਮਾੜਾ ਪ੍ਰਭਾਵ ਪਾਉਂਦੀ ਹਨ, ਇਸ ਲਈ ਟੀ.ਵੀ. ਦੇਖਣ ਤੋਂ ਬਚੋ ਅਤੇ ਬੱਚਿਆਂ ਨੂੰ ਵੀ ਦੂਰ ਰੱਖੋ।
* ਬੱਚੇ ਨੂੰ ਚਾਕੂ, ਸੂਈ ਜਾਂ ਹੋਰ ਤਿੱਖੀਆਂ ਵਸਤਾਂ ਤੋਂ ਦੂਰ ਰੱਖੋ ਕਿਉਂਕਿ ਬੱਚਾ ਵਸਤ ਨੂੰ ਹੱਥ 'ਚ ਫੜ ਕੇ ਸਿੱਧਾ ਚਿਹਰੇ ਵੱਲ ਨੂੰ ਲਿਜਾਂਦਾ ਹੈ।
* ਸਵੇਰੇ-ਸ਼ਾਮ ਅੱਖਾਂ 'ਚ ਠੰਢੇ ਪਾਣੀ ਦੇ ਛਿੱਟੇ ਮਾਰੋ। ਕੰਮ ਜ਼ਿਆਦਾ ਹੋਣ ਕਰਕੇ ਥਕਾਵਟ ਹੋਵੇ ਜਾਂ ਜ਼ਿਆਦਾ ਦੇਰ ਤੱਕ ਪੜ੍ਹਨ ਨਾਲ ਅੱਖਾਂ ਥਕਾਵਟ ਨਾਲ ਬੋਝਲ ਹੋ ਜਾਣ ਤਾਂ ਤੌਲੀਏ ਨੂੰ ਠੰਢੇ ਪਾਣੀ ਵਿਚ ਭਿਉਂ ਕੇ ਅੱਖਾਂ 'ਤੇ ਰੱਖ ਕੇ ਕੁਝ ਦੇਰ ਆਰਾਮ ਕਰੋ।
* ਬੱਚਿਆਂ ਨੂੰ ਤਿੱਖੀ ਚੁੰਝ ਵਾਲੇ ਖਿਡੌਣੇ ਨਾ ਦਿਓ ਜਿਨ੍ਹਾਂ ਨਾਲ ਬੱਚਿਆਂ ਨੂੰ ਸੱਟ ਲੱਗਣ ਦਾ ਡਰ ਹੋਵੇ।
* ਔਰਤਾਂ ਸਬਜ਼ੀ ਨੂੰ ਤੜਕਾ ਲਗਾਉਂਦੇ ਸਮੇਂ ਆਪਣੇ ਚਿਹਰੇ ਨੂੰ ਥੋੜ੍ਹਾ ਪਿੱਛੇ ਰੱਖਣ ਤਾਂ ਕਿ ਤੜਕੇ ਦੇ ਛਿੱਟੇ ਉਨ੍ਹਾਂ ਦੀਆਂ ਅੱਖਾਂ 'ਚ ਨਾ ਪੈ ਜਾਣ।
* ਅੱਖਾਂ ਦਾ ਕੋਈ ਵੀ ਰੋਗ ਸਾਧਾਰਨ ਨਹੀਂ ਹੁੰਦਾ। ਇਸ ਲਈ ਰੋਗ ਲੱਗ ਜਾਣ 'ਤੇ ਅੱਖਾਂ ਦੇ ਮਾਹਰ ਡਾਕਟਰ ਦੀ ਸਲਾਹ ਜ਼ਰੂਰ ਲਓ। ਨਹੀਂ ਤਾਂ ਅੱਖਾਂ ਦੀ ਰੌਸ਼ਨੀ ਜਾਣ ਦਾ ਡਰ ਬਣਿਆ ਰਹਿੰਦਾ ਹੈ।

– ਭਾਸ਼ਨਾ ਗੁਪਤਾ

## ਦੁੱਧ ਬਚਾਉਂਦਾ ਹੈ ਕਈ ਬਿਮਾਰੀਆਂ ਤੋਂ



ਬਰਤਾਨੀਆ ਦੇ ਵਿਗਿਆਨੀਆਂ ਵਲੋਂ ਕੀਤੀ ਗਈ ਇਕ ਖੋਜ ਅਨੁਸਾਰ ਹਰ ਰੋਜ਼ ਅੱਧਾ ਕਿੱਲੋ ਦੁੱਧ ਪੀਣ ਨਾਲ ਦਿਲ ਦੀਆਂ ਬਿਮਾਰੀਆਂ ਅਤੇ ਸ਼ੂਗਰ ਟਾਈਪ-ਟੂ ਤੋਂ ਬਚਾਅ ਵਿਚ ਸਹਾਇਤਾ ਮਿਲਦੀ ਹੈ। 45 ਤੋਂ 59 ਸਾਲ ਦੀ ਉਮਰ ਦੇ ਲਗਭਗ 2400 ਵਿਅਕਤੀਆਂ 'ਤੇ ਕੀਤੀ ਗਈ ਇਕ ਖੋਜ ਅਨੁਸਾਰ ਦੁੱਧ ਦੀ ਰੋਜ਼ਾਨਾ ਵਰਤੋਂ ਕਰਨ ਨਾਲ ਇਨ੍ਹਾਂ ਬਿਮਾਰੀਆਂ ਦੀ ਸੰਭਾਵਨਾ ਕਾਫ਼ੀ ਘੱਟ ਹੋ ਜਾਂਦੀ ਹੈ। ਇਹ ਵੀ ਦੇਖਿਆ ਗਿਆ ਹੈ ਕਿ ਦੁੱਧ ਦੀ ਲਗਾਤਾਰ ਵਰਤੋਂ ਨਾਲ ਮੈਟਾਬੋਲਿਕ ਸਿੰਡ੍ਰੋਮ ਦੀ ਸੰਭਾਵਨਾ ਅੱਧੀ ਰਹਿ ਜਾਂਦੀ ਹੈ ਪਰ ਜ਼ਿਆਦਾਤਰ ਡਾਕਟਰਾਂ ਦਾ ਇਹ ਕਹਿਣਾ ਹੈ ਕਿ ਇਸ ਉਮਰ ਵਰਗ ਦੇ ਲੋਕਾਂ ਨੂੰ ਜ਼ਿਆਦਾ ਫੈਟ ਜਾਂ ਚਰਬੀ ਰਹਿਤ ਦੁੱਧ ਦੀ ਵਰਤੋਂ ਹੀ ਕਰਨੀ ਚਾਹੀਦੀ ਹੈ।

# ਕਾਵਿ ਕਿਆਰੀ

## ਚੜ੍ਹਦੀ ਕਲਾ

ਆ ਗਈ ਨੂਰੀ ਝਲਕ ਇਕ ਆ ਗਈ,
ਦੀਨ-ਦੁਨੀਆਂ ਮੇਰੀ ਨੂੰ ਚਮਕਾ ਗਈ ।

ਫਿਰ ਗਈ ਤਨ ਮਨ ਤੇ ਰਹਿਮਤ ਦੀ ਨਿਗਾਹ,
ਖਾਕ ਨੂੰ ਅਕਸੀਰ ਤੁਰਤ ਬਣਾ ਗਈ ।

ਧਸ ਗਈ ਰਗ ਰਗ ਦੇ ਵਿਚ ਬਿਜਲੀ ਕੋਈ,
ਸੁਰਤ ਸੁਤੀ ਨੂੰ ਹਲੂਣ ਜਗਾ ਗਈ ।

ਦਸ ਕੇ ਆਪਣੇ ਆਪ ਨੂੰ ਦੇ ਬਲਕਾਰ ਨੂੰ,
ਜਾਨ ਮੁਰਦਾ ਲਾਸ਼ ਦੇ ਵਿਚ ਪਾ ਗਈ ।

ਜੀ ਕੇ ਮਰਨਾ ਰੋਜ਼ ਸਾਂ ਸਿਖਦੇ ਰਹੇ,
ਮਰ ਕੇ ਜੀਉਣ ਦਾ ਏ ਚੇਟਕ ਲਾ ਗਈ ।

ਕੌਣ ਕਹਿੰਦਾ ਹੈ ਕਿ ਮੈਂ ਕੰਗਾਲ ਹਾਂ,
ਮੇਰੀ ਦੌਲਤ ਬੇਹਿਸਾਬ ਲਭਾ ਗਈ ।

ਪਿੰਜਰੇ ਦੀ ਕੈਦ ਤੋਂ ਆਜ਼ਾਦ ਕਰ,
ਅਰਸ਼ ਤੇ ਪਰਵਾਜ਼ ਕਰਨਾ ਸਿਖਾ ਗਈ ।

ਮਿਟ ਸਕੇ ਹਸਤੀ ਨਾ ਚਾਤ੍ਰਿਕ ਦੀ ਕਦੇ,
ਜ਼ਿੰਦਗੀ ਦਾ ਭੇਦ ਇਹ ਸਮਝਾ ਗਈ ।

**ਲੇਖਕ : ਲਾਲਾ ਧਨੀ ਰਾਮ ਚਾਤ੍ਰਿਕ**

## ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ

ਚੁੰਨੀ ਤੇ ਦਸਤਾਰ ਨਾ ਹੁੰਦੇ
ਦੁਨੀਆ ਤੇ ਸਰਦਾਰ ਨਾ ਹੁੰਦੇ

ਕੰਘਾ ਕੜਾ ਤੇ ਕੇਸ ਨਾ ਹੁੰਦਾ ,
ਜੇ ਬਾਪੂ ਦਸਮੇਸ਼ ਨਾ ਹੁੰਦਾ

ਚੜਦਾ ਕਦੇ ਤਿਰੰਗਾ ਨਾ
ਜੇ ਹੁੰਦਾ ਕੇਸਰੀ ਝੰਡਾ ਨਾ

ਹਿੰਦੂਆਂ ਦਾ ਕੋਈ ਪਿੰਡ ਨਾ ਹੁੰਦਾ,
ਜੇ ਗੁਰੂ ਗੋਬਿੰਦ ਨਾ ਹੁੰਦਾ

ਜੇ ਦਿੱਲੀ ਬਲੀਦਾਨ ਨਾ ਹੁੰਦਾ
ਹਿੰਦੂ ਹਿੰਦੋਸਤਾਨ ਨਾ ਹੁੰਦਾ

ਭਾਰਤ ਕੋਈ ਦੇਸ਼ ਨਾ ਹੁੰਦਾ,
ਜੇ ਬਾਪੂ ਦਸਮੇਸ਼ ਨਾ ਹੁੰਦਾ

ਨਾ ਹੀ ਕਦੇ ਨਗਾਰੇ ਵੱਜਦੇ
ਨਾ ਇਹ ਕਦੇ ਜੈਕਾਰੇ ਲੱਗਦੇ
ਨਾ ਹੀ ਅੱਜ ਦਮਾਲੇ ਸੱਜਦੇ
ਖਾਲਸਾ ਪੰਥ ਬਹਾਲ ਨਾ ਹੁੰਦਾ ,
ਜੇ ਗੁਜਰੀ ਦਾ ਲਾਲ ਨਾ ਹੁੰਦਾ

ਧੰਨ ਹੋ ਗਏ ਮਾਛੀਵਾੜੇ
ਚਮਕੌਰ ਗੜੀ ਸਰਹੰਦ ਪਿਆਰੇ

ਅਨੰਦਪੁਰੀ ਦੇ ਰਾਹ ਨਾ ਹੁੰਦੇ,
ਸ਼ਾਹੇ ਸ਼ਹਿਨਸ਼ਾਹ ਨਾ ਹੁੰਦੇ

ਸਾਡੀ ਵੱਖਰੀ ਦਿੱਖ ਨਾ ਹੁੰਦੀ
ਜੱਗ ਤੇ ਚੌੜੀ ਹਿੱਕ ਨਾ ਹੁੰਦੀ

ਡਾਨਸੀਵਾਲੀਆ ਮਾਣ ਨਾ ਹੁੰਦੇ ,
ਜੇ ਸੋਢੀ ਸੁਲਤਾਨ ਨਾ ਹੁੰਦੇ

ਖਾਲਸਾ ਪੰਥ ਦਲੇਰ ਨਾ ਹੁੰਦਾ ,
ਜੇ ਮਰਦ ਅਗੰਮੜਾ ਸ਼ੇਰ ਨਾ ਹੁੰਦਾ

**ਕੁਲਵੀਰ ਸਿੰਘ ਡਾਨਸੀਵਾਲ , 778 863 2472**

## ਸਿੱਖ ਇਤਿਹਾਸ ਵਿੱਚ ਛੇ ਗੰਗੂ ਤਾਂ ਗੁਰੂ ਕੇ ਅਨਿੰਨ ਪ੍ਰੇਮੀ ਹੋਏ ਹਨ ਪਰ ਸੱਤਵਾਂ ਪਾਪੀ ਗੰਗੂ ਜਿਆਦਾ ਮਸ਼ਹੂਰ ਹੋ ਗਿਆ !

ਇੱਕ-ਪਹਿਲਾ ਗੰਗੂ ਹੋਇਆ ਹੈ ਦੂਸਰੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਆਤਮਗਿਆਨੀ ਸਿੱਖ।

**ਦੂਜਾ-ਦੂਸਰਾ ਗੰਗੂ ਸ਼ਾਹ ਹੋਇਆ ਅਜੋਕੇ** ਹੁਸ਼ਿਆਰ ਪੁਰ ਜ਼ਿਲ੍ਹੇ ਦੇ ਕਸਬੇ ਗੜ੍ਹ ਸ਼ੰਕਰ ਦਾ ਵਸਨੀਕ,ਜਿਸਨੂੰ ਤੀਸਰੇ ਗੁਰੂ ਅਮਰਦਾਸ ਜੀ ਨੇ ਪ੍ਰਚਾਰ ਹਿਤ ਮੰਜੀ ਬਖਸ਼ੀ ਸੀ।

**ਤੀਜਾ-ਤੀਸਰਾ ਗੰਗੂ ਨਾਈ ਹੋਇਆ ਜਿਸਨੇ** ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਦਿਨ ਰਾਤ ਸੇਵਾ ਕਰਕੇ ਵੱਡਾ ਮਾਣ ਪਾਇਆ।

**ਚੌਥਾ-ਇਹ ਗੰਗਾ ਰਾਮ ਵੀ ਪੰਜਵੇਂ ਸਤਿਗੁਰੂ** ਜੀ ਦਾ ਹੀ ਸੇਵਕ ਸੀ,ਜਿਸਦੇ ਬਾਰੇ ਗਿਆਨੀ ਗਿਆਨ ਸਿੰਘ ਜੀ 'ਤਵਾਰੀਖ ਗੁਰੂ ਖਾਲਸਾ' ਵਿੱਚ ਲਿਖਦੇ ਹਨ-'ਸੰਮਤ 1645 ਬਿਕ੍ਰਮੀ' ਨੂੰ ਗੰਗਾ ਰਾਮ ਬ੍ਰਾਹਮਣ ਵਪਾਰੀ ਬਠਿੰਡੇ ਦਾ ਰਹਿਣ ਵਾਲਾ ਬਾਜਰੇ ਦੇ ਊਠ ਲੱਦ ਕੇ ਮਾਝੇ ਦੇਸ ਗੁਰੂ ਦੇ ਚੱਕ ਜਾ ਉਤਰਿਆ। ਅੱਗੇ ਗੁਰੂ ਸਾਹਿਬ ਸੰਤੋਖ ਸਰ ਤੇ ਅੰਮ੍ਰਿਤਸਰ ਤਲਾਉ ਬਨਵਾ ਰਹੇ ਸੇ। ਅਨੇਕ ਸਿੱਖ ਜੋ ਸਾਹੂਕਾਰਾਂ ਦੇ ਪੁਤਰ ਮਾਲੂਮ ਹੁੰਦੇ ਸੇ,ਰਾਜਾਂ ਮਜੂਰਾਂ ਦਾ ਕੰਮ ਕਰਦੇ ਦੇਖ ਕੇ ਗੰਗਾ ਰਾਮ ਅਚਰਜ ਹੋ ਰਿਹਾ ਸੀ।.... ਦੂਜੇ ਦਿਨ ਉੱਥੇ ਅੰਨ ਮੁਕ ਗਿਆ...ਤਾਂ ਗੰਗਾ ਰਾਮ ਨੇ ਸੌ ਮਣ ਬਾਜਰੀ ਗੁਰੂ ਅਰਪਣ ਕੀਤੀ! ਮੋਹਰੇ ਆਏ ਵਿਸਾਖੀ ਦੇ ਮੇਲੇ 'ਤੇ ਗੁਰੂ ਜੀ ਨੇ ਉਹਦੇ ਅੱਗੇ ਮਾਇਆ ਦਾ ਢੇਰ ਲਾ ਕੇ ਆਖਿਆ ਕਿ ਭਾਈ ਮਿਸਰਾ ! ਤੂੰ ਆਪਣੀ ਬਾਜਰੀ ਦੀ ਕੀਮਤ ਲੈ ਲੈ! ਪਰ ਉਸਨੇ ਮਾਇਆ ਲੈਣ ਦੀ ਬਜਾਏ ਪੰਜ ਸੌ ਮਣ ਬਾਜਰੀ ਹੋਰ ਲੰਗਰ ਵਿੱਚ ਪਾ ਦਿੱਤੀ.....!

**ਪੰਜਵਾਂ-ਪੰਜਵਾਂ ਗੰਗਾ ਰਾਮ ਦਸਵੇਂ ਗੁਰੂ ਜੀ** ਦੀ ਭੂਆ ਬੀਬੀ ਵੀਰੋ ਦਾ ਪੁੱਤਰ ਸੀ ਜੋ ਭੰਗਾਣੀ ਦੀ ਲੜਾਈ ਵਿੱਚ ਵੱਡੀ ਬੀਰਤਾ ਨਾਲ ਲੜਿਆ!

**ਛੇਵਾਂ-ਇਹ ਛੇਵਾਂ ਗੰਗਾ ਰਾਮ ਅੰਗਰੇਜੀ ਰਾਜ** ਸਮੇਂ ਲਾਹੌਰ ਨਿਵਾਸੀ ਇੱਕ ਅਮੀਰ ਹਿੰਦੂ ਸੱਜਣ ਸੀ,ਜਿਸਨੇ 16 ਨਵੰਬਰ ਸੰਨ 1922 ਨੂੰ ਗੁਰੂ ਕੇ ਬਾਗ ਵਿਖੇ ਸਿੰਘਾਂ ਉੱਤੇ ਅੰਗਰੇਜ ਪੁਲੀਸ ਦਾ ਹੋ ਰਿਹਾ ਜ਼ੁਲਮੋਂ ਤਸ਼ੱਦਦ ਦੇਖ ਕੇ ਗੁਰਦੁਆਰੇ ਦੇ ਮਹੰਤ ਕੋਲੋਂ ਬਾਗ ਲੀਜ਼ 'ਤੇ ਲੈ ਲਿਆ! ਫਿਰ ਬਾਗ,ਸਿੰਘਾਂ ਨੂੰ ਅਰਪਣ ਕਰ ਦਿੱਤਾ ਕਿ ਖਾਲਸਾ ਜੀ ਬਾਗ ਵਿੱਚੋਂ ਜਿੱਥੋਂ ਮਰਜੀ,ਜਿੰਨਾਂ ਮਰਜੀ ਬਾਲਣ ਵੱਢੋ !ਇੰਜ ਗੁਰੂ ਕੇ ਬਾਗ ਵਾਲੇ ਮੋਰਚੇ ਦਾ ਅੰਤ ਹੋ ਗਿਆ ਸੀ!

**(ਸ੍ਰੋਤ-ਮਹਾਨ ਕੋਸ਼)**

ਮੈਂ ਕੋਈ ਇਤਿਹਾਸਕਾਰ ਨਹੀਂ ਤੇ ਨਾ ਹੀ ਵਿਦਵਾਨ ਹਾਂ ! ਜੇ ਕੋਈ ਸੱਜਣ ਉਤਲੇ ਵੇਰਵੇ ਵਿੱਚ ਕਿਸੇ ਤਰਾਂ ਦੀ ਵਾਧ-ਘਾਟ ਕਰ ਸਕਦਾ ਹੋਵੇ ਤਾਂ ਉਸਦਾ ਸਵਾਗਤ ਹੋਵੇ ਗਾ ਜੀ !!

**ਲੇਖਕ : ਤਰਲੋਚਨ ਸਿੰਘ 'ਦੁਪਾਲ ਪੁਰ', 78146-92724**

## ਕਲਗੀਧਰ

ਕਲ੍ਹ ਦੀਆਂ ਘੜੀਆਂ ਨੂੰ ਮੈਂ,
ਅੱਜ ਲਿਆਵਾਂ ਕਿਸ ਤਰ੍ਹਾਂ ?
ਵੀਹਵੀਂ ਸਦੀ ਤੋਂ ਪਰਤਕੇ,
ਪਿੱਛੇ ਨੂੰ ਜਾਵਾਂ ਜਿਸ ਤਰ੍ਹਾਂ ?
ਸੌਦਾ-ਗਰਾਂ ਨੂੰ ਇਸ਼ਕ ਦੀ,
ਮੁਰਲੀ ਸੁਣਾਵਾਂ ਕਿਸ ਤਰ੍ਹਾਂ ?
ਉਸ ਸਾਜ਼ 'ਤੇ ਇਸ ਰਾਗ ਦੇ,
ਨਗਮੇ ਨੂੰ ਗਾਵਾਂ ਕਿਸ ਤਰ੍ਹਾਂ ?
ਗੁਜ਼ਰੀ ਘੜੀ ਬੇਸ਼ੱਕ ਪਿੱਛੇ,
ਪਰਤ ਕੇ ਨਹੀਂ ਆਉਂਦੀ,
ਗੁਜ਼ਰੇ ਸਮੇਂ ਦੀ ਯਾਦ ਪਰ,
ਦਿਲ ਤੋਂ ਨਾ ਮੇਟੀ ਜਾਉਂਦੀ ।
ਯਾਦ ਸੱਚ-ਮੁੱਚ ਯਾਦ ਹੈ,
ਹੋਵੇ ਕਿਸੇ ਵੀ ਦੌਰ ਦੀ ।
ਦਿਲ ਦਿਆਂ ਪੰਨਿਆਂ ਉੱਤੇ,
ਉੱਕਰੀ ਗਈ ਜੋ ਜ਼ੋਰ ਦੀ ।
ਉਸ ਨੂੰ ਸਮਾਂ ਨਹੀਂ ਛੋੜਦਾ,
ਉਹ ਸਮੇਂ ਨੂੰ ਨਹੀਂ ਛੋੜਦੀ ।
ਕਿਸੇ ਨੇ ਭੁਲਾਈ ਹੈ ਕਥਾ,
ਸਿਰਹੰਦ ਦੀ, ਚਮਕੌਰ ਦੀ ।
ਆਪਣਾ ਹੈ ਹਿਰਦਾ ਬੋਲਦਾ,
ਆਵਾਜ਼ ਨਹੀਂ ਹੈ ਹੋਰ ਦੀ ।
ਸਦੀਆਂ ਸਾਲਾਂ ਦੀ ਵਿੱਥ,
ਬੇਸ਼ੱਕ ਪਰਦੇ ਪਾਉਂਦੀ ।
ਯਾਦ ਪਰ ਮਜਬੂਰ ਹੈ,
ਟੁੰਬ ਟੁੰਬ ਕੇ ਚੇਤੇ ਆਉਂਦੀ ।
ਦਿਲ ਦੀਆਂ ਨੁੱਕਰਾਂ ਨੂੰ ਡੂੰਘਾ,
ਜਦ ਕਦੇ ਵੀ ਫੋਲਿਆ ।
ਮਨ ਦੀਆਂ ਸੱਧਰਾਂ ਨੂੰ ਮਨ ਵਿਚ,
ਜਦ ਕਦੇ ਵੀ ਤੋਲਿਆ ।
ਆਪਣਾ ਇਹ ਅੰਦਰਲਾ, ਹਾਂ
ਜਦ ਕਦੇ ਵੀ ਬੋਲਿਆ ।
ਪ੍ਰੀਖਿਆ ਦਾ ਖ਼ਿਆਲ ਵੀ,
ਕਰ ਕਰ ਕੇ ਡਰਿਆ, ਡੋਲਿਆ ।
ਵੱਖਰਾ ਮੰਦਰ ਹੈ ਇਹ,
ਇਸ ਦੀ ਅਬਾਦਤ ਵੱਖਰੀ ।
ਵੱਖਰਾ ਮਰਨਾ ਹੈ ਇਹ,
ਇਹ ਹੈ ਸ਼ਹਾਦਤ ਵੱਖਰੀ ।
ਮੁਰਦੀਆਂ ਕੌਮਾਂ ਦੇ ਵਿਚ,
ਓ, ਜਾਨ ਪਾਵਣ ਵਾਲਿਆ !
ਵਿਤਕਰੇ ਸਭ ਮੇਟ ਕੇ,
ਅੰਮ੍ਰਿਤ ਪਿਆਵਣ ਵਾਲਿਆ !
ਜਬਰਾਂ ਦੇ ਉੱਸਰੇ ਮਹਿਲ,
ਦੇ ਸਰਬੰਸ ਢਾਵਣ ਵਾਲਿਆ !
ਦੁਨੀਆਂ ਨੂੰ ਆਪਾ-ਵਾਰਦਾ,
ਰਸਤਾ ਵਖਾਵਣ ਵਾਲਿਆ !
ਮੂੰਹ-ਜ਼ਬਾਨੀ ਤਾਂ ਬੇਸ਼ੱਕ,
ਤੇਰਾ ਹੀ ਜੱਸ ਹਾਂ ਗਾਉਂਦੇ ।
ਰਸਤਾ ਮਗਰ ਫੜਦੇ ਨਹੀਂ,
ਹਾਂ ਪਛੜਦੇ ਹੀ ਜਾਉਂਦੇ ।

**ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ**

## ਅੱਲਾ ਯਾਰ ਖਾਂ ਜੋਗੀ

ਜ਼ੁਲਮ ਵੇਖ ਹੋਏ ਸਾਹਿਬਜ਼ਾਦਿਆਂ 'ਤੇ,
ਝੱਟ ਉੱਠਿਆ ਸੀ ਕੁਰਲਾਅ ਜੋਗੀ।
ਲਿਖ ਤਿੱਖੇ ਮਰਸੀਏ ਵਾਹ ਕਲਮਾਂ,
ਮਾਰ ਹਾਅ ਦਾ ਨਾਅਰਾ ਗਿਆ ਯੋਗੀ।

ਪਰਖ ਮੁਗਲਾਂ ਦੀ ਔਕਾਤ ਗਿਆ,
ਤਾਹਨੇ ਮਿਹਣੇ ਚੋਭਾਂ ਲਾ ਯੋਗੀ।
ਦੱਸ ਕਰਤੂਤਾਂ ਗਿਆ ਥੁੱਕ ਮੂੰਹ 'ਤੇ,
ਪਾ ਸਿਰ 'ਚ ਗਿਆ ਸੁਆਹ ਯੋਗੀ।

ਭੇਦ ਖੋਲ੍ਹ ਗਿਆ ਸੂਬੇ ਸੁੱਚਿਆਂ ਦੇ,
ਨੀਵੇਂ ਬੁੱਚੜਾਂ ਤੋਂ ਗਿਆ ਵਿਖਾ ਯੋਗੀ।
ਪੱਤ ਰੋਲ਼ ਗਿਆ ਮੁਗਲ ਹਾਕਮਾਂ ਦੀ,
ਪਿਤਾ ਦਸਮੇਸ਼ ਦਾ ਡੰਕਾ ਵਜਾ ਯੋਗੀ।

ਕਲਮ ਐਸੀ ਗਿਆ ਵਾਹ 'ਭਗਤਾ',
ਗਿਆ ਜ਼ਾਲਮਾਂ ਨੂੰ ਤੜਫਾ ਯੋਗੀ।
ਲਿਖ ਧਰ ਗਿਆ ਲੱਖਾਂ ਲਾਹਣਤਾਂ ਨੂੰ,
ਅੱਲਾ ਯਾਰ ਖਾਂ ਹਕੀਮ ਨਾਂਅ ਯੋਗੀ।

**ਲਿਖਤ : ਬਰਾੜ ਭਗਤਾ ਭਾਈ ਕਾ,**
**ਸੰਪਰਕ : 1-604-751-1113**

## ਕੋਈ ਭੇਜ 'ਬੰਦਾ'

ਬਾਜਾਂ ਵਾਲਿਆ ਤੇਰੇ ਉਹ ਤੀਰ ਕਿੱਥੇ ?
ਜਿਨ੍ਹਾਂ ਜ਼ੁਲਮ ਨੂੰ ਨੱਥ ਵਿਖਾਇਆ ਸੀ।
ਕਲਗੀ ਵਾਲਿਆ ਤੇਰੀ ਸ਼ਮਸ਼ੀਰ ਕਿੱਥੇ ?
ਜਿਨ੍ਹੇ ਧਰਮ ਦਾ ਬੇੜਾ ਬਚਾਇਆ ਸੀ ।
ਅੰਮ੍ਰਿਤ ਵਾਲਿਆ ਅੰਮ੍ਰਿਤ ਦੇ ਘੁੱਟ ਕਿੱਥੇ ?
ਜਿਨ੍ਹਾਂ ਚਿੜੀਉਂ ਬਾਜ਼ ਤੁੜਾਇਆ ਸੀ ।
ਨੀਲੇ ਵਾਲਿਆ ਤੇਰੀ ਉਹ ਨਜ਼ਰ ਕਿੱਥੇ ?
ਜਿਨ੍ਹੇ ਸੈਦ ਖਾਂ ਬੰਨ੍ਹ ਬਹਾਇਆ ਸੀ ।
ਤੇਰੇ ਮਾਖਿਉਂ ਮਿੱਠੜੇ ਬੋਲ ਕਿੱਥੇ
ਜਿਹੜੇ ਦਿਲਾਂ ਦੀ ਮੈਲ ਸਭ ਧੋਂਵਦੇ ਸਨ ।
ਨਿੱਕੇ ਵੱਡਿਆਂ ਖਿਲਰਿਆਂ ਹੋਇਆਂ ਨੂੰ
ਇੱਕੋ ਲੜੀ ਦੇ ਵਿੱਚ ਪਰੋਂਵਦੇ ਸਨ ।
ਤੇਰੀ ਢਾਲ ਸੀ ਓਟ ਨਿਹੱਥਿਆਂ ਦੀ
ਤੇਰਾ ਛਾਇਆ ਸੀ 'ਹੁਮਾ' ਦੀ ਛਾਂ ਵਰਗਾ ।
ਜੇ ਅਨਾਥ ਕੋਈ ਤੇਰੇ ਲੜ ਆ ਲੱਗਾ
ਉਹਨੂੰ ਪਿਆਰ ਮਿਲਿਆ ਸਕੀ ਮਾਂ ਵਰਗਾ ।
ਆਕੇ ਵੇਖ ਤੇਰੇ ਤੈਨੂੰ ਕਹਿਣ ਵਾਲੇ
ਇੱਕ ਦੂਜੇ ਤੇ ਚਿੱਕੜ ਸੁੱਟਦੇ ਨੇ ।
ਤੇਰੇ ਨਾਂ ਤੇ ਭੋਲਿਆਂ ਭਾਲਿਆਂ ਨੂੰ
ਬੇਤਰਸ ਹੋ ਕਿਦਾਂ ਇਹ ਲੁੱਟਦੇ ਨੇ ।
ਇੱਜ਼ਤ ਗ਼ੈਰਾਂ ਦੀ ਜੋ ਬਚਾਉਣ ਵਾਲੇ
ਇੱਜ਼ਤ ਆਪਣੀ ਪੈਰਾਂ ਵਿੱਚ ਰੋਲ ਰਹੇ ਨੇ ।
ਭਰੇ ਮੋਤੀਆਂ ਦੇ ਸਾਗਰ ਛੱਡ ਅਪਣੇ
ਮੋਤੀ ਹੋਰਾਂ ਦੇ ਘੜੇ ਵਿੱਚ ਟੋਲ੍ਹ ਰਹੇ ਨੇ ।
ਤੁਸਾਂ ਤਲੇ ਮਸੰਦ ਜਾਂ ਤੇਲ ਦੇ ਵਿੱਚ
ਹਉ ਸੋਚਿਆ ਖਤਮ ਇਹ ਜੱਦ ਹੋ ਗਈ ।
ਰਕਤ ਬੀਜ ਵਾਂਗੂੰ ਕਿੰਨੇ ਹੋਏ ਪੈਦਾ
ਵੇਖ ਹੱਦ ਹੋ ਗਈ ! ਇਹ ਤਾਂ ਹੱਦ ਹੋ ਗਈ !!
'ਗੁਰੂ ਗ੍ਰੰਥ' ਦੀ ਗੱਲ ਇਹ ਸਮਝਦੇ ਨਹੀਂ
ਗੱਲਾਂ ਹੋਰ ਦੀਆਂ ਹੋਰ ਹੀ ਜੜੀ ਜਾਂਦੇ ।
ਕਹਿੰਦੇ ਖੋਲ੍ਹ ਕੇ ਅਰਥ ਸਮਝਾਂਵਦੇ ਹਾਂ
ਮਨਘੜਤ ਕਹਾਣੀਆਂ ਘੜੀ ਜਾਂਦੇ ।
ਬੀਰ ਰਸ ਤੇ ਅਣਖ ਸਭ ਭੁੱਲ ਗਏ ਨੇ
ਝੂਠ ਬੋਲਣ ਨੂੰ ਇਹ ਦਾਨਾਈ ਕਹਿੰਦੇ ।
ਦਾਨ ਖਾ ਖਾ ਫੁੱਲੀਂ ਇਹ ਜਾਂਵਦੇ ਨੇ
ਹੈ ਵੱਡੀ ਇਹ ਲੋਕ ਭਲਾਈ ਕਹਿੰਦੇ ।
ਮੈਨੂੰ ਪਤੈ ਤੁਹਾਨੂੰ ਨਹੀਂ ਵਿਹਲ ਹੋਣੀ
ਅਰਬਾਂ ਹੋਰ ਵੀ ਖੰਡ ਬ੍ਰਹਿਮੰਡ ਤੇਰੇ ।
ਕੋਈ ਭੇਜ 'ਬੰਦਾ' ਜਿਹੜਾ ਕਰੇ ਸਿੱਧੇ
ਉਲਟੇ ਹੋ ਰਹੇ ਏਥੇ ਪਾਖੰਡ ਜਿਹੜੇ ।

**ਲੇਖਕ : ਕਰਮਜੀਤ ਸਿੰਘ ਗਠਵਾਲਾ**

## ਇਤਿਹਾਸ ਦੀ ਬੋਲੀ

ਦਸਵੇਂ ਗੁਰੂ ਦੇ ਜਨਮ ਦਿਹਾੜੇ,
ਮੈਂ ਇਤਿਹਾਸ ਦੀ ਬੋਲੀ ਪਾਵਾਂ,
ਇਕ ਲਾਲ ਅਮੋਲਕ ਸਤਾਰਵੀਂ ਦਾ
ਮੈਂ ਵੀਹਵੀਂ ਸਦੀ ਨੂੰ ਦਿਖਾਵਾਂ,

ਸਾਵਣ ਘਟਾ ਕਾਲੀਆਂ ਦੇ ਵਿਚ
ਬਿਜਲੀ ਮੈਂ ਲਿਸ਼ਕਾਵਾਂ,
ਜੀਹਦੀ ਕੜਕ ਸੁਣ ਪਰਬਤ ਹਿਲ ਗਏ,
ਰੁਖ ਬਦਲੇ ਦਰਿਆਵਾਂ,

ਝੁਲ ਪਈਆਂ ਦੇਸ਼ ਪੰਜਾਬ ਵਿਚ
ਕੁਈ ਜੁਗ-ਗਰਦੀ ਦੀਆਂ ਵ੍ਹਾਵਾਂ,
ਉਡਦੇ ਜਾਣ ਰਵਾਜ ਪੁਰਾਣੇ,
ਢਲਦੀਆਂ ਜਾਵਣ ਛਾਵਾਂ,

ਪਾਤਸ਼ਾਹਾਂ ਦੀਆਂ ਗਦੀਆਂ ਹਿਲੀਆਂ,
ਮਹਿਲੀਂ ਮਚੀਆਂ ਧਾਹਵਾਂ,
ਚਿੜੀਆਂ ਉਡ ਉਡ ਆਖਣ ਲਗੀਆਂ,
ਬਾਜਾਂ ਨੂੰ ਅਸੀਂ ਖਾਵਾਂ ।

ਧਰਤੀ ਬੋਲ ਪਈ,
ਜੁਗ ਮੈਂ ਨਵਾਂ ਲਿਆਵਾਂ ।

ਆਨੰਦ ਪੁਰ, ਚਮਕੌਰ ਸਾਹਿਬ ਵਲ
ਝਾਤੀ ਇਕ ਮੈਂ ਮਾਰਾਂ,
ਯਾਦਾਂ ਪਿਛਲੀਆਂ ਚੇਤੇ ਆਈਆਂ,

ਮੇਰੇ ਦਿਲ ਦੀਆਂ ਹਿਲੀਆਂ ਤਾਰਾਂ,
ਚੇਤੇ ਆ ਗਈਆਂ ਮਾਛੀਵਾੜੇ ਤੇ
ਲਖੀ ਜੰਗਲ ਦੀਆਂ ਬਾਰਾਂ,
ਸਰਹੰਦ ਕਿਲ੍ਹੇ ਦੀਆਂ ਕੰਧਾਂ ਵਿਚੋਂ

ਲਹੂ ਦੀਆਂ ਵਗਦੀਆਂ ਧਾਰਾਂ,
ਚੱਪਾ ਚੱਪਾ ਮਾਲਵੇ ਦਾ
ਪਿਆ ਗਾਏ ਸ਼ਹੀਦੀ ਵਾਰਾਂ,

ਦਿਲੀਓਂ ਚੜ੍ਹੀਆਂ ਘਟਾਂ ਕਾਲੀਆਂ,
ਕਰਦੀਆਂ ਮਾਰੋ ਮਾਰਾਂ,
ਸਤਲੁਜ ਕੰਢਿਓਂ ਗੂੰਜ ਪਈਆਂ
ਪਰ ਜਨਤਾ ਦੀਆਂ ਲਲਕਾਰਾਂ,

ਜੀਵਨ ਮੌਤ ਦੀ ਛਿੜੀ ਲੜਾਈ
ਖੜਕ ਪਈਆਂ ਤਲਵਾਰਾਂ ।
ਜੁਗ ਬਦਲਾਉਣ ਦੀਆਂ
ਤੁਰ ਪਈਆਂ ਜਗ ਤੇ ਵਾਰਾਂ ।

**ਲੇਖਕ : ਹੀਰਾ ਸਿੰਘ ਦਰਦ**

## ਸਭ ਦਾ ਪ੍ਰੀਤਮ

ਮੋਏ ਵਿਚ ਜਾਨ ਆਈ
ਆਪੇ ਦੀ ਪਛਾਣ ਆਈ ।
ਪਿਆ ਜੀਹਤੇ ਇਕੋ ਵੇਰ
ਮਿਹਰ ਝਲਕਾਰਾ ਏ ।
ਨੂਰ ਪਿਚਕਾਰੀ ਮਾਰੀ
ਦਿਲ ਵੇਹੜੇ ਨੂਰ ਹੋਏ,
ਚਾਨਣ ਪਸਾਰ ਮੇਟ
ਦਿਤਾ ਅੰਧਕਾਰਾ ਏ ।
ਕਠੇ ਕਰ ਬੀਰਤਾ,
ਗੰਭੀਰਤਾ, ਤਿਆਗ, ਰਾਜ,
ਪ੍ਰੇਮੀਆਂ ਨੂੰ ਪ੍ਰੇਮ-ਰਸ
ਪਾਪੀ ਨੂੰ 'ਦੁਧਾਰਾ' ਏ ।
ਇਕੋ ਭਾਵ ਦੋਹਾਂ ਦਾ,
ਪਛਾਣਿਆਂ ਪਛਾਣ ਆਵੇ ।
ਖੰਡਾ ਵੀ ਦੁਧਾਰਾ
ਮਾਨੋਂ ਪ੍ਰੇਮ-ਰਸ ਧਾਰਾ ਏ ।

ਛੋਹੇ, ਬਸ ਮੋਏ,
ਨਹੀਂ, ਮਰ ਕੇ ਅਮਰ ਹੋਏ,
'ਮੋਏ' ਕਿ 'ਅਮਰ' ਹੋਏ
ਡੂੰਘੀ ਇਹ ਵਿਚਾਰਾ ਏ ।
ਵੈਰੀ ਕੌਣ, ਮੀਤ ਕੌਣ,
ਮਰੇ ਕੌਣ, ਮਾਰੇ ਕੌਣ,
ਸਮਝ ਨਾ ਆਈ ਅਦਭੁਤ
ਇਹ ਨਜ਼ਾਰਾ ਏ ।
ਭੋਲੇ ਲੋਕ ਪੁਛਦੇ
ਪਿਆਰੇ ਦਸਮੇਸ ਜੀ ਨੇ,
ਕਿਹੜੇ ਪਾਸੇ ਹੋ ਕੇ
ਕਿਨ੍ਹਾਂ ਲਈ ਬੰਸ ਵਾਰਾ ਏ ?
ਸਾਰੇ ਪਾਸੇ ਉਸ ਦੇ
ਤੇ ਉਸਦਾ ਨਾ ਪਾਸਾ ਕੋਈ,
ਸਭ ਦਾ ਸਹਾਰਾ ਏ
ਉਹ ਪ੍ਰੀਤਮ ਪਿਆਰਾ ਏ ।

**ਲੇਖਕ : ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ**

# ਨਾਰੀ ਸੰਸਾਰ

ਲੇਖਕ : ਪੂਨਮ ਦਿਮਕਰ
ਮੋਬਾ: 97793-68243

# ਸਫ਼ਲਤਾ ਲਈ ਆਸ਼ਾਵਾਦੀ ਸੋਚ ਰੱਖੋ



ਹਰ ਵਿਅਕਤੀ ਸਫਲ ਹੋਣਾ ਚਾਹੁੰਦਾ ਹੈ। ਕਿਸੇ ਕੰਮ ਵਿਚ ਅਸੀਂ ਸਫਲ ਹੋਣਾ ਜਾਂ ਨਹੀਂ ਹੋਣਾ, ਇਸ ਦਾ ਤਾਂ ਸਾਨੂੰ ਪਤਾ ਨਹੀਂ ਹੁੰਦਾ ਪਰ ਸਾਡੀ ਸੋਚ ਹਮੇਸ਼ਾ ਆਸ਼ਾਵਾਦੀ ਹੋਣੀ ਚਾਹੀਦੀ ਹੈ ਅਤੇ ਸਾਡੇ ਅੰਦਰ ਆਤਮ-ਵਿਸ਼ਵਾਸ ਹੋਣਾ ਚਾਹੀਦਾ ਹੈ। ਇਹ ਆਤਮ-ਵਿਸ਼ਵਾਸ ਸਾਡੇ ਵਿਚ ਕਦੇ ਘੱਟ ਅਤੇ ਕਈ ਵਾਰ ਬਹੁਤ ਜ਼ਿਆਦਾ ਹੁੰਦਾ ਹੈ। ਸਭ ਤੋਂ ਪਹਿਲਾਂ ਸਾਡੀਆਂ ਗੱਲਾਂ ਅਤੇ ਸੋਚ ਆਸ਼ਾਵਾਦੀ ਹੋਣੀ ਚਾਹੀਦੀ ਹੈ। ਜਦੋਂ ਵੀ ਕੋਈ ਗੱਲਾਂ ਕਰਨੀਆਂ ਹੋਣ ਤਾਂ ਸਾਡੀਆਂ ਗੱਲਾਂ ਆਸ਼ਾਵਾਦੀ ਹੋਣੀਆਂ ਚਾਹੀਦੀਆਂ ਹਨ। ਚਾਹੇ ਕੋਈ ਵੀ ਇੰਟਰਵਿਊ ਹੋਵੇ, ਸਾਨੂੰ ਇਹ ਸੋਚ ਨਹੀਂ ਰੱਖਣੀ ਚਾਹੀਦੀ ਕਿ ਸਾਨੂੰ ਸ਼ਾਇਦ ਇਹ ਨੌਕਰੀ ਨਹੀਂ ਮਿਲਣੀ, ਸ਼ਾਇਦ ਸਾਨੂੰ ਇੰਟਰਵਿਊ ਦੇ ਸਵਾਲਾਂ ਦੇ ਜਵਾਬ ਨਹੀਂ ਆਉਣੇ। ਹਮੇਸ਼ਾ ਇਹੀ ਸੋਚ ਰੱਖੋ ਕਿ ਸਾਨੂੰ ਇਹ ਨੌਕਰੀ ਜ਼ਰੂਰ ਮਿਲੇਗੀ ਅਤੇ ਅਸੀਂ ਇਸ ਇੰਟਰਵਿਊ ਵਿਚ ਸਫਲ ਹੋਵਾਂਗੇ।

ਆਪਣੇ-ਆਪ ਨੂੰ ਕਦੇ ਵੀ ਮਾੜਾ ਜਾਂ ਕਮਜ਼ੋਰ ਨਹੀਂ ਸਮਝਣਾ ਚਾਹੀਦਾ। ਹਮੇਸ਼ਾ ਇਹੀ ਸਮਝੋ ਕਿ ਅਸੀਂ ਜੋ ਵੀ ਹਾਂ, ਆਪਣੇ-ਆਪ ਵਿਚ ਪੂਰੇ ਹਾਂ ਅਤੇ ਸਹੀ ਹਾਂ। ਆਪਣੇ-ਆਪ ਨੂੰ ਹਰ ਕੰਮ ਲਈ ਤਿਆਰ-ਬਰ-ਤਿਆਰ ਰਹਿਣਾ ਚਾਹੀਦਾ ਹੈ।

ਜੇ ਕਦੇ ਵੀ ਨਿਰਾਸ਼ਾਵਾਦੀ ਸੋਚ ਬਣੇ ਤਾਂ ਵੀ ਇਹੀ ਕਹਿਣਾ ਚਾਹੀਦਾ ਹੈ ਕਿ ਅਸੀਂ ਆਸ਼ਾਵਾਦੀ ਹਾਂ ਅਤੇ ਨਿਰਾਸ਼ਾਵਾਦੀ ਸੋਚ ਤੋਂ ਬਾਹਰ ਨਿਕਲਣਾ ਚਾਹੀਦਾ ਹੈ। ਆਪਣੇ-ਆਪ ਨੂੰ ਆਸ਼ਾਵਾਦੀ ਬਣਾ ਕੇ ਰੱਖਣਾ ਚਾਹੀਦਾ ਹੈ। ਹਮੇਸ਼ਾ ਆਸ਼ਾਵਾਦੀ ਗੱਲਾਂ ਕਰਨੀਆਂ ਚਾਹੀਦੀਆਂ ਹਨ।

ਚੰਗੇ ਸੁਪਨੇ ਦੇਖਣੇ ਚਾਹੀਦੇ ਹਨ। ਆਸ਼ਾਵਾਦੀ ਸੋਚ ਨਾਲ ਅਤੇ ਪੂਰੇ ਆਤਮ-ਵਿਸ਼ਵਾਸ ਨਾਲ ਸੁਪਨੇ ਪੂਰੇ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਆਪਣੀ ਛੋਟੀ ਤੋਂ ਛੋਟੀ ਸਫਲਤਾ ਲਈ ਵੀ ਆਪਣੀ ਸਿਫਤ ਕਰੋ। ਕੋਈ ਵੀ ਕਿਸੇ ਤੋਂ ਕੋਈ ਉਮੀਦ ਨਾ ਰੱਖੇ।

ਜਦੋਂ ਵੀ ਕੋਈ ਕੰਮ ਕਰਨ ਲਈ ਸੋਚ ਲਿਆ ਤਾਂ ਆਪਣੀ ਸੋਚ ਨੂੰ ਕਾਇਮ ਰੱਖੋ। ਹਾਰ ਨਾ ਮੰਨੋ। ਜੇਕਰ ਕੋਈ ਕੰਮ ਸਫਲ ਨਹੀਂ ਹੁੰਦਾ ਤਾਂ ਵਾਰ-ਵਾਰ ਸਫਲਤਾ ਲਈ ਕੋਸ਼ਿਸ਼ ਕਰੋ। ਜਿਥੋਂ ਸਾਨੂੰ ਸਫ਼ਲਤਾ ਨਹੀਂ ਮਿਲੀ, ਉਨ੍ਹਾਂ ਕਾਰਨਾਂ ਦਾ ਵੀ ਪਤਾ ਲਗਾਉਣਾ ਚਾਹੀਦਾ ਹੈ। ਆਪਣੇ-ਆਪ ਨੂੰ ਦੂਜੇ ਵਿਅਕਤੀਆਂ ਨਾਲ ਨਹੀਂ ਜੋੜਨਾ ਚਾਹੀਦਾ। ਹਰ ਰੋਜ਼, ਹਰ ਵਕਤ ਆਪਣੀ ਸੋਚ ਆਸ਼ਾਵਾਦੀ ਰੱਖੋ। ਕਈ ਵਾਰ ਅਸੀਂ ਬਹੁਤ ਸਾਰੇ ਕੰਮ ਕਰਨੇ ਚਾਹੁੰਦੇ ਹਾਂ ਪਰ ਕਈ ਕਾਰਨਾਂ ਕਰਕੇ ਨਹੀਂ ਕਰ ਪਾਉਂਦੇ ਤਾਂ ਵੀ ਆਪਣੀ ਸੋਚ ਆਸ਼ਾਵਾਦੀ ਰੱਖੋ।

# ਨਣਦ-ਭਰਜਾਈ ਦਾ ਰਿਸ਼ਤਾ



ਨਣਦ-ਭਰਜਾਈ ਦਾ ਅਹਿਮ ਸਮਾਜਿਕ ਰਿਸ਼ਤਾ ਹੈ। ਜੇ ਇਸ ਰਿਸ਼ਤੇ ਵਿਚ ਉਮਰ ਦਾ ਉੱਨੀ-ਇੱਕੀ ਦਾ ਫਰਕ ਹੋਵੇ, ਆਪਸ ਵਿਚ ਬੁੱਕਲ ਖੁੱਲ੍ਹੀ ਹੋਣ ਦੀ ਸੰਭਾਵਨਾ ਹੁੰਦੀ ਹੈ।

ਜੇ ਸੱਸ ਅਤੇ ਨੂੰਹ ਵੀ ਅਵਾ-ਤਵਾ ਬੋਲਦੀ ਹੈ, ਇਸ ਨਾਜ਼ੁਕ ਮੌਕੇ ਸਮਝਦਾਰ ਕੁਆਰੀ ਨਣਦ ਆਪਣੀ ਨਿਰਦੋਸ਼ ਭਰਜਾਈ ਦਾ ਪੱਖ ਪੂਰਦੀ ਹੋਈ ਆਪਣੀ ਮਾਂ ਨੂੰ ਸਮਝਾਉਂਦੀ ਹੈ ਕਿ ਜਿਵੇਂ ਭਾਬੀ ਮੇਰੇ ਵਾਂਗ ਆਪਣੇ ਮਾਪਿਆਂ ਦੀ ਲਾਡਲੀ ਧੀ ਹੈ, ਪਤਾ ਲੱਗਣ 'ਤੇ ਭਾਬੀ ਦੇ ਮਾਪਿਆਂ ਨੂੰ ਕਿੰਨਾ ਦੁੱਖ ਹੋਵੇਗਾ, ਇਸ ਬਾਰੇ ਵੀ ਤੂੰ ਸੋਚ ਤਾਂ ਸਹੀ। ਆਪਣੀ ਨਣਦ ਵਲੋਂ ਨਿਭਾਏ ਗਏ ਆਦਰਸ਼ ਰੋਲ ਨਾਲ ਭਰਜਾਈ ਦੇ ਦਿਲ ਵਿਚ ਨਣਦ ਪ੍ਰਤੀ ਪਿਆਰ ਦਾ ਸਥਾਨ ਬਣ ਜਾਵੇਗਾ। ਆਪਣੀ ਮਾਂ ਦਾ ਬੇਲੋੜਾ ਪੱਖ ਪੂਰਨ ਵਾਲੀ ਆਪਣੀ ਨਣਦ ਨੂੰ ਭਰਜਾਈ ਪਿਆਰ/ਇੱਜ਼ਤ ਦੀ ਦ੍ਰਿਸ਼ਟੀ ਨਾਲ ਨਹੀਂ ਦੇਖੇਗੀ।

ਅਜੋਕੀ ਭੱਜ-ਦੌੜ ਦੀ ਜ਼ਿੰਦਗੀ ਹੋਣ ਕਰਕੇ, ਵਿੱਦਿਆ ਦੇ ਪ੍ਰਸਾਰ ਕਰਕੇ, ਨੌਕਰੀ ਵੱਲ ਰੁਝਾਨ ਹੋਣ ਕਰਕੇ, ਮੋਹ-ਪਿਆਰ ਦਾ ਸੱਭਿਆਚਾਰ ਹਾਸ਼ੀਏ 'ਤੇ ਆ ਗਿਆ ਹੈ। ਸੀਮਤ ਪਰਿਵਾਰ ਕਰਕੇ ਨਣਦ-ਭਰਜਾਈ ਦੀ ਆਪਸੀ ਉਮਰ ਵਿਚ ਵੀ ਘੱਟ ਫਰਕ ਨਜ਼ਰ ਆਉਂਦਾ ਹੈ। ਵਿਆਹ ਦੀਆਂ ਰਸਮਾਂ ਵੀ ਸੀਮਤ ਹੋ ਗਈਆਂ ਹਨ। ਮੈਰਿਜ ਪੈਲੇਸਾਂ ਵਿਚ ਵਿਆਹਾਂ ਦਾ ਸੱਭਿਆਚਾਰ ਹੋਣ ਕਰਕੇ, ਰਿਸ਼ਤਿਆਂ ਦੀ ਮਾਰ ਪੈਣ ਕਰਕੇ ਨਣਦ-ਭਰਜਾਈ ਦੇ ਰਿਸ਼ਤੇ 'ਤੇ ਵੀ ਅਸਰ ਪਿਆ ਹੈ। ਪੜ੍ਹਾਈ ਨੇ, ਰੁਝੇਵਿਆਂ ਨੇ ਨਣਦ-ਭਰਜਾਈ ਦੇ ਰਿਸ਼ਤੇ ਦੀ ਅਹਿਮੀਅਤ ਘਟਾ ਦਿੱਤੀ ਹੈ। ਵਿਆਹ ਤੋਂ ਬਾਅਦ ਪੜ੍ਹੀ-ਲਿਖੀ, ਮੁਲਾਜ਼ਮ ਨਣਦ ਆਪਣੇ ਪੇਕੇ ਘਰ ਮਜਬੂਰੀ ਵੱਸ ਆਉਂਦੀ ਹੈ। ਭਰਜਾਈ ਵੀ ਆਪਣੀ ਨਣਦ ਨੂੰ ਮਿਲਣ ਦੀ ਤਾਂਘ ਘੱਟ ਹੀ ਕਰਦੀ ਹੈ।

ਨਣਦ ਨੂੰ ਇਹ ਗੱਲ ਦਿਲ ਵਿਚ ਵਸਾਉਣੀ ਚਾਹੀਦੀ ਹੈ ਕਿ ਫਾਨੀ ਸੰਸਾਰ ਵਿਚੋਂ ਮਾਪਿਆਂ ਦੇ ਜਾਣ ਤੋਂ ਬਾਅਦ ਭਰਜਾਈ ਦੇ ਚੁੱਲ੍ਹੇ 'ਤੇ ਆਉਣਾ ਹੁੰਦਾ ਹੈ। ਜੇ ਕੁਆਰੇਪਣ ਸਮੇਂ ਆਪਣੀ ਭਰਜਾਈ ਨਾਲ ਸੱਚਾ ਪਿਆਰ ਨਹੀਂ ਜਤਾਇਆ ਸੀ, ਆਪਣੀ ਮਾਂ ਦੀ ਹਮਾਇਤ ਵਿਚ ਬੇਮਤਲਬ ਭਰਜਾਈ ਦੇ ਗਲ ਨੂੰ ਆਉਂਦੀ ਸੀ, ਭਰਜਾਈ ਦੇ ਨੱਕ ਮੂੰਹੋਂ ਲਹਿ ਜਾਏਗੀ। ਆਪਣੀ ਨਣਦ ਦਾ ਉਪਰੋਂ ਪਿਆਰ/ਸਤਿਕਾਰ ਕਰੇਗੀ। ਨਣਦ-ਭਰਜਾਈ ਦਾ ਮੋਹ-ਪਿਆਰ ਵਾਲਾ ਰਿਸ਼ਤਾ ਹਾਸ਼ੀਏ 'ਤੇ ਆ ਜਾਏਗਾ। ਦੋਵਾਂ ਦਾ ਫਰਜ਼ ਬਣਦਾ ਹੈ ਕਿ ਇਸ ਰਿਸ਼ਤੇ ਦੀ ਤਹਿ-ਦਿਲੋਂ ਕਦਰ ਕਰਨ। ਆਖਰੀ ਦਮ ਤੱਕ ਰਿਸ਼ਤੇ ਨੂੰ ਬਾਖੂਬੀ ਨਿਭਾਇਆ ਜਾਵੇ।

# ਝੂਠ ਕਿਉਂ ਬੋਲਦੇ ਹਨ ਬੱਚੇ

ਪ੍ਰਿੰਸ ਅਰੋੜਾ
princearora151@gmail.com



ਅਕਸਰ ਮਾਤਾ-ਪਿਤਾ ਦੀ ਇਹ ਸ਼ਿਕਾਇਤ ਰਹਿੰਦੀ ਹੈ ਕਿ ਉਨ੍ਹਾਂ ਦੇ ਬੱਚੇ ਨਿੱਕੀ-ਨਿੱਕੀ ਗੱਲ 'ਤੇ ਝੂਠ ਦਾ ਸਹਾਰਾ ਲੈਂਦੇ ਹਨ ਅਤੇ ਮਾਪਿਆਂ ਨੂੰ ਕੋਈ ਵੀ ਗੱਲ ਸੱਚ ਨਹੀਂ ਦੱਸਦੇ, ਜਿਸ ਕਰਕੇ ਮਾਪਿਆਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਵਿਚ ਕੋਈ ਦੋ ਰਾਇ ਨਹੀਂ ਕਿ ਬੱਚਾ ਇਕ ਕੋਮਲ ਮਿੱਟੀ ਦੇ ਸਮਾਨ ਹੈ ਅਤੇ ਪਰਿਵਾਰ ਉਸ ਨੂੰ ਜਿਸ ਪ੍ਰਕਾਰ ਦਾ ਰੂਪ ਦੇਣਾ ਚਾਹੇ, ਦੇ ਸਕਦਾ ਹੈ। ਬਹੁਗਿਣਤੀ ਮਾਪਿਆਂ ਨੂੰ ਲੱਗਦਾ ਹੈ ਕਿ ਬੱਚੇ ਸਿਰਫ ਉਨ੍ਹਾਂ ਨੂੰ ਹੀ ਝੂਠ ਬੋਲਦੇ ਹਨ ਜਦ ਕਿ ਅਜਿਹਾ ਬਿਲਕੁਲ ਵੀ ਨਹੀਂ ਹੈ, ਕਿਉਂਕਿ ਬੱਚੇ ਸਿਰਫ ਮਾਤਾ-ਪਿਤਾ ਨਾਲ ਹੀ ਨਹੀਂ, ਬਲਕਿ ਉਹ ਆਪਣੇ ਦੋਸਤਾਂ-ਮਿੱਤਰਾਂ ਅਤੇ ਅਧਿਆਪਕਾਂ ਨੂੰ ਵੀ ਝੂਠ ਬੋਲ ਦਿੰਦੇ ਹਨ। ਬੱਚਿਆਂ ਦੇ ਵੱਖ-ਵੱਖ ਵਰਗਾਂ ਦੇ ਝੂਠ ਬੋਲਣ ਦੇ ਕਾਰਨ ਵੱਖਰੇ-ਵੱਖਰੇ ਹੋ ਸਕਦੇ ਹਨ, ਜਿਵੇਂ ਕਿ ਆਪਣੇ ਦੋਸਤਾਂ-ਮਿੱਤਰਾਂ ਵਿਚ ਆਪਣੀ ਸ਼ਾਨ ਵਧਾਉਣ ਲਈ ਬੱਚਾ ਕਈ ਵਾਰ ਕਿਸੇ ਗੱਲ ਨੂੰ ਵਧਾ-ਚੜ੍ਹਾ ਕੇ ਦੱਸ ਦਿੰਦਾ ਹੈ, ਠੀਕ ਇਸੇ ਪ੍ਰਕਾਰ ਸਕੂਲ ਵਿਚ ਕੋਈ ਸ਼ਰਾਰਤ ਕਰਨ 'ਤੇ ਜਾਂ ਅਧਿਆਪਕਾਂ ਵਲੋਂ ਦਿੱਤਾ ਕੰਮ ਪੂਰਾ ਨਾ ਕਰਨ 'ਤੇ ਝੂਠ ਦਾ ਸਹਾਰਾ ਲੈਂਦਾ ਹੈ ਪਰ ਬੱਚਾ ਅਜਿਹਾ ਕਰਦਾ ਕਿਉਂ ਹੈ? ਵਾਰ-ਵਾਰ ਸਮਝਾਉਣ ਦੇ ਬਾਵਜੂਦ ਬੱਚਾ ਆਖਰ ਕਿਸ ਕਾਰਨ ਝੂਠ ਦਾ ਸਹਾਰਾ ਲੈਂਦਾ ਹੈ?

ਬਾਲ ਮਨੋਵਿਗਿਆਨਕ ਅਨੁਸਾਰ ਬੱਚਾ ਇਹ ਸਭ ਇਸ ਲਈ ਕਰਦਾ ਹੈ, ਤਾਂ ਜੋ ਉਹ ਗੁੱਸੇ/ਘੂਰ ਜਾਂ ਸਜ਼ਾ ਤੋਂ ਬਚ ਸਕੇ। 3 ਤੋਂ 7 ਸਾਲ ਦੀ ਉਮਰ ਦੇ ਬੱਚੇ ਜ਼ਿਆਦਾ ਝੂਠ ਬੋਲਦੇ ਹਨ, ਕਿਉਂਕਿ ਉਹ ਸੱਚ ਅਤੇ ਝੂਠ ਦੇ ਦਰਮਿਆਨ ਅੰਤਰ ਨਹੀਂ ਕਰ ਪਾਉਂਦੇ। ਕਈ ਵਾਰ ਦੇਖਣ ਵਿਚ ਆਉਂਦਾ ਹੈ ਕਿ ਮਾਤਾ-ਪਿਤਾ ਅਣਜਾਣੇ ਵਿਚ ਆਪਣੇ ਬੱਚਿਆਂ ਨੂੰ ਝੂਠ ਬੋਲਣ ਲਈ ਉਤਸ਼ਾਹਿਤ ਕਰਦੇ ਹਨ ਜਾਂ ਫਿਰ ਬੱਚਿਆਂ ਸਾਹਮਣੇ ਖੁਦ ਝੂਠ ਬੋਲਦੇ ਹਨ। ਜਿਹੜੇ ਮਾਪੇ ਬੱਚਿਆਂ ਸਾਹਮਣੇ ਖੁਦ ਝੂਠ ਬੋਲਦੇ ਹਨ ਜਾਂ ਆਪਣੇ ਬੱਚਿਆਂ ਨੂੰ ਝੂਠ ਬੋਲਣ ਲਈ ਪ੍ਰੇਰਿਤ ਕਰਦੇ ਹਨ, ਉਹ ਕਿਸ ਪ੍ਰਕਾਰ ਆਪਣੇ ਬੱਚਿਆਂ ਤੋਂ ਸੱਚ ਬੋਲਣ ਦੀ ਉਮੀਦ ਰੱਖ ਸਕਦੇ ਹਨ? ਮਾਤਾ-ਪਿਤਾ ਨੂੰ ਚਾਹੀਦਾ ਹੈ ਕਿ ਉਹ ਕਿਸੇ ਵੀ ਹਾਲਤ ਵਿਚ ਬੱਚਿਆਂ ਸਾਹਮਣੇ ਝੂਠ ਦਾ ਸਹਾਰਾ ਨਾ ਲੈਣ, ਸਗੋਂ ਉਹ ਬੱਚਿਆਂ ਲਈ ਖੁਦ ਰੋਲ ਮਾਡਲ ਬਣ ਕੇ ਦਿਖਾਉਣ, ਨਾਲੋ-ਨਾਲ ਬੱਚਿਆਂ ਨੂੰ ਸੱਚ ਬੋਲਣ ਲਈ ਉਤਸ਼ਾਹਿਤ ਕਰਨ। ਬਚਪਨ ਵਿਚ ਸੱਚ ਬੋਲਣ ਦੀ ਪਾਈ ਆਦਤ ਹੌਲੀ-ਹੌਲੀ ਬੱਚੇ ਦਾ ਵਿਵਹਾਰ ਬਣ ਜਾਵੇਗੀ ਅਤੇ ਭਵਿੱਖ ਵਿਚ ਬੱਚਾ ਕਿਸੇ ਵੀ ਹਾਲਤ ਵਿਚ ਝੂਠ ਦਾ ਸਹਾਰਾ ਨਹੀਂ ਲਵੇਗਾ। ਮਾਤਾ-ਪਿਤਾ, ਸਕੂਲ ਅਧਿਆਪਕ ਬੱਚਿਆਂ ਨੂੰ ਪਿਆਰ ਨਾਲ ਸਮਝਾ ਕੇ ਅਜਿਹਾ ਵਾਤਾਵਰਨ ਸਿਰਜਣ, ਜਿਸ ਨਾਲ ਬੱਚਾ ਸੱਚ ਦੇ ਮਾਰਗ ਉੱਤੇ ਚੱਲ ਸਕੇ।



# ਪਾਓ ਛੋਟੀਆਂ-ਛੋਟੀਆਂ ਖੁਸ਼ੀਆਂ...

* ਪਰਿਜਨਾਂ ਦੀ ਖੁਸ਼ੀ ਨੂੰ ਆਪਣੀ ਖੁਸ਼ੀ ਮੰਨੋ।
* ਆਪਣੇ ਮਿੱਤਰਾਂ ਅਤੇ ਸਕੇ-ਸਬੰਧੀਆਂ ਨੂੰ ਉਨ੍ਹਾਂ ਦੇ ਜਨਮ ਦਿਨ, ਵਿਆਹ ਦੀ ਵਰ੍ਹੇਗੰਢ 'ਤੇ ਟੈਲੀਫੋਨ ਕਰਨ ਜਾਂ ਸ਼ੁਭ ਕਾਮਨਾ ਪੱਤਰ ਭੇਜਣ ਨਾਲ ਹੀ ਉਨ੍ਹਾਂ ਦੇ ਮਨ ਵਿਚ ਖੁਸ਼ੀ ਦੀ ਲਹਿਰ ਦੌੜ ਜਾਵੇਗੀ।
* ਤਿਉਹਾਰਾਂ 'ਤੇ ਇਕ-ਦੂਜੇ ਨੂੰ ਸ਼ੁੱਭ ਸੰਦੇਸ਼ ਦੇਣ ਨਾਲ ਬਹੁਤ ਸਕੂਨ ਮਿਲਦਾ ਹੈ।
* ਕਦੇ-ਕਦੇ ਘਰ ਦੇ ਮਰਦ ਮਿਲ ਕੇ ਆਪਣੀ ਪਸੰਦ ਦਾ ਭੋਜਨ ਬਣਾਉਣ, ਜਿਸ ਨਾਲ ਔਰਤਾਂ ਵੀ ਆਜ਼ਾਦੀ ਦੇ ਅਨੁਭਵ ਨਾਲ ਖੁਸ਼ ਰਹਿਣ।
* ਇਕੱਲੇ ਹੋਣ 'ਤੇ ਆਪਣੀ ਪਸੰਦ ਦੇ ਗਾਣੇ ਸੁਣ ਕੇ ਵੀ ਚੰਗਾ ਮਹਿਸੂਸ ਹੁੰਦਾ ਹੈ।
* ਕਦੇ-ਕਦੇ ਛੋਟੇ ਬੱਚਿਆਂ ਨਾਲ ਮਿਲ ਕੇ ਬੱਚਿਆਂ ਵਾਲੀਆਂ ਹਰਕਤਾਂ ਕਰਨ ਨਾਲ ਵੀ ਖੁਸ਼ੀ ਮਿਲਦੀ ਹੈ। * ਪਾਰਕ ਵਿਚ ਜਾ ਕੇ ਆਪਣੀ ਪਸੰਦ ਦੀ ਖੇਡ ਬੱਚਿਆਂ ਨਾਲ ਖੇਡਣਾ, ਝੂਲਾ ਝੂਲਣਾ ਆਦਿ ਨਾਲ ਤੁਸੀਂ ਮੁੜ ਬਚਪਨ ਦੇ ਬਿਤਾਏ ਹੋਏ ਦਿਨਾਂ ਵਿਚ ਪਹੁੰਚ ਜਾਂਦੇ ਹੋ।
* ਜੀਵਨ ਦੇ ਮਹੱਤਵਪੂਰਨ ਸਮੇਂ ਵਿਚ ਖਿੱਚੇ ਗਏ ਚਿੱਤਰਾਂ ਦਾ ਮੁੜ ਅਵਲੋਕਨ ਕਰਨ ਨਾਲ ਵੀ ਖੁਸ਼ੀ ਦਾ ਆਨੰਦ ਮਿਲਦਾ ਹੈ। ਇਸ ਤਰ੍ਹਾਂ ਦੀਆਂ ਛੋਟੀਆਂ-ਛੋਟੀਆਂ ਖੁਸ਼ੀਆਂ ਆਪਣੇ ਜੀਵਨ ਵਿਚ ਲਿਆ ਕੇ ਆਪਣੀ ਜ਼ਿੰਦਗੀ ਖੁਸ਼ੀਆਂ ਨਾਲ ਭਰ ਸਕਦੇ ਹੋ ਅਤੇ ਤਣਾਅ ਨੂੰ ਦੂਰ ਕਰ ਸਕਦੇ ਹੋ।



# CLASSIFIEDS & MATRIMONIALS



## BRIDE WANTED

ਵਿਜ਼ਟਰ ਵੀਜ਼ਾ 'ਤੇ ਵੈਨਕੂਵਰ ਆਏ ਧਾਲੀਵਾਲ ਜੱਟ ਪਰਿਵਾਰ ਦਾ ਲੜਕਾ, ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਗ੍ਰੈਜੂਏਸ਼ਨ ਕੀਤੀ ਹੋਈ, ਲਈ ਪੀ.ਆਰ., ਵਰਕ ਪਰਮਿਟ ਜਾਂ ਸਿਟੀਜ਼ਨ ਅਤੇ ਸਮਝਦਾਰ ਸਾਊ ਸੁਭਾਅ ਦੀ ਕੰਨਿਆ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਜੇਕਰ ਕੋਈ ਲੜਕੀ ਵਰਕ ਪਰਮਿਟ 'ਤੇ ਹੈ ਤਾਂ ਐਲ.ਐਮ.ਆਈ.ਏ. ਲਈ ਮਦਦ ਕੀਤੀ ਜਾਵੇਗੀ। ਲੜਕੇ ਦੀ ਭੈਣ ਕੈਨੇਡਾ ਪੀ.ਆਰ. ਅਤੇ ਮਾਤਾ-ਪਿਤਾ ਸੂਪਰ ਵੀਜ਼ਾ 'ਤੇ ਰਹਿ ਰਹੇ ਹਨ। ਪਰਿਵਾਰ ਮੋਗੇ ਜ਼ਿਲ੍ਹੇ ਨਾਲ ਸਬੰਧਤ ਹੈ। ਸੰਪਰਕ ਕਰੋ : +17783441057 AP- 24-10

..........................................

Gursikh family seeks a suitable match for their son, born 1993, 6'0" tall, Canadian citizen, double masters, currently a 3rd year medical student in Canada and in well settled family living in Vancouver, BC from past 30 years. Religious, vegetarian, fluent in English and Punjabi, well versed in both cultures, family oriented. The girl should be well educated, beautiful, well versed in both cultures, and family oriented. Call: 1-604-379-5928 AP 18-07

..........................................

ਕੈਨੇਡਾ 'ਚ ਵਰਕ ਪਰਮਿਟ 'ਤੇ ਕੰਮ ਕਰ ਰਹੇ ਰਾਜਾ ਸਿੱਖ ਜਾਤੀ ਨਾਲ ਸੰਬੰਧਤ 31 ਸਾਲਾ ਤਲਾਕਸ਼ੁਦਾ ਲੜਕੇ ਲਈ ਕੈਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਜਾਤੀ ਬੰਧਨ ਕੋਈ ਨਹੀਂ, ਤਲਾਕਸ਼ੁਦਾ ਲੜਕੀ ਬਾਰੇ ਵੀ ਵਿਚਾਰਿਆ ਜਾ ਸਕਦਾ।ਲੜਕੇ ਦੇ ਮਾਤਾ ਪਿਤਾ ਕੈਨੇਡਾ ਵਿੱਚ ਹੀ ਰਹਿ ਰਹੇ ਹਨ। ਸੰਪਰਕ ਨੰਬਰ +1-778-345-8088, +91-98729-23171 BH 25-09

..........................................

ਐਬਟਸਫੋਰਡ ਵਿੱਚ ਵਰਕ ਪਰਮਿਟ 'ਤੇ ਰਹਿ ਰਹੇ ਅਤੇ ਆਪਣਾ ਕੰਸਟ੍ਰਕਸ਼ਨ ਦਾ ਕੰਮ ਕਰ ਰਹੇ ਔਜਲਾ ਸਿੱਖ ਲੜਕਾ, ਉਮਰ 35 ਸਾਲ, ਕੱਦ 6 ਫੁੱਟ ਵਾਸਤੇ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਵਿੱਚ ਰਹਿ ਰਿਹਾ ਹੈ। ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ +1-778-823-0283 AP 18-07

..........................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ 26 ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

..........................................

ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ ਨਸ਼ਿਆਂ ਤੋਂ ਰਹਿਤ 25 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਸਾਂਝੇ ਪਰਿਵਾਰ ਵਿਚ ਰਹਿਣ ਵਾਲੀ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨਿਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਇੰਜੀਨਿਅਰ ਫਰਮ ਵਿਚ ਕੰਮ ਕਰ ਰਿਹਾ ਹੈ। ਲੜਕੇ ਦਾ ਕੱਦ 5'10" ਹੈ। ਲੜਕਾ ਕੇਸਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। USA ਦੀ ਲੜਕੀ ਨੂੰ ਪਹਿਲ। ਸੰਪਰਕ ਕਰਨ ਲਈ ਫੋਨ ਕਰੋ 604-902-9068 ਜਾਂ ਈ ਮੇਲ ਕਰੋ gillco1977@gmail.com, ਮੈਰਿਜ ਬਿਊਰੋ ਵਾਲੇ ਕਿਰਪਾ ਕਰਕੇ ਸੰਪਰਕ ਨਾ ਕਰਨ। AP 13-02

..........................................

Professionally qualified match from decent Sikh family for our son 30, 5'10 "turboned boy, federal government job. He is chattered Professional Accountantand working in B.C. caste no bar. Whattsapp the biodata with picture to Dr.Sidhu 7788290991. AP 18-07

..........................................

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a Canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS- 14-09

..........................................

ਕੈਨੇਡਾ ਪੀ.ਆਰ., ਹਿੰਦੂ ਕੌਸ਼ਲ ਜਾਤ ਨਾਲ ਸਬੰਧਤ ਲੜਕੀ, ਉਮਰ 28 ਸਾਲ, ਕੱਦ 5 ਫੁੱਟ 4 ਇੰਚ, ਕੇ.ਪੀ.ਯੂ. ਤੋਂ ਬਿਜ਼ਨਸ ਮੈਨੇਜਮੈਂਟ ਦਾ ਡਿਪਲੋਮਾ, Canadian Tire 'ਚ ਡਿਪਾਰਟਮੈਂਟ ਮੈਨੇਜ਼ਰ ਦੀ ਨੌਕਰੀ ਕਰ ਰਹੀ ਲੜਕੀ ਲਈ ਯੋਗ ਵਰ ਦੀ ਲੋੜ ਹੈ, ਬੀ.ਸੀ. ਇਲਾਕੇ ਨੂੰ ਪਹਿਲ। ਲੜਕੀ ਦਾ ਪਰਿਵਾਰ ਬਠਿੰਡੇ ਤੋਂ ਹੈ। ਸੰਪਰਕ ਕਰੋ : +1-6047671045 AP 24-10

## BASEMENT FOR RENT

ਸਰੀ ਵਿਚ 140 ਅਤੇ 59 Ave ਵਿਚ 2 ਰੂਮ ਦੀ ਨਵੀਂ ਬੇਸਮੈਂਟ ਹੁਣ ਤੋਂ ਕਿਰਾਏ ਲਈ 2 ਜਾਂ 3 ਕੁੜੀਆਂ ਰਲਮਿਲ ਕਿ ਕਿਰਾਇਆ ਕਰ ਸਕਦੀਆਂ ਹਨ। ਇੰਟਰਨੈਟ ਅਨਦ ਲਾਂਡਰੀ ਵਿਚ ਹੈ। 2 washroom... ਕਿਰਾਇਆ ਬਹੁਤ ਜਿਆਦਾ ਨਹੀਂ । 2 ਪਾਸੇ ਬੱਸਸਟਾਪ ਨੇੜੇ-ਨੇੜੇ ਹੈ। ਫੈਮਲੀ ਵਾਲੇ ਵੀ ਸੰਪਰਕ ਕਰ ਸਕਦੇ ਹਨ - 604 616 2171

..........................................

2 Bedroom Basement Suite for Rent!

124A and 68th Avenue Surrey . For more info or enquires please

Call or Text : 604 961 4065

## BRIDE WANTED

ਸਰੀ ਵਿੱਚ ਰਹਿ ਰਹੇ ਉੱਪਲ ਸਿੱਖ ਉਮਰ 51 ਸਾਲ ਕੱਦ ਪੰਜ ਫੁੱਟ 11 ਇੰਚ ਕੈਨੇਡੀਅਨ ਸਿਟੀਜਨ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ ਲੜਕੀ ਦੀ ਉਮਰ ਘੱਟੋ ਘੱਟ 35 ਸਾਲ ਹੋਵੇ ਸੰਪਰਕ ਕਰੋ : 1 (403) 399-5130 AP 04-04


FAST COMPUTER REPAIR

New Web Designing
& Hosting Services



Onsite Service Available
Computer Repair & Upgrade
Spyware & Virus Removal

Same Day Service



Your Personal Tech, A Phone Call Away...

HARMEET SINGH

www.fastcomputerrepair.ca E-mail : harmeet@fastcomputerrepair.ca

778-928-4444

CLASSIFIED & MATRIMONIAL

ਜੇਕਰ ਤੁਸੀਂ ਆਪਣਾ ਵਪਾਰ ਅਤੇ ਕਾਰੋਬਾਰ ਨੂੰ ਹੋਰ ਵਧਾਉਣਾ ਚਾਹੁੰਦੇ ਹੋ ਤਾਂ ਪੰਜਾਬੀ ਭਾਈਚਾਰੇ ਦੇ ਹਰਮਨ ਪਿਆਰੇ ਅਖ਼ਬਾਰ ਕੈਨੇਡੀਅਨ ਪੰਜਾਬ ਟਾਈਮਜ਼ 'ਚ ਇਸ਼ਤਿਹਾਰ ਦੇ ਕੇ ਆਪਣੇ ਵਪਾਰ ਅਤੇ ਕਰੋਬਾਰ ਨੂੰ ਹੋਰ ਵਧਾਓ।

JUST $20 ONLY

ਕੈਨੇਡੀਅਨ ਪੰਜਾਬ ਟਾਈਮਜ਼ ਹੁਣ ਤੁਸੀਂ ਆਪਣੇ ਕਾਰੋਬਾਰ ਸਬੰਧੀ ਇਸ਼ਤਿਹਾਰ ਜਾਂ ਮੈਟਰੀਮੋਨੀਅਲ ਸਬੰਧੀ ਇਸ਼ਤਿਹਾਰ ਸਿਰਫ਼ 20 ਡਾਲਰ ਵਿੱਚ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ 604-338-7310

# ਕਹਾਣੀ ਸਾਡੇ ਪੰਜਾਬ ਦੀ ...

ਲੇਖਕ : ਸੰਦੀਪ ਕੁਮਾਰ
ਸੰਪਰਕ: 70098-07121

ਪੰਜਾਬ ਨਾਂ ਅੰਦਰ ਹੀ ਇੱਕ ਅਜੀਬ ਜਿਹੀ ਖਿੱਚ ਅਤੇ ਸੁਗੰਧ ਹੈ। ਇਸ ਧਰਤੀ ਵਿੱਚੋਂ ਸਦੀਆਂ ਪੁਰਾਣੀਆਂ ਕਹਾਣੀਆਂ ਅਤੇ ਸੱਭਿਆਚਾਰ ਦੀ ਮਹਿਕ ਆਉਂਦੀ ਹੈ, ਜੋ ਆਪਣੀ ਵਿਰਾਸਤ ਅਤੇ ਤਬਦੀਲੀਆਂ ਦੇ ਸੰਘਰਸ਼ ਵਿੱਚ ਸਾਹ ਲੈ ਰਹੀ ਹੈ। ਪੰਜਾਬ ਦੀ ਇਹ ਕਹਾਣੀ ਸਮਿਆਂ ਤੋਂ ਵੱਧ ਪੁਰਾਣੀ ਹੈ, ਜਿਸ ਦੀਆਂ ਜੜ੍ਹਾਂ ਇਤਿਹਾਸ ਦੀਆਂ ਗਹਿਰਾਈਆਂ ਵਿੱਚ ਪਹੁੰਚਦੀਆਂ ਹਨ। ਅੱਜ ਇਹ ਧਰਤੀ ਆਪਣੇ ਹੀ ਅੰਦਰੂਨੀ ਅਤੇ ਬਾਹਰੀ ਸੰਘਰਸ਼ਾਂ ਵਿੱਚ ਉਲਝੀ ਹੋਈ ਜਾਪਦੀ ਹੈ। ਪੰਜਾਬ ਇੱਕ ਪਾਸੇ ਆਪਣੀ ਸੁਨਹਿਰੀ ਵਿਰਾਸਤ ਨੂੰ ਸੰਭਾਲਣ ਦੀ ਕੋਸ਼ਿਸ਼ ਵਿੱਚ ਹੈ ਅਤੇ ਦੂਜੇ ਪਾਸੇ ਆਧੁਨਿਕਤਾ, ਨਸ਼ਿਆਂ, ਸਮਾਜਿਕ ਵੰਡੀਆਂ ਅਤੇ ਵਾਤਾਵਰਣ ਦੀ ਤਬਾਹੀ ਦੇ ਚੱਕਰਵਿਊਹ ਵਿੱਚ ਫਸਿਆ ਹੋਇਆ ਹੈ।

ਪੰਜਾਬ ਦੀ ਧਰਤੀ ਨੂੰ ਸਦਾ ਹੀ ਖੁਸ਼ਹਾਲੀ ਦਾ ਪ੍ਰਤੀਕ ਮੰਨਿਆ ਜਾਂਦਾ ਸੀ। ਇਹ ਉਹ ਧਰਤੀ ਸੀ ਜਿੱਥੇ ਹਰੀ ਕ੍ਰਾਂਤੀ ਨੇ ਨਾ ਸਿਰਫ਼ ਪੰਜਾਬ ਨੂੰ ਸਗੋਂ ਪੂਰੇ ਦੇਸ਼ ਨੂੰ ਅੰਨ ਦਾ ਭੰਡਾਰ ਬਣਾਇਆ। ਖੇਤਾਂ ਵਿੱਚ ਸੋਨੇ ਵਰਗੀਆਂ ਫ਼ਸਲਾਂ ਲਹਿਰਾਉਂਦੀਆਂ ਸਨ ਅਤੇ ਪੰਜ ਨਦੀਆਂ ਦੇ ਪਾਣੀ ਨੇ ਇਸ ਮਿੱਟੀ ਨੂੰ ਹਰਿਆ-ਭਰਿਆ ਰੱਖਿਆ। ਪਰ ਅੱਜ ਸਥਿਤੀ ਬਦਲ ਗਈ ਹੈ। ਸੂਰਜ ਦੀ ਅੱਗ ਵਰਗੀ ਤਪਸ਼, ਸੁੱਕ ਰਹੇ ਰੁੱਖ ਅਤੇ ਖ਼ਤਮ ਹੁੰਦੇ ਪਾਣੀ ਦੇ ਸੋਮੇ ਪੰਜਾਬ ਦੀ ਉਸ ਪੁਰਾਣੀ ਰੌਣਕ ਨੂੰ ਫਿੱਕਾ ਕਰ ਰਹੇ ਹਨ। ਹਰੀ ਕ੍ਰਾਂਤੀ ਨੇ ਪੰਜਾਬ ਨੂੰ ਅੰਨ ਦੀ ਭਰਮਾਰ ਦਿੱਤੀ, ਪਰ ਇਸ ਦੇ ਨਾਲ ਹੀ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਖੋਰਾ ਲਾਇਆ। ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਅਤਿ ਦੀ ਵਰਤੋਂ ਨੇ ਮਿੱਟੀ ਨੂੰ ਜ਼ਹਿਰੀਲਾ ਕਰ ਦਿੱਤਾ ਅਤੇ ਪਾਣੀ ਦੀ ਘਾਟ ਨੇ ਕਿਸਾਨਾਂ ਦੀਆਂ ਮੁਸੀਬਤਾਂ ਵਿੱਚ ਵਾਧਾ ਕੀਤਾ। ਅੱਜ ਪੰਜਾਬ ਦੇ ਖੇਤਾਂ ਵਿੱਚ ਸਿਰਫ਼ ਫ਼ਸਲਾਂ ਨਹੀਂ ਸਗੋਂ ਕਰਜ਼ੇ ਅਤੇ ਨਿਰਾਸ਼ਾ ਦੀਆਂ ਕਹਾਣੀਆਂ ਵੀ ਉੱਗਦੀਆਂ ਹਨ।

ਇਸ ਸਭ ਦੇ ਦਰਮਿਆਨ ਸਮਾਜਿਕ ਤਾਣਾ-ਬਾਣਾ ਵੀ ਖਿੰਡਦਾ ਜਾ ਰਿਹਾ ਹੈ। ਪੰਜਾਬ ਦੀ ਜਵਾਨੀ ਕਦੇ ਮਿਹਨਤ ਅਤੇ ਜੋਸ਼ ਦਾ ਪ੍ਰਤੀਕ ਸੀ, ਪਰ ਅੱਜ ਨਸ਼ਿਆਂ ਦੀ ਗ੍ਰਿਫ਼ਤ ਵਿੱਚ ਹੈ। ਨਸ਼ਿਆਂ ਨੇ ਨੌਜਵਾਨਾਂ ਦੀ ਸਿਆਣਪ ਨੂੰ ਖੋਹ ਲਿਆ ਹੈ ਅਤੇ ਪਿੰਡਾਂ ਦੀਆਂ ਗਲੀਆਂ ਵਿੱਚ ਹੁਣ ਉਹ ਖ਼ੁਸ਼ੀ ਤੇ ਰੌਣਕ ਨਹੀਂ ਰਹੀ, ਜੋ ਕਦੇ ਸਾਂਝੀਆਂ ਮਹਿਫ਼ਿਲਾਂ ਅਤੇ ਸੱਥਾਂ ਦੀ ਚਰਚਾ ਵਿੱਚ ਦਿਸਦੀ ਸੀ। ਮੋਬਾਈਲ ਦੀ ਦੁਨੀਆ ਨੇ ਮਨੁੱਖੀ ਸਬੰਧਾਂ ਨੂੰ ਵੀ ਬਦਲ ਦਿੱਤਾ ਹੈ। ਅੱਜ ਦੀਆਂ ਮਹਿਫ਼ਿਲਾਂ ਸਕਰੀਨਾਂ ਦੀ ਨਕਲੀ ਚਮਕ ਵਿੱਚ ਗੁਆਚ ਗਈਆਂ ਹਨ ਅਤੇ ਸੱਥਾਂ 'ਚ ਬੈਠ ਕੇ ਗੱਲਾਂ-ਬਾਤਾਂ ਕਰਨ ਦੀ ਪਰੰਪਰਾ ਲਗਭਗ ਖ਼ਤਮ ਹੋ ਚੁੱਕੀ ਹੈ। ਪੰਜਾਬ ਦੀ ਸਾਂਝ ਅੱਜ ਸੁਆਰਥ ਅਤੇ ਵੰਡੀਆਂ ਦੀ ਭੇਟ ਚੜ੍ਹ ਗਈ ਹੈ। ਸਭ ਤੋਂ ਵੱਡੀ ਤ੍ਰਾਸਦੀ ਸ਼ਾਇਦ ਇਹ ਹੈ ਕਿ ਇਸ ਦੀ ਨੌਜਵਾਨ ਪੀੜ੍ਹੀ ਅੱਜ ਨਸ਼ਿਆਂ ਦੀ ਦਲਦਲ ਵਿੱਚ ਫਸ ਗਈ ਹੈ। ਜਿਨ੍ਹਾਂ ਦੇ ਹੱਥਾਂ ਵਿੱਚ ਪੰਜਾਬ ਦਾ ਭਵਿੱਖ ਹੋਣਾ ਚਾਹੀਦਾ ਸੀ, ਉਹ ਨੌਜਵਾਨ ਅੱਜ ਆਪਣੀ ਜ਼ਿੰਦਗੀ ਨੂੰ ਹੀ ਗੁਆ ਰਹੇ ਹਨ। ਨਸ਼ਿਆਂ ਦੀ ਲਤ ਨੇ ਨਾ ਸਿਰਫ਼ ਨੌਜਵਾਨਾਂ ਦੀ ਸਿਹਤ ਅਤੇ ਸਿਆਣਪ ਨੂੰ ਖ਼ਤਮ ਕੀਤਾ ਸਗੋਂ ਪਰਿਵਾਰਾਂ ਨੂੰ ਵੀ ਤੋੜ ਦਿੱਤਾ ਹੈ। ਮਾਪਿਆਂ ਨੇ ਆਪਣੀ ਸਾਰੀ ਜ਼ਿੰਦਗੀ ਆਪਣੇ ਬੱਚਿਆਂ ਦੇ ਭਵਿੱਖ ਲਈ ਸਮਰਪਿਤ ਕਰ ਦਿੱਤੀ, ਪਰ ਅੱਜ ਬਿਰਧ ਆਸ਼ਰਮਾਂ ਵਿੱਚ ਰੁਲਦੇ ਹੋਏ ਆਪਣੇ ਖ਼ੂਨ ਨੂੰ ਚਿੱਟਾ ਹੁੰਦਾ ਵੇਖ ਰਹੇ ਹਨ। ਇਹ ਸਥਿਤੀ ਨਾ ਸਿਰਫ਼ ਦੁਖਦਾਈ ਹੈ ਸਗੋਂ ਪੰਜਾਬ ਦੇ ਸਮਾਜਿਕ ਢਾਂਚੇ ਨੂੰ ਵੀ ਖੋਰਾ ਲਾ ਰਹੀ ਹੈ।

ਪੰਜਾਬ ਦੀ ਇਹ ਤਬਦੀਲੀ ਸਿਰਫ਼ ਸਮਾਜਿਕ ਜਾਂ ਆਰਥਿਕ ਪੱਧਰ 'ਤੇ ਹੀ ਨਹੀਂ ਸਗੋਂ ਸਭਿਆਚਾਰਕ ਪੱਧਰ 'ਤੇ ਵੀ ਸਪੱਸ਼ਟ ਹੈ। ਪਹਿਲਾਂ ਪੰਜਾਬ ਦੇ ਪਿੰਡਾਂ ਵਿੱਚ ਬੱਚੇ ਮਿੱਟੀ ਵਿੱਚ ਖੇਡਦੇ ਹੋਏ ਵੱਡੇ ਹੁੰਦੇ ਸਨ। ਉਹ ਖੇਡਾਂ ਸਰੀਰਕ ਅਤੇ ਮਾਨਸਿਕ ਵਿਕਾਸ ਦਾ ਸਾਧਨ ਸਨ ਜਦੋਂਕਿ ਅੱਜ ਮੋਬਾਈਲ ਗੇਮਾਂ ਉਨ੍ਹਾਂ ਦੀ ਥਾਂ ਲੈ ਚੁੱਕੀਆਂ ਹਨ। ਸਾਂਝੇ ਚੁੱਲ੍ਹੇ ਪਰਿਵਾਰਾਂ ਅਤੇ ਗੁਆਂਢੀਆਂ ਨੂੰ ਜੋੜਦੇ ਸਨ। ਇਹ ਅੱਜ ਸਿਰਫ਼ ਯਾਦਾਂ ਵਿੱਚ ਹੀ ਬਚੇ ਹਨ। ਇਸ ਤਰ੍ਹਾਂ ਦੀ ਸੱਭਿਆਚਾਰਕ ਤਬਦੀਲੀ ਨੇ ਪੰਜਾਬ ਦੀ ਆਤਮਾ ਨੂੰ ਝੰਜੋੜਿਆ ਹੈ।

ਇਸ ਸਾਰੀ ਸਥਿਤੀ ਦਾ ਇੱਕ ਵੱਡਾ ਕਾਰਨ ਸਮਾਜ ਵਿੱਚ ਵਧਦੀ ਨਾਬਰਾਬਰੀ ਅਤੇ ਸਿਆਸੀ ਅਸਥਿਰਤਾ ਵੀ ਹੈ। ਦੇਸ਼ ਦੀ ਵੰਡ ਨੇ ਪੰਜਾਬ ਦੀ ਧਰਤੀ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ। ਕਿਸਾਨ ਪੰਜਾਬ ਦੀ ਰੀੜ੍ਹ ਦੀ ਹੱਡੀ ਸਨ, ਜੋ ਆਪ ਅੱਜ ਆਰਥਿਕ ਤੰਗੀ ਅਤੇ ਸਰਕਾਰੀ ਨੀਤੀਆਂ ਦੀ ਮਾਰ ਹੇਠ ਦਬ ਗਏ ਹਨ। ਸਰਕਾਰੀ ਯੋਜਨਾਵਾਂ ਅਤੇ ਸਹਾਇਤਾ ਪ੍ਰਣਾਲੀਆਂ, ਜੋ ਕਿਸਾਨਾਂ ਦੀ ਮਦਦ ਲਈ ਬਣਾਈਆਂ ਗਈਆਂ ਸਨ, ਅਕਸਰ ਸਵਾਰਥੀ ਹੱਥਾਂ ਵਿੱਚ ਚਲੀਆਂ ਜਾਂਦੀਆਂ ਹਨ। ਇਸ ਦਾ ਨਤੀਜਾ ਇਹ ਹੈ ਕਿ ਪੰਜਾਬ ਦੀ ਕਿਸਾਨੀ ਅੱਜ ਸੰਕਟ ਵਿੱਚ ਹੈ।

ਵਾਤਾਵਰਣ ਦੀ ਤਬਾਹੀ ਵੀ ਪੰਜਾਬ ਦੀ ਇੱਕ ਵੱਡੀ ਸਮੱਸਿਆ ਹੈ। ਸੂਰਜ ਦੀ ਵਧਦੀ ਤਪਸ਼ ਅਤੇ ਸੁੱਕ ਰਹੇ ਰੁੱਖ ਪੰਜਾਬ ਦੇ ਵਾਤਾਵਰਣ ਦੀ ਬਦਲਦੀ ਤਸਵੀਰ ਦੇ ਸੰਕੇਤ ਹਨ। ਪੰਜ ਦਰਿਆਵਾਂ ਦੀ ਧਰਤੀ ਵਿੱਚ ਪਾਣੀ ਦੀ ਘਾਟ ਬਾਰੇ ਕਦੇ ਸੋਚਿਆ ਵੀ ਨਹੀਂ ਸੀ ਜਾ ਸਕਦਾ, ਪਰ ਅੱਜ ਇਹ ਤਲਖ਼ ਹਕੀਕਤ ਬਣ ਗਈ ਹੈ। ਨਦੀਆਂ ਦੇ ਪਾਣੀ ਦੀ ਵੰਡ ਅਤੇ ਧਰਤੀ ਹੇਠਲੇ ਪਾਣੀ ਦੀ ਬੇਹਿਸਾਬੀ ਵਰਤੋਂ ਨੇ ਪੰਜਾਬ ਨੂੰ ਸੋਕੇ ਦੇ ਕੰਢੇ ਲਿਆ ਖੜ੍ਹਾ ਕੀਤਾ ਹੈ। ਇਸ ਨੇ ਨਾ ਸਿਰਫ਼ ਖੇਤੀਬਾੜੀ ਨੂੰ ਪ੍ਰਭਾਵਿਤ ਕੀਤਾ ਹੈ ਸਗੋਂ ਪੰਜਾਬੀਆਂ ਦੀ ਸਿਹਤ 'ਤੇ ਵੀ ਬੁਰਾ ਅਸਰ ਪਾਇਆ ਹੈ। ਪੰਜਾਬ ਦੇ ਪਿੰਡਾਂ ਵਿੱਚ ਪੀਣ ਵਾਲੇ ਪਾਣੀ ਦੀ ਗੁਣਵੱਤਾ ਘਟਦੀ ਜਾ ਰਹੀ ਹੈ ਅਤੇ ਬਿਮਾਰੀਆਂ ਵਧਦੀਆਂ ਜਾ ਰਹੀਆਂ ਹਨ।

ਇਸ ਸਭ ਦੇ ਬਾਵਜੂਦ ਪੰਜਾਬ ਦੀ ਆਤਮਾ ਅਜੇ ਵੀ ਜਿਊਂਦੀ ਹੈ। ਇਸ ਧਰਤੀ ਦੇ ਲੋਕਾਂ ਵਿੱਚ ਅਜੇ ਵੀ ਉਹ ਜਜ਼ਬਾ ਹੈ, ਜੋ ਸਮੱਸਿਆਵਾਂ ਨਾਲ ਲੜਨ ਦੀ ਹਿੰਮਤ ਰੱਖਦਾ ਹੈ। ਪੰਜਾਬ ਦੇ ਲੋਕਾਂ ਨੇ ਸਦੀਆਂ ਤੋਂ ਮੁਸੀਬਤਾਂ ਦਾ ਸਾਹਮਣਾ ਕੀਤਾ ਹੈ ਅਤੇ ਅੱਜ ਵੀ ਉਹ ਆਪਣੀ ਖੁਸ਼ਹਾਲੀ ਵਾਪਸ ਪ੍ਰਾਪਤ ਕਰਨ ਦੀ ਲੜਾਈ ਲੜ ਰਹੇ ਹਨ। ਸਮਾਜਿਕ ਸੰਗਠਨ ਅਤੇ ਨੌਜਵਾਨਾਂ ਦੀ ਜਾਗਰੂਕਤਾ ਸਦਕਾ ਸੁਧਾਰ ਦੀਆਂ ਕੋਸ਼ਿਸ਼ਾਂ ਇਸ ਦੀ ਮਿਸਾਲ ਹਨ। ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮਾਂ, ਵਾਤਾਵਰਣ ਸੁਰੱਖਿਆ ਲਈ ਬੂਟੇ ਲਗਾਉਣ ਦੀਆਂ ਮੁਹਿੰਮਾਂ ਅਤੇ ਕਿਸਾਨਾਂ ਦੀ ਆਰਥਿਕ ਸਥਿਤੀ ਸੁਧਾਰਨ ਲਈ ਯਤਨ ਪੰਜਾਬ ਦੇ ਭਵਿੱਖ ਨੂੰ ਸੁਨਹਿਰੀ ਬਣਾਉਣ ਦੀ ਦਿਸ਼ਾ ਵਿੱਚ ਕਦਮ ਹਨ। ਪੰਜਾਬ ਨੂੰ ਫਿਰ ਤੋਂ ਖੁਸ਼ਹਾਲ ਬਣਾਉਣ ਲਈ ਸਾਂਝੇ ਯਤਨਾਂ ਦੀ ਲੋੜ ਹੈ। ਸਰਕਾਰ, ਸਮਾਜ ਅਤੇ ਵਿਅਕਤੀਗਤ ਪੱਧਰ 'ਤੇ ਸੁਧਾਰਾਂ ਦੀ ਜ਼ਰੂਰਤ ਹੈ। ਸਿੱਖਿਆ ਅਤੇ ਜਾਗਰੂਕਤਾ ਨੂੰ ਵਧਾਉਣਾ, ਨਸ਼ਿਆਂ ਵਿਰੁੱਧ ਸਖ਼ਤ ਕਾਰਵਾਈ, ਵਾਤਾਵਰਣ ਸੁਰੱਖਿਆ ਅਤੇ ਖੇਤੀਬਾੜੀ ਦੀਆਂ ਉੱਤਮ ਤਕਨੀਕਾਂ ਨੂੰ ਅਪਣਾਉਣਾ ਇਸ ਦਿਸ਼ਾ ਵਿੱਚ ਮਹੱਤਵਪੂਰਨ ਕਦਮ ਹੋ ਸਕਦੇ ਹਨ। ਪੰਜਾਬੀਆਂ ਨੂੰ ਆਪਣੀ ਸੁਨਹਿਰੀ ਵਿਰਾਸਤ ਨੂੰ ਯਾਦ ਰੱਖਦੇ ਹੋਏ ਆਪਣੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਅੱਗੇ ਵਧਣਾ ਹੋਵੇਗਾ।

ਦਰਅਸਲ, ਪੰਜਾਬ ਦੀ ਕਹਾਣੀ ਸਿਰਫ਼ ਨਿਰਾਸ਼ਾ ਜਾਂ ਤਬਾਹੀ ਦੀ ਨਹੀਂ ਸਗੋਂ ਸੰਘਰਸ਼ ਅਤੇ ਉਮੀਦ ਦੀ ਵੀ ਹੈ। ਪੰਜਾਬ ਦੀ ਧਰਤੀ ਸਦੀਆਂ ਤੋਂ ਅਨੇਕਾਂ ਸੱਭਿਆਚਾਰਾਂ, ਇਤਿਹਾਸ ਅਤੇ ਜਜ਼ਬਿਆਂ ਦਾ ਸੰਗਮ ਸਥਾਨ ਰਹੀ ਹੈ। ਇਹ ਅੱਜ ਵੀ ਆਪਣੀ ਖੁਸ਼ਹਾਲੀ ਮੁੜ ਪ੍ਰਾਪਤ ਕਰ ਸਕਦੀ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਮਿਲ ਕੇ ਇਸ ਧਰਤੀ ਦੀ ਸੁਨਹਿਰੀ ਵਿਰਾਸਤ ਨੂੰ ਸੰਭਾਲਣ ਅਤੇ ਇਸ ਦੇ ਭਵਿੱਖ ਨੂੰ ਰੌਸ਼ਨ ਕਰਨ ਲਈ ਕੰਮ ਕਰਨਾ ਹੋਵੇਗਾ।

## Important Contacts

### EMERGENCY

Fire | Police | Ambulance
**911**

Occupational First Aid
(Vancouver Campus)
**604-822-4444**

UBC Hospital Urgent Care
(8:00 a.m. – 10:00 p.m.)
**604-822-7662**

Poison Control Centre
**604-682-5050**

Campus Security
**604-822-2222**

### NON-EMERGENCY

Access & Diversity
**604-822-5844**

Ambulance (E-Comm)
**604-872-5151**

AMS Sexual Assault Support Centre
**604-827-5180**

Building Operations Call Centre
**604-822-2173**

Employee & Family Assistance Plan
**1-800-387-4765**

Counselling Services (Students)
**604-822-3811**

Equity & Inclusion Office
**604-822-6353**

Fire Department (Fire Prevention)
**311**

Office of the Ombudsperson for Students
**604-822-6149**

RCMP – University Detachment
**604-224-1322**

Safety & Risk Services
**604-822-2029**

Student Health Services
**604-822-7011**

### SIKH GURDWARAS

**Khalsa Diwan Society, New Westminster, BC**
604-759-2691

**Khalsa Diwan Society, Vancouver**
(604) 568-9500, (604) 324-2010

**Sri Guru Singh Sabha Gurdwara**
604-590-3232

**Gurdwara Sahib Brookside**
604-502-0602

**Gurdwara Kalgidhar Darbar**
604-504-5530

**BC Khalsa Darbar Society**
604-325-2290

**Guru Nanak Sikh Gurdwara**
604-598-1300

**Akali Singh Sikh Society**
604-254-3572

ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ

# ਪ੍ਰਕਾਸ਼ ਪੁਰਬ ਅਤੇ ਨਵੇਂ ਸਾਲ

ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ


ਜਨਮ ਅਸਥਾਨ ਤਖ਼ਤ ਸ੍ਰੀ ਪਟਨਾ ਸਾਹਿਬ

## FIX'N'GO auto service

Specialized European Cars

- » Maintenance
- » Oil Change
- » Tire Service
- » AC/Heating
- » Service & Repair
- » Transmission Repair

ਸਾਡੇ ਪਾਸ ਤਜ਼ਰਬੇਕਾਰ ਮਕੈਨਿਕ ਹਨ, ਗੱਡੀਆਂ ਦੀ ਤਸੱਲੀਬਖਸ਼ ਰਿਪੇਅਰ ਕਰਵਾਉਣ ਲਈ ਸੰਪਰਕ ਕਰੋ



604-825-4545
604-598-9111

**JAS SANDHU**

**107-13302 76 AVE, SURREY**

ਸਾਡੀ ਦੂਜੀ ਲੋਕੇਸ਼ਨ 205-13395-76 Ave 'ਤੇ ਖੁੱਲ੍ਹ ਚੁੱਕੀ ਹੈ।

# ਵਿਚਾਰਧਾਰਕ ਜੰਗ ਨੇ ਬਦਲਿਆ ਬੀ.ਸੀ. ਦਾ ਸਿਆਸੀ ਨਕਸ਼ਾ, ਕੰਜ਼ਰਵੇਟਿਵ ਪਾਰਟੀ ਵਿੱਚ ਫੁੱਟ ਤੋਂ ਬਾਅਦ ਨਵੀਂ ਲੀਡਰਸ਼ਿਪ ਦੀ ਭਾਲ

ਸਰੀ, (ਦਿਵਰੂਪ ਕੌਰ): ਸਾਲ 2025 ਦੀ ਸ਼ੁਰੂਆਤ ਵੇਲੇ ਬੀ.ਸੀ. ਕੰਜ਼ਰਵੇਟਿਵ ਪਾਰਟੀ ਇੱਕ ਅਜਿਹੀ ਪਾਰਟੀ ਵਜੋਂ ਉੱਭਰੀ ਸੀ ਜਿੱਥੇ ਵੱਖ-ਵੱਖ ਵਿਚਾਰਧਾਰਾਵਾਂ ਵਾਲੇ ਲੋਕਾਂ ਨੂੰ ਖੁੱਲ੍ਹ ਕੇ ਬੋਲਣ ਅਤੇ ਆਪਣੀ ਰਾਏ ਰੱਖਣ ਦੀ ਆਜ਼ਾਦੀ ਦੇਣ ਦਾ ਵਾਅਦਾ ਕੀਤਾ ਗਿਆ ਸੀ। ਉਸ ਵੇਲੇ ਪਾਰਟੀ ਕੋਲ 44 ਸੀਟਾਂ ਸਨ, ਜਦੋਂ ਕਿ ਸੱਤਾਧਾਰੀ ਐਨਡੀਪੀ ਕੋਲ 47 ਅਤੇ ਬੀ.ਸੀ. ਗ੍ਰੀਨਜ਼ ਕੋਲ ਦੋ ਸੀਟਾਂ ਸਨ। ਕੰਜ਼ਰਵੇਟਿਵਾਂ ਲਈ ਸਰਕਾਰ ਬਣਾਉਣ ਦਾ ਰਾਹ ਬਿਲਕੁਲ ਨੇੜੇ ਲੱਗ ਰਿਹਾ ਸੀ, ਪਰ ਜਿਵੇਂ-ਜਿਵੇਂ ਸਮਾਂ ਬੀਤਿਆ, ਨਿੱਜੀ ਹੰਕਾਰ ਅਤੇ ਸਿਆਸੀ ਹਿੱਤ ਆਪਸ ਵਿੱਚ ਟਕਰਾਉਣ ਲੱਗੇ। ਸਾਲ ਦੇ ਖ਼ਤਮ ਹੁੰਦਿਆਂ ਪਾਰਟੀ ਕੋਲ ਸਿਰਫ਼ 39 ਸੀਟਾਂ ਰਹਿ ਗਈਆਂ ਅਤੇ ਬਾਕੀ 5 ਵਿਧਾਇਕ ਪਾਰਟੀ ਛੱਡ ਕੇ ਆਜ਼ਾਦ ਹੋ ਗਏ।




ਇਸ ਸਾਰੇ ਕਲੇਸ਼ ਦੀ ਜੜ੍ਹ ਪਾਰਟੀ ਦੇ ਸਾਬਕਾ ਆਗੂ ਜੌਨ ਰਸਟੈਡ ਦੀ ਕਾਰਜਸ਼ੈਲੀ ਨੂੰ ਮੰਨਿਆ ਜਾ ਰਿਹਾ ਹੈ। ਪੀਸ ਰਿਵਰ ਨਾਰਥ ਤੋਂ ਵਿਧਾਇਕ ਜੌਰਡਨ ਕੀਲੀ ਨੇ ਇੱਕ ਇੰਟਰਵਿਊ ਦੌਰਾਨ ਰਸਟੈਡ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਜੌਨ ਰਸਟੈਡ ਨੇ ਭਾਵੇਂ ਵਿਚਾਰਾਂ ਦੀ ਆਜ਼ਾਦੀ ਦਾ ਨਾਅਰਾ ਦਿੱਤਾ ਸੀ, ਪਰ ਅਸਲ ਵਿੱਚ ਜਦੋਂ ਵੀ ਕਿਸੇ ਨੇ ਉਨ੍ਹਾਂ ਨੂੰ ਚੁਣੌਤੀ ਦਿੱਤੀ, ਉਨ੍ਹਾਂ ਨੇ ਤੁਰੰਤ ਉਸ ਨੂੰ ਪਾਰਟੀ ਵਿੱਚੋਂ ਬਾਹਰ ਕੱਢਣ ਦਾ ਰਾਹ ਅਪਣਾਇਆ। ਇਸੇ ਤਾਨਾਸ਼ਾਹੀ ਰਵੱਈਏ ਕਾਰਨ ਅੱਜ ਪੰਜ ਵਿਧਾਇਕ ਆਜ਼ਾਦ ਤੌਰ 'ਤੇ ਵਿਚਰ ਰਹੇ ਹਨ ਅਤੇ ਪਾਰਟੀ ਆਪਣਾ ਆਗੂ ਗੁਆ ਚੁੱਕੀ ਹੈ। ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ (□□□) ਦੇ ਰਾਜਨੀਤੀ ਸ਼ਾਸਤਰ ਦੇ ਲੈਕਚਰਾਰ ਸਟੀਵਰਟ ਪ੍ਰੈਸਟ ਨੇ ਇਸ ਸਥਿਤੀ ਨੂੰ 'ਫਰੈਕਸ਼ਨਲ ਪਾਲੀਟਿਕਸ' (ਧੜੇਬੰਦੀ ਵਾਲੀ ਸਿਆਸਤ) ਦਾ ਨਾਮ ਦਿੱਤਾ ਹੈ, ਜਿੱਥੇ ਪਾਰਟੀ ਦੇ ਅੰਦਰ ਲਗਾਤਾਰ ਵੰਡੀਆਂ ਪੈਂਦੀਆਂ ਰਹਿੰਦੀਆਂ ਹਨ।

ਸਿਆਸੀ ਮਾਹਰਾਂ ਅਨੁਸਾਰ ਇਸ ਸੰਕਟ ਦੀ ਸ਼ੁਰੂਆਤ 2024 ਦੀਆਂ ਚੋਣਾਂ ਵੇਲੇ ਹੀ ਹੋ ਗਈ ਸੀ ਜਦੋਂ ਬੀ.ਸੀ. ਯੂਨਾਈਟਿਡ ਪਾਰਟੀ ਦੇ ਭੰਗ ਹੋਣ ਤੋਂ ਬਾਅਦ ਰਸਟੈਡ ਨੇ ਉਨ੍ਹਾਂ ਦੇ ਕਈ ਉਮੀਦਵਾਰਾਂ ਨੂੰ ਆਪਣੀ ਪਾਰਟੀ ਵਿੱਚ ਸ਼ਾਮਲ ਕਰ ਲਿਆ ਸੀ। ਵਿਧਾਇਕ ਡੱਲਾਸ ਬ੍ਰੋਡੀ ਦਾ ਮੰਨਣਾ ਹੈ ਕਿ ਇਸ ਫ਼ੈਸਲੇ ਨਾਲ ਪਾਰਟੀ ਆਪਣੀ ਮੂਲ ਕੰਜ਼ਰਵੇਟਿਵ ਵਿਚਾਰਧਾਰਾ ਤੋਂ ਭਟਕ ਕੇ ਖੱਬੇ ਪੱਖ ਵੱਲ ਚਲੀ ਗਈ, ਜਿਸ ਕਾਰਨ ਪੁਰਾਣੇ ਅਤੇ ਨਵੇਂ ਮੈਂਬਰਾਂ ਵਿਚਾਲੇ ਵਿਚਾਰਾਂ ਦਾ ਪਾੜਾ ਵਧ ਗਿਆ। ਮਾਰਚ ਵਿੱਚ ਸਥਿਤੀ ਉਦੋਂ ਹੋਰ ਵਿਗੜ ਗਈ ਜਦੋਂ ਬ੍ਰੋਡੀ ਨੇ ਰਿਹਾਇਸ਼ੀ ਸਕੂਲਾਂ (ਰੈਜ਼ੀਡੈਂਸ਼ੀਅਲ ਸਕੂਲਜ਼) ਵਿੱਚ ਬੱਚਿਆਂ ਦੀਆਂ ਕਬਰਾਂ ਬਾਰੇ ਵਿਵਾਦਤ ਸੋਸ਼ਲ ਮੀਡੀਆ ਪੋਸਟ ਪਾਈ ਅਤੇ ਰਸਟੈਡ ਨੇ ਉਨ੍ਹਾਂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ। ਇਸ ਦੇ ਵਿਰੋਧ ਵਿੱਚ ਤਾਰਾ ਆਰਮਸਟ੍ਰਾਂਗ ਅਤੇ ਜੌਰਡਨ ਕੀਲੀ ਨੇ ਵੀ ਪਾਰਟੀ ਛੱਡ ਦਿੱਤੀ।

ਇਨ੍ਹਾਂ ਬਾਗੀ ਵਿਧਾਇਕਾਂ ਨੇ 'ਵਨ ਬੀ.ਸੀ.' ਨਾਮ ਦੀ ਇੱਕ ਕੱਟੜ ਸੱਜੇ-ਪੱਖੀ ਪਾਰਟੀ ਬਣਾਈ ਅਤੇ ਵਿਧਾਨ ਸਭਾ ਵਿੱਚ ਕਈ ਵਿਵਾਦਤ ਬਿੱਲ ਪੇਸ਼ ਕੀਤੇ। ਇਨ੍ਹਾਂ ਬਿੱਲਾਂ ਵਿੱਚ ਸਰਕਾਰੀ ਇਮਾਰਤਾਂ 'ਤੇ ਲੈਂਡ ਐਕਨੌਲੇਜਮੈਂਟ (ਜ਼ਮੀਨੀ ਮਾਨਤਾ) ਨੂੰ ਰੋਕਣ, ਰੀਕਨਸੀਲੀਏਸ਼ਨ (ਸੁਲ੍ਹਾ-ਸਫ਼ਾਈ) ਦੇ ਝੰਡਿਆਂ 'ਤੇ ਪਾਬੰਦੀ ਲਗਾਉਣ ਅਤੇ 'ਫ੍ਰੀਡਮ ਕਾਨਵੋਏ' ਦੇ ਸਨਮਾਨ ਵਿੱਚ ਜਨਤਕ ਛੁੱਟੀ ਐਲਾਨਣ ਵਰਗੀਆਂ ਮੰਗਾਂ ਸ਼ਾਮਲ ਸਨ। ਹਾਲਾਂਕਿ ਇਨ੍ਹਾਂ ਕਦਮਾਂ ਦੀ ਨਸਲਵਾਦੀ ਕਹਿ ਕੇ ਆਲੋਚਨਾ ਹੋਈ, ਪਰ ਤਾਰਾ ਆਰਮਸਟ੍ਰਾਂਗ ਨੇ ਇਨ੍ਹਾਂ ਦਾ ਬਚਾਅ ਕਰਦਿਆਂ ਕਿਹਾ ਕਿ ਉਹ ਸਿਰਫ਼ ਉਹੀ ਬੋਲ ਰਹੇ ਹਨ ਜੋ ਉਨ੍ਹਾਂ ਦੇ ਇਲਾਕੇ ਦੇ ਲੋਕ ਚਾਹੁੰਦੇ ਹਨ। ਉਨ੍ਹਾਂ ਅਨੁਸਾਰ ਜੇਕਰ ਤੁਹਾਨੂੰ ਕੋਈ ਨਸਲਵਾਦੀ ਨਹੀਂ ਕਹਿ ਰਿਹਾ, ਤਾਂ ਇਸ ਦਾ ਮਤਲਬ ਹੈ ਕਿ ਤੁਸੀਂ ਕੁਝ ਸਹੀ ਨਹੀਂ ਕਰ ਰਹੇ।

ਸਾਲ ਦੇ ਅੰਧ ਵਿੱਚ ਰਸਟੈਡ ਦਾ ਟਕਰਾਅ ਪਾਰਟੀ ਦੇ ਉਦਾਰਵਾਦੀ ਧੜੇ ਨਾਲ ਹੋਇਆ। ਉਨ੍ਹਾਂ ਨੇ ਸਰੀ-ਕਲੋਵਰਡੇਲ ਦੀ ਵਿਧਾਇਕ ਐਲੀਨੋਰ ਸਟੁਰਕੋ 'ਤੇ ਪਾਰਟੀ ਦੀਆਂ ਗੁਪਤ ਗੱਲਾਂ ਲੀਕ ਕਰਨ ਦਾ ਦੋਸ਼ ਲਗਾ ਕੇ ਉਨ੍ਹਾਂ ਨੂੰ ਬਾਹਰ ਕਰ ਦਿੱਤਾ, ਜਿਸ ਤੋਂ ਬਾਅਦ ਐਮੇਲੀਆ ਬੋਲਟਬੀ ਨੇ ਵੀ ਅਸਤੀਫ਼ਾ ਦੇ ਦਿੱਤਾ। ਹੈਰਾਨੀ ਦੀ ਗੱਲ ਇਹ ਰਹੀ ਕਿ 'ਵਨ ਬੀ.ਸੀ.' ਪਾਰਟੀ ਬਣਾਉਣ ਵਾਲੀਆਂ ਬ੍ਰੋਡੀ ਅਤੇ ਆਰਮਸਟ੍ਰਾਂਗ ਵਿਚਕਾਰ ਵੀ ਜਲਦੀ ਹੀ ਫੁੱਟ ਪੈ ਗਈ। ਇਹ ਝਗੜਾ ਇੱਕ ਸਟਾਫ਼ ਮੈਂਬਰ ਵੱਲੋਂ ਕੀਤੀਆਂ ਗਈਆਂ ਕਥਿਤ ਤੌਰ 'ਤੇ ਯਹੂਦੀ ਵਿਰੋਧੀ (ਐਂਟੀ-ਸੈਮੀਟਿਕ) ਟਿੱਪਣੀਆਂ ਨੂੰ ਲੈ ਕੇ ਹੋਇਆ। ਇਸ ਕਲੇਸ਼ ਤੋਂ ਬਾਅਦ ਹੁਣ ਇਹ ਸਾਰੇ ਵਿਧਾਇਕ ਇਕੱਲੇ ਰਹਿ ਗਏ ਹਨ ਅਤੇ ਬੀ.ਸੀ. ਕੰਜ਼ਰਵੇਟਿਵ ਪਾਰਟੀ ਇੱਕ ਅੰਤਰਿਮ ਲੀਡਰ ਟ੍ਰੇਵਰ ਹੈਲਫੋਰਡ ਦੇ ਭਰੋਸੇ ਚੱਲ ਰਹੀ ਹੈ।

ਇਹ ਸਾਰਾ ਸਾਲ ਇਨ੍ਹਾਂ ਆਜ਼ਾਦ ਵਿਧਾਇਕਾਂ ਲਈ ਬਹੁਤ ਤਣਾਅਪੂਰਨ ਰਿਹਾ। ਜਿੱਥੇ ਐਲੀਨੋਰ ਸਟੁਰਕੋ ਨੇ ਦੌੜ ਕੇ ਆਪਣਾ ਮਾਨਸਿਕ ਤਣਾਅ ਘੱਟ ਕੀਤਾ, ਉੱਥੇ ਜੌਰਡਨ ਕੀਲੀ ਨੇ ਆਪਣੇ ਖੇਤਾਂ ਵਿੱਚ ਟਰੈਕਟਰ ਚਲਾ ਕੇ ਅਤੇ ਪਸ਼ੂਆਂ ਨੂੰ ਚਾਰਾ ਪਾ ਕੇ ਸਕੂਨ ਲੱਭਿਆ। ਹੁਣ ਸਾਰਿਆਂ ਦੀਆਂ ਨਜ਼ਰਾਂ ਕੰਜ਼ਰਵੇਟਿਵ ਪਾਰਟੀ ਦੀ ਅਗਲੀ ਲੀਡਰਸ਼ਿਪ ਚੋਣ 'ਤੇ ਟਿਕੀਆਂ ਹੋਈਆਂ ਹਨ। ਹਾਲਾਂਕਿ ਕੋਈ ਵੀ ਵਿਧਾਇਕ ਪਾਰਟੀ ਵਿੱਚ ਵਾਪਸੀ ਤੋਂ ਇਨਕਾਰ ਨਹੀਂ ਕਰ ਰਿਹਾ, ਪਰ ਹਰ ਇੱਕ ਦੀ ਆਪਣੀ ਸ਼ਰਤ ਹੈ। ਐਮੇਲੀਆ ਬੋਲਟਬੀ ਪੁਰਾਣੀ ਲੀਡਰਸ਼ਿਪ ਰਿਵਿਊ ਦੀ ਜਾਂਚ ਚਾਹੁੰਦੀ ਹੈ, ਜਦਕਿ ਕੀਲੀ ਪਾਰਟੀ ਨੂੰ 'ਲਿਬਰਲ 2.0' ਬਣਨ ਤੋਂ ਰੋਕਣਾ ਚਾਹੁੰਦਾ ਹੈ।

ਸਟੀਵਰਟ ਪ੍ਰੈਸਟ ਮੁਤਾਬਕ ਆਉਣ ਵਾਲੀ ਲੀਡਰਸ਼ਿਪ ਰੇਸ ਪਾਰਟੀ ਲਈ ਇੱਕ ਮੌਕਾ ਹੈ ਕਿ ਉਹ ਆਪਣੀ ਅਸਲੀ ਪਛਾਣ ਤੈਅ ਕਰੇ। ਇਹ ਚੋਣ ਦੱਸੇਗੀ ਕਿ ਬੀ.ਸੀ. ਕੰਜ਼ਰਵੇਟਿਵ ਮੈਂਬਰ ਕਿਸ ਤਰ੍ਹਾਂ ਦੀ ਪਾਰਟੀ ਚਾਹੁੰਦੇ ਹਨ ਅਤੇ ਭਵਿੱਖ ਵਿੱਚ ਕਿਸ ਕਿਸਮ ਦੇ ਵਿਚਾਰਾਂ ਦਾ ਸਵਾਗਤ ਕੀਤਾ ਜਾਵੇਗਾ। ਸੂਬੇ ਦੇ ਲੋਕਾਂ ਲਈ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਕੀ ਕੋਈ ਨਵਾਂ ਆਗੂ ਇਨ੍ਹਾਂ ਖਿੰਡੇ ਹੋਏ ਮੈਂਬਰਾਂ ਨੂੰ ਮੁੜ ਇਕੱਠਾ ਕਰ ਸਕੇਗਾ ਜਾਂ ਬੀ.ਸੀ. ਦੀ ਸਿਆਸਤ ਵਿੱਚ ਇਹ ਵੰਡੀਆਂ ਹੋਰ ਡੂੰਘੀਆਂ ਹੋਣਗੀਆਂ। ਅਗਲੇ ਸਾਲ ਹੋਣ ਵਾਲੀਆਂ ਚੋਣਾਂ ਤੋਂ ਪਹਿਲਾਂ ਕੰਜ਼ਰਵੇਟਿਵ ਪਾਰਟੀ ਲਈ ਆਪਣਾ ਘਰ ਸੰਭਾਲਣਾ ਸਭ ਤੋਂ ਵੱਡੀ ਚੁਣੌਤੀ ਹੋਵੇਗੀ। This report was written by Divroop Kaur as part of the Local Journalism Initiative.

Helping You Unlock Your Dream Home

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਜ਼ਰੂਰ ਮਿਲੋ।

ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਵੀ ਘੱਟ ਰੇਟ 'ਤੇ ਕਰਦੇ ਹਾਂ।

✔ First-time Home Buyers | ✔ Mortgage Renewals

✔ Refinancing solutions | ✔ Construction mortgage | ✔ Purchase or Refinance



AMARPAL SINGH
Mortgage Advisor

Call : 604.338.7310

CENTUM MORTGAGE

# ਬੀ.ਸੀ. ਗੁਰਦੁਆਰਾ ਸੁਸਾਇਟੀਆਂ ਵੱਲੋਂ ਮਨੁੱਖੀ ਅਧਿਕਾਰ ਸੰਸਥਾਵਾਂ ਦੇ ਸਹਿਯੋਗ ਨਾਲ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਦੇ 30ਵੇਂ ਸਾਲ ਨੂੰ ਸਮਰਪਿਤ ਸੈਮੀਨਾਰ

## ਬੀਬੀ ਪਰਮਜੀਤ ਕੌਰ ਖਾਲੜਾ ਵੱਲੋਂ ਸਿੱਖਾਂ ਨੂੰ ਆਪਣੇ ਬੱਚੇ ਐਕਟਵਿਸਟ ਬਣਾਉਣ ਦਾ ਸੰਦੇਸ਼








ਸਰੀ, (ਡਾ ਗੁਰਵਿੰਦਰ ਸਿੰਘ) ਹਜ਼ਾਰਾਂ ਸਿੱਖ ਨੌਜਵਾਨਾ ਦੇ ਝੂਠੇ ਪੁਲਿਸ ਮੁਕਾਬਲੇ ਬਣਾਉਣ ਮਗਰੋਂ, ਉਹਨਾਂ ਦੀਆਂ ਲਾਸ਼ਾਂ ਨੂੰ ਲਾਵਾਰਸ ਕਹਿ ਕੇ ਸਮੂਹਿਕ ਤੌਰ ਤੇ ਖਪਾ ਦੇਣ ਦੇ ਸੱਚ ਨੂੰ ਸੰਸਾਰ ਦੇ ਮੰਚ 'ਤੇ ਲਿਆਉਣ ਵਾਲੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 30ਵੀਂ ਵਰ੍ਹੇਗੰਢ 'ਤੇ, ਉਨ੍ਹਾਂ ਦੀ ਵਿਰਾਸਤ ਤੇ ਮਨੁੱਖੀ ਅਧਿਕਾਰਾਂ ਦੀ ਲਗਾਤਾਰ ਲੜਾਈ ਦੇ ਸਬੰਧ ਵਿੱਚ ਵਿਸ਼ੇਸ਼ ਸੈਮੀਨਾਰ, ਬੀਸੀ ਦੀਆਂ ਗੁਰਦੁਆਰਾ ਸੁਸਾਇਟੀਆਂ ਨੇ ਮਨੁੱਖੀ ਅਧਿਕਾਰ ਸੰਸਥਾਵਾਂ ਦੇ ਸਹਿਯੋਗ ਨਾਲ, 21 ਦਸੰਬਰ ਦਿਨ ਐਤਵਾਰ ਨੂੰ ਗਰੈਂਡ ਅੰਪਾਇਰ ਬੈਂਕੁਟ ਹਾਲ ਸਰੀ ਵਿਖੇ ਕਰਵਾਇਆ। ਇਸ ਮੌਕੇ 'ਤੇ ਸੰਗਤਾਂ ਨੇ ਭਾਰੀ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ ਤੇ ਮਨੁੱਖੀ ਅਧਿਕਾਰ ਸੰਸਥਾਵਾਂ ਤੇ ਬੀਸੀ ਦੀਆਂ ਸਿੱਖ ਸੰਸਥਾਵਾਂ ਨੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਵਿਰਾਸਤ, ਯਾਦ ਅਤੇ ਮਨੁੱਖੀ ਅਧਿਕਾਰਾਂ ਦੇ ਸੰਘਰਸ਼ ਤੋਂ ਲੈ ਕੇ ਮੌਜੂਦਾ ਸਮੇਂ ਤੱਕ, ਦਰਪੇਸ਼ ਚੁਣੌਤੀਆਂ ਬਾਰੇ ਇੱਕ-ਮਨ, ਇੱਕ-ਚਿੱਤ ਹੋ ਕੇ ਵਿਸ਼ਲੇਸ਼ਣ ਕੀਤਾ।

ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਇਸ ਸੈਮੀਨਾਰ ਦੌਰਾਨ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਬੀਬੀ ਖਾਲੜਾ ਨੇ ਵਿਸਥਾਰ ਵਿੱਚ ਸ਼ਹੀਦ ਖਾਲੜਾ ਦੀ ਸ਼ਹਾਦਤ ਦੇ ਇਤਿਹਾਸ ਨੂੰ ਬਿਆਨ ਕਰਦਿਆਂ ਦੱਸਿਆ ਕਿ ਭਾਈ ਖਾਲੜਾ ਨੂੰ 1995 ਵਿੱਚ ਪੰਜਾਬ ਵਿੱਚ ਸਿੱਖ ਖਾੜਕੂਵਾਦ ਦੌਰਾਨ ਜ਼ਬਰਦਸਤੀ ਲਾਪਤਾ ਕੀਤੇ ਹਜ਼ਾਰਾਂ ਸਿੱਖ ਨੌਜਵਾਨਾਂ ਦੀਆਂ ਹੱਤਿਆਵਾਂ ਅਤੇ ਝੂਠੇ ਪੁਲਿਸ ਮੁਕਾਬਲਿਆਂ ਦੀ ਜਾਂਚ ਲਈ ਆਵਾਜ਼ ਬੁਲੰਦ ਕਰਨ ਬਦਲੇ, ਭਾਰਤੀ ਪੁਲਿਸ ਨੇ ਸ਼ਹੀਦ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਅੱਜ ਤੋਂ 30 ਸਾਲ ਪਹਿਲਾਂ, ਜਦ ਮਨੁੱਖੀ ਅਧਿਕਾਰਾਂ ਦੀ ਆਵਾਜ਼ ਬੁਲੰਦ ਕਰਨ ਵਾਲਾ ਯੋਧਾ ਭਾਈ ਜਸਵੰਤ ਸਿੰਘ ਮਾਨਵਤਾ ਦੇ ਕਾਤਲਾਂ ਨੂੰ ਬੇਨਕਾਬ ਕਰਦਾ ਹੈ, ਤਾਂ ਉਸ ਨੂੰ 6 ਸਤੰਬਰ 1995 ਨੂੰ ਅਗਵਾ ਕਰਨ ਮਗਰੋਂ, ਅਨੇਕਾਂ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਬੇਹੱਦ ਨਿਮਰਤਾ ਨਾਲ ਕਿਹਾ ਕਿ ਸਿੱਖ ਕੌਮ ਨੇ ਸਾਨੂੰ ਬਹੁਤ ਸਤਿਕਾਰ ਦਿੱਤਾ, ਜਿਸ ਦੇ ਅਸੀਂ ਸਦਾ ਰਿਣੀ ਰਹਾਂਗੇ। ਬੀਬੀ ਖਾਲੜਾ ਨੇ ਬਾਹਰਲੇ ਸਿੱਖਾਂ ਨੂੰ ਪ੍ਰੇਰਿਆ ਕਿ ਅਸੀਂ ਇੱਥੇ ਆਰਥਿਕ ਤੌਰ 'ਤੇ ਸਥਾਪਤ ਹੋ ਗਏ ਹਾਂ, ਹੁਣ ਆਪਣੇ ਬੱਚਿਆਂ ਨੂੰ ਉਤਸਾਹਤ ਕਰੀਏ ਕਿ ਉਹ ਦੁਨਿਆਵੀ ਕੰਮਾਂ ਦੇ ਨਾਲ-ਨਾਲ ਕੌਮ ਪ੍ਰਤੀ ਸਰਗਰਮ ਹੋਣ, ਐਕਟੀਵਿਸਟ ਬਣਨ ਤੇ ਸਿਸਟਮ ਵਿੱਚ ਸ਼ਾਮਿਲ ਹੋ ਕੇ ਗੱਲ ਅੱਗੇ ਵਧਾਉਣ।

ਇਸ ਮੌਕੇ 'ਤੇ ਸਮੂਹ ਗੁਰਦੁਆਰਾ ਸੰਸਥਾਵਾਂ ਅਤੇ ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ, ਤਰਨ ਤਾਰਨ ਦੀਆਂ ਸਿੱਖ ਸੰਸਥਾਵਾਂ ਅਤੇ ਭਾਈ ਖਾਲੜਾ ਸਾਹਿਬ ਦੀ ਸ਼ਹਾਦਤ ਬਾਰੇ ਕੈਨੇਡਾ ਦੀ ਪਾਰਲੀਮੈਂਟ ਵਿੱਚ ਬੋਲਣ ਵਾਲੇ ਐਮਪੀ ਸੁਖ ਧਾਲੀਵਾਲ ਵੱਲੋਂ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਸਨਮਾਨਿਤ ਕੀਤਾ ਗਿਆ। ਸੈਮੀਨਾਰ ਦੇ ਪਹਿਲੇ ਬੁਲਾਰੇ ਵਿਸ਼ਵ ਸਿੱਖ ਸੰਸਥਾ ਦੇ ਮੁੱਖ ਸੇਵਾਦਾਰ ਭਾਈ ਦਾਨਸ਼ ਸਿੰਘ ਨੇ ਸੰਗਤਾਂ ਨੂੰ 'ਜੀ ਆਇਆਂ ਨੂੰ' ਆਖਦਿਆਂ, ਵਰਤਮਾਨ ਸਮੇਂ ਕੌਮੀ ਚੁਣੌਤੀਆਂ ਅਤੇ ਪੰਥਕ ਮਸਲਿਆਂ ਦੇ ਹੱਲ ਬਾਰੇ, ਗਰੁੱਪਾਂ ਦੀ ਖਿੱਚੋਤਾਣ ਨੂੰ ਇੱਕ ਪਾਸੇ ਛੱਡ ਕੇ, ਸਾਂਝੇ ਉਪਰਾਲੇ ਕਰਨ ਲਈ ਅਪੀਲ ਕੀਤੀ।

ਯੂਨਾਈਟਡ ਸਿੱਖਸ ਦੇ ਬੁਲਾਰੇ ਭਾਈ ਗੁਰਿੰਦਰ ਸਿੰਘ ਨੇ ਜੋਸ਼ੀਲੇ ਭਾਸ਼ਣ ਵਿੱਚ ਕਿਹਾ ਕਿ ਖਾਲੜਾ ਸਾਹਿਬ ਨੇ ਮਨੁੱਖੀ ਹੱਕਾਂ ਲਈ ਸੱਚ ਦੀ ਦੁਹਾਈ ਦਿੱਤੀ ਤੇ ਉਸ ਨੂੰ ਸਰਕਾਰੀ ਝੂਠ ਦਾ ਹਨੇਰਾ ਬਰਦਾਸ਼ਤ ਨਹੀਂ ਕਰ ਸਕਿਆ। ਉਹਨਾਂ ਵਿਸ਼ਵਾਸ ਪ੍ਰਗਟਾਇਆ ਕਿ ਜਦੋਂ ਤੱਕ ਇਨਸਾਨੀਅਤ ਦੀ ਆਵਾਜ਼ ਬਚੀ ਰਹੇਗੀ, ਸਰਦਾਰ ਜਸਵੰਤ ਸਿੰਘ ਖਾਲੜਾ ਦੀ ਕੁਰਬਾਨੀ ਅਜਾਈ ਨਹੀਂ ਜਾਏਗੀ।

ਸਿੱਖ ਰਿਸਰਚ ਇੰਸਟੀਟਿਊਟ ਦੇ ਸੇਵਾਦਾਰ ਭਾਈ ਹਰਿੰਦਰ ਸਿੰਘ ਨੇ ਇਸ ਮੌਕੇ 'ਤੇ ਬੋਲਦਿਆਂ ਦੱਸਿਆ ਕਿ ਗੁਰੂ ਨਾਨਕ ਜਹਾਜ਼ ਦੀ ਅਗਵਾਈ ਕਰਨ ਵਾਲੀ ਪੰਜ ਮੈਂਬਰੀ ਕਮੇਟੀ ਵਿੱਚ ਖਾਲੜਾ ਸਾਹਿਬ ਦੇ ਦਾਦਾ ਜੀ ਭਾਈ ਹਰਨਾਮ ਸਿੰਘ ਖਾਲੜਾ ਦੀ ਵਿਸ਼ੇਸ਼ ਭੂਮਿਕਾ ਸੀ, ਜੋ ਕਿ ਖਾਲੜਾ ਸਾਹਿਬ ਲਈ ਵਿਰਾਸਤੀ ਪ੍ਰੇਰਨਾ ਬਣੀ। ਉਹਨਾਂ ਉਦਾਹਰਣਾਂ ਸਹਿਤ ਦੱਸਿਆ ਕਿ ਦੁਨੀਆਂ ਦੇ ਸਭ ਤੋਂ ਵੱਡੇ ਲੋਕਰਾਜ ਅਖਵਾਉਣ ਵਾਲੇ ਦੇਸ ਭਾਰਤ ਵਿਚ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ 'ਚ ਮਾਰ ਮੁਕਾਉਣਾ ਤੇ ਉਹਨਾਂ ਦੀਆਂ ਲਾਸ਼ਾਂ ਨੂੰ ਲਵਾਰਿਸ ਕਰਾਰ ਦੇ ਕੇ ਸਾੜ ਦੇਣਾ, ਸ਼ੈਤਾਨੀਅਤ ਦਾ ਨੰਗਾ ਨਾਚ ਸੀ। ਉਹਨਾਂ ਖਾਲੜਾ ਸਾਹਿਬ ਦੇ ਆਰੰਭੇ ਸੰਘਰਸ਼ ਨੂੰ ਅੱਗੇ ਲਿਜਾਣ ਲਈ ਪ੍ਰੇਰਿਆ।

ਬੀਸੀ ਸਿੱਖ ਗੁਰਦੁਆਰਾ ਸੁਸਾਇਟੀਆਂ ਅਤੇ ਸਿੱਖ ਫੈਡਰੇਸ਼ਨ ਦੇ ਬੁਲਾਰੇ ਭਾਈ ਮਨਿੰਦਰ ਸਿੰਘ ਬੋਇਲ ਨੇ ਭਾਵਪੂਰਤ ਸ਼ਬਦਾਂ ਵਿੱਚ ਮੌਜੂਦਾ ਪੰਥਕ ਚੁਣੌਤੀਆਂ ਬਾਰੇ ਗੱਲਬਾਤ ਕੀਤੀ। ਉਹਨਾਂ ਕਿਹਾ ਕਿ ਸ਼ਹੀਦ ਖਾਲੜਾ ਦਾ ਕਥਨ ਗੌਰ ਕਰਨ ਵਾਲਾ ਹੈ ਕਿ ਸਿੱਖ ਨੂੰ ਗੁਰੂ ਸਾਹਿਬ ਨੇ ਦੁਨੀਆ ਦੇ ਮਨੁੱਖੀ ਹੱਕ ਬਚਾਉਣ ਦੀ ਤਾਕਤ ਦਿੱਤੀ ਹੈ, ਪਰ ਜੇਕਰ ਉਹ ਆਪਣੇ ਹੱਕ ਵੀ ਨਾ ਬਚਾ ਸਕਿਆ, ਤਾਂ ਫਿਰ ਦੁਨੀਆਂ ਦੇ ਹੱਕਾਂ ਦੀ ਰਾਖੀ ਕੀ ਕਰੇਗਾ? ਉਹਨਾਂ ਕਿਹਾ ਕਿ ਮਨੁੱਖੀ ਅਧਿਕਾਰਾਂ ਦੇ ਸੰਘਰਸ਼ ਅਤੇ ਗੁਲਾਮੀ ਦੀ ਲੜਾਈ ਨੂੰ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ ਤੇ ਖਾਲੜਾ ਸਾਹਿਬ ਦਾ ਸੰਘਰਸ਼ ਮਨੁੱਖੀ ਹੱਕਾਂ ਦੇ ਨਾਲ ਆਜ਼ਾਦ ਸਿੱਖ ਰਾਜ ਖ਼ਾਲਿਸਤਾਨ ਦਾ ਸੰਘਰਸ਼ ਵੀ ਸੀ, ਜਿਸ ਲਈ ਆਵਾਜ਼ ਅੱਜ ਬੁਲੰਦ ਕਰਨ ਦੀ ਲੋੜ ਹੈ।

ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਭਾਈ ਸੁਨੀਲ ਕੁਮਾਰ ਨੇ ਸਾਰੀਆਂ ਸੰਸਥਾਵਾਂ ਦਾ ਧੰਨਵਾਦ ਕੀਤਾ। ਉਹਨਾਂ ਵਿਸ਼ੇਸ਼ ਤੌਰ ਤੇ ਪ੍ਰਸਿੱਧ ਕਿਤਾਬ 'ਰਿਡਿਊਸ ਟੂ ਐਸ਼ਜ' 'ਜੋ ਰਾਖ ਹੋ ਗਏ ...ਪੰਜਾਬ ਵਿੱਚ ਬਗ਼ਾਵਤ ਅਤੇ ਮਨੁੱਖੀ ਅਧਿਕਾਰ' ਦਾ ਵਿਸ਼ੇਸ਼ ਹਵਾਲਾ ਦਿੰਦਿਆਂ ਜਾਗਰੂਕਤਾ ਪੈਦਾ ਕੀਤੀ, ਜਿਸ ਵਿੱਚ ਸ਼ਹੀਦ ਭਾਈ ਖਾਲੜਾ ਦੀਆਂ ਗਵਾਹੀਆਂ ਸਮੇਤ, ਪੀੜਤ ਵਰਗ ਦੇ ਅਣ-ਸੁਣੇ ਦਰਦ ਨੂੰ, ਸ਼ਬਦਾਂ ਦਾ ਜਾਮਾ ਪਹਿਨਾਉਣ ਵਾਲੇ ਲਿਖਾਰੀ ਰਾਮ ਨਰਾਇਣ ਕੁਮਾਰ ਅਤੇ ਅਮਰੀਕ ਸਿੰਘ ਮੁਕਤਸਰ, ਅਸ਼ੋਕ ਅਗਰਵਾਲ ਅਤੇ ਜਸਕਰਨ ਕੌਰ ਧੰਨਵਾਦ ਦੇ ਪਾਤਰ ਹਨ।

ਇਸ ਯਾਦਗਾਰੀ ਸਮਾਗਮ ਦੇ ਆਖਰੀ ਪੜਾਓ 'ਤੇ ਮਨੁੱਖੀ ਹੱਕਾਂ ਦੇ ਅਲੰਬਰਦਾਰ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਦੇ 30ਵੇਂ ਸਾਲ ਨੂੰ ਸਮਰਪਿਤ ਰੈਡੀਕਲ ਦੇਸੀ ਵੱਲੋਂ, ਯਾਦਗਾਰੀ ਕੈਲੰਡਰ 2026 ਜਾਰੀ ਕੀਤਾ ਗਿਆ।

ਕੈਲੰਡਰ 'ਤੇ ਸ਼ਹੀਦ ਖਾਲੜਾ ਦੀ ਪੇਂਟਿੰਗ ਸ. ਜਰਨੈਲ ਸਿੰਘ ਆਰਟਿਸਟ ਦੁਆਰਾ ਬਣਾਈ ਗਈ ਹੈ, ਜਿਨ੍ਹਾਂ ਦਾ ਇਸ ਸਾਲ ਦੇ ਸ਼ੁਰੂ ਵਿੱਚ ਦੇਹਾਂਤ ਹੋ ਗਿਆ ਸੀ। ਕਿਸੇ ਇੱਕ ਵਿਅਕਤੀ ਜਾਂ ਜਥੇਬੰਦੀ ਦੀ ਥਾਂ, ਸਮੂਹਿਕ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਹੋਇਆ ਇਹ ਸੈਮੀਨਾਰ, ਨਿਰਵਿਘਨਤਾ ਸਹਿਤ ਯਾਦਗਾਰੀ ਹੋ ਨਿਬੜਿਆ।

# 'ਸ੍ਰਿਸ਼ਟੀ-ਕੀ-ਚਾਦਰ - ਗੁਰੂ ਤੇਗ ਬਹਾਦਰ ਜੀ ' ਗੀਤ ਤਾਮਿਲ ਭਾਸ਼ਾ ਵਿੱਚ ਹੋਇਆ ਰਿਲੀਜ਼

ਨਵੀਂ ਦਿੱਲੀ : ਸਿੱਖ ਇਤਿਹਾਸ ਦੀ ਅਮੀਰ ਵਿਰਾਸਤ ਅਤੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਦੀ ਗਾਥਾ ਹੁਣ ਦੱਖਣੀ ਭਾਰਤ ਵਿੱਚ ਵੀ ਗੂੰਜੇਗੀ। ਚੇਨਈ ਵਿਖੇ ਚੱਲ ਰਹੇ 'ਮਾਰਗਜ਼ੀਲ ਮੱਕਲ ਇਸਾਈ ਉਤਸਵ' ਦੌਰਾਨ ਇੱਕ ਇਤਿਹਾਸਕ ਪਹਿਲਕਦਮੀ ਕਰਦਿਆਂ ਪ੍ਰਸਿੱਧ ਫ਼ਿਲਮ ਨਿਰਮਾਤਾ ਪਾ ਰੰਜੀਤ ਵੱਲੋਂ ਗੁਰੂ ਸਾਹਿਬ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪਹਿਲਾ ਤਾਮਿਲ ਗੀਤ 'ਸ੍ਰਿਸ਼ਟੀ-ਕੀ-ਚਾਦਰ - ਗੁਰੂ ਤੇਗ ਬਹਾਦਰ ਜੀ' ਰਿਲੀਜ਼ ਕੀਤਾ ਗਿਆ ਹੈ। ਇਹ ਗੀਤ ਨਾ ਸਿਰਫ਼ ਦੋ ਵੱਖ-ਵੱਖ ਸਭਿਆਚਾਰਾਂ ਨੂੰ ਜੋੜਨ ਦਾ ਕੰਮ ਕਰੇਗਾ, ਸਗੋਂ ਗੁਰੂ ਸਾਹਿਬ ਦੇ ਸਰਬ-ਸਾਂਝੀਵਾਲਤਾ ਦੇ ਸੰਦੇਸ਼ ਨੂੰ ਤਾਮਿਲਨਾਡੂ ਦੇ ਕੋਨੇ-ਕੋਨੇ ਤੱਕ ਪਹੁੰਚਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਵੇਗਾ।




ਚੇਨਈ ਵਿਖੇ ਆਯੋਜਿਤ ਕੀਤੇ ਗਏ ਵੱਕਾਰੀ ਸੰਗੀਤ ਉਤਸਵ ਦੌਰਾਨ ਰਿਲੀਜ਼ ਕੀਤਾ ਗਿਆ ਇਹ ਗੀਤ ਸਿੱਖ ਜਗਤ ਅਤੇ ਦੱਖਣੀ ਭਾਰਤ ਦੇ ਲੋਕਾਂ ਲਈ ਇੱਕ ਭਾਵੁਕ ਪਲ ਸਾਬਤ ਹੋਇਆ ਹੈ। ਬਹੁਜਨ ਦ੍ਰਾਵਿੜ ਪਾਰਟੀ (BDP) ਦੇ ਸੰਸਥਾਪਕ ਜੀਵਨ ਸਿੰਘ ਵੱਲੋਂ ਕਲਮਬੱਧ ਕੀਤੇ ਗਏ ਇਸ ਗੀਤ ਦੇ ਬੋਲਾਂ ਵਿੱਚ ਗੁਰੂ ਤੇਗ ਬਹਾਦਰ ਜੀ ਨੂੰ ਕੇਵਲ ਇੱਕ ਧਰਮ ਦੇ ਨਹੀਂ, ਸਗੋਂ ਸਮੁੱਚੀ ਮਾਨਵਤਾ ਦੇ ਰੱਖਿਅਕ ਵਜੋਂ ਪੇਸ਼ ਕੀਤਾ ਗਿਆ ਹੈ। ਗੀਤ ਵਿੱਚ ਗੁਰੂ ਸਾਹਿਬ ਵੱਲੋਂ ਉਸ ਸਮੇਂ ਦੀ ਧਾਰਮਿਕ ਕੱਟੜਤਾ, ਜ਼ੁਲਮ ਅਤੇ ਜਾਤੀਵਾਦ ਵਿਰੁੱਧ ਦਿੱਤੀ ਗਈ ਮਹਾਨ ਕੁਰਬਾਨੀ ਦਾ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਵਰਣਨ ਕੀਤਾ ਗਿਆ ਹੈ। ਇਹ ਉਪਰਾਲਾ ਦਰਸਾਉਂਦਾ ਹੈ ਕਿ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਦੀ ਪ੍ਰਸੰਗਿਕਤਾ ਅੱਜ ਵੀ ਭੂਗੋਲਿਕ ਹੱਦਾਂ ਤੋਂ ਪਰੇ ਹੈ।

ਇਸ ਗੀਤ ਨੂੰ ਸੰਗੀਤਕ ਰੂਪ ਵਿੱਚ ਪ੍ਰਧੁਵਈ ਸਿੱਥਨ ਜੈਮੂਰਤੀ, ਐਮ. ਫ਼ਰੀਦਾ ਅਤੇ ਪੀ. ਸਮਾਨਾ ਵਰਗੇ ਨਾਮਵਰ ਗਾਇਕਾਂ ਨੇ ਆਪਣੀ ਸੁਰੀਲੀ ਆਵਾਜ਼ ਨਾਲ ਸ਼ਿੰਗਾਰਿਆ ਹੈ। ਗਾਇਕਾਂ ਨੇ ਤਾਮਿਲ ਭਾਸ਼ਾ ਦੀ ਮਿਠਾਸ ਰਾਹੀਂ ਗੁਰੂ ਸਾਹਿਬ ਦੇ ਜੀਵਨ ਫ਼ਲਸਫ਼ੇ ਨੂੰ ਇੰਨੇ ਵਧੀਆ ਢੰਗ ਨਾਲ ਪੇਸ਼ ਕੀਤਾ ਹੈ ਕਿ ਸੁਣਨ ਵਾਲਾ ਮੰਤਰ-ਮੁਗਧ ਹੋ ਜਾਂਦਾ ਹੈ। ਸਮਾਗਮ ਦੌਰਾਨ ਫ਼ਿਲਮ ਨਿਰਮਾਤਾ ਪਾ ਰੰਜੀਤ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਸਾਨੂੰ ਨਿਰਭੈਤਾ ਅਤੇ ਦੂਜਿਆਂ ਦੇ ਹੱਕਾਂ ਲਈ ਲੜਨ ਦੀ ਪ੍ਰੇਰਨਾ ਦਿੰਦਾ ਹੈ ਅਤੇ ਇਸ ਨੂੰ ਤਾਮਿਲ ਭਾਸ਼ਾ ਵਿੱਚ ਪੇਸ਼ ਕਰਨਾ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ। ਇਸ ਪਹਿਲਕਦਮੀ ਦੀ ਚਾਰੇ ਪਾਸੇ ਸ਼ਲਾਘਾ ਹੋ ਰਹੀ ਹੈ ਅਤੇ ਇਸ ਨੂੰ ਸੱਭਿਆਚਾਰਕ ਸਾਂਝ ਮਜ਼ਬੂਤ ਕਰਨ ਵਾਲਾ ਇੱਕ ਵੱਡਾ ਕਦਮ ਮੰਨਿਆ ਜਾ ਰਿਹਾ ਹੈ।

# SABZI MANDI SUPERMARKET

Serving our Community since 2003

# Happy New Year!

HOT PRICE — INDIAN KARELA ਦੇਸੀ ਕਰੇਲੇ 1.49 /lb

HOT PRICE — GREEN PEPPERS ਹਰੀਆਂ ਸ਼ਿਮਲਾ ਮਿਰਚਾਂ 99¢ /lb

HOT PRICE — JUMBO CAULIFLOWER ਗੋਭੀ 2.49 ea

HOT PRICE — FRESH OPO ਲੌਕੀ 99¢ /lb

ROSHNI BASMATI RICE ਰੋਸ਼ਨੀ ਬਾਸਮਤੀ ਚਾਵਲ 8lb 7.99 ea

## UNBEATABLE DEALS

SHER DESI STYLE ATTA ਸ਼ੇਰ ਦੇਸੀ ਸਟਾਈਲ ਆਟਾ 20lb 14.99 ea

HOT PRICE — PEELED GARLIC ਲਸਣ 5lb Jar 8.99 ea

PUNJABI BY NATURE SESAME OIL ਪੰਜਾਬੀ ਬਾਈ ਨੇਚਰ ਤਿਲਾਂ ਦਾ ਤੇਲ 1L 8.99 ea

HOT PRICE — FRESH TOMATOES ਟਮਾਟਰ 1.49 /lb

HULLY GULLY PUFFS ਹੱਲੀ ਗੱਲੀ ਪੱਫਜ਼ Asst., 120g 2 for 4.99

TATA AGNI TEA ਟਾਟਾ ਅਗਨੀ ਚਾਹ 1kg 9.99 ea

AMBAY CORN FLOUR ਅੰਬੇ ਮੱਕੀ ਦਾ ਆਟਾ 4lb 4.99 ea

PUNJABI BY NATURE SARSON KA SAAG ਪੰਜਾਬੀ ਬਾਈ ਨੇਚਰ ਸਰੋਂ ਦਾ ਸਾਗ 850g 3.99 ea

BC POTATOES ਬੀ. ਸੀ. ਆਲੂ 10lb 2.49 ea

(NEW CROP) ROASTED IN-SHELL PEANUTS ਭੁੰਨੀ ਹੋਈ ਮੂੰਗਫਲੀ 1.99 /lb

PUNJABI BY NATURE GACHAK ਪੰਜਾਬੀ ਬਾਈ ਨੇਚਰ ਗੱਚਕ 400g 3.49 ea

HANS GLUTEN FREE ATTA ਹਾਂਸ ਗਲੂਟਨ ਫਰੀ ਆਟਾ 10lb 19.99 ea

NEW KRUNCH COOKIES ਨੀਊ ਕਰੰਚ ਕੁਕੀਆਂ 2.2lb, Punjabi Biscuits Only 4.99 ea

GREEN BC CABBAGE ਪੱਤ ਗੋਭੀ 69¢ /lb

PUNJABI BY NATURE MILK RUSK ਪੰਜਾਬੀ ਬਾਈ ਨੇਚਰ ਮਿਲਕ ਰੱਸਕ 600g 4.99 ea

ROSHNI GUR / MASALA GUR ਰੋਸ਼ਨੀ ਮਸਾਲਾ ਗੁੜ ਅਤੇ ਪਲੇਨ ਗੁੜ 1kg 3.99 ea

FRESH ZUCCHINI ਤੋਰੀ 79¢ /lb

JUMBO CARROTS ਵੱਡੀਆਂ ਗਾਜਰਾਂ 59¢ /lb

JUMBO POMEGRANATES ਅਨਾਰ 2.49 ea

PROUDLY CANADIAN • PROUDLY PUNJABI!

Western Union

Western Union Money Transfers and Calling Cards available at all locations. 24 hour rate info line: 604-634-2400

ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ ਭਾਰਤੀ ਗਰੋਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ

SALES DATES: Fri. January 02, 2026 - Wed. January 07, 2026

MasterCard VISA AMERICAN EXPRESS Interac

American Express accepted at three locations.

Prices in effect while quantities last and are subject to change without notice. We reserve the right to limit quantities. Photos are for illustrative purposes only and may not depict actual sale item.

SABZI MANDI SUPERMARKET

STORES OPEN 7 DAYS A WEEK

Visit one of our great locations so we can serve you today!

| | | | |
|---|---|---|---|
| NEWTON STORE: #106 - 12568 72nd Ave., Surrey | 604-590-2400 | BURNABY: 7565 6th Street, Burnaby | 604-553-6603 |
| NEWTON 80th AVENUE: 13208 80th Ave., Surrey | 778-565-7880 | RICHMOND: 9371 No 5 Rd, Richmond | 604-285-2400 |
| NEWTON EXCHANGE: 101-13753 72 Ave., Surrey | 604-581-2400 | NEWTON 64 AVE: 140- 6350 120 st, Surrey | 778-565-1266 |
| NEWTON EAST: 15299 68th Ave., Surrey | 604-598-8006 | LANGLEY: #50 – 20150 Langley Bypass, Langley | 604-427-3912 |
| ABBOTSFORD: 31831 S. Fraser Way, Abbotsford | 604-864-9193 | ABBOTSFORD: 2777 Gladwin Road, Abbotsford | 604-744-2077 |

Prices in effect at the above listed store locations only.

You can also visit us online at www.sabzimandicanada.com